@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 24 June 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 24 ਜੂਨ 2025, 10 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 224, qpatrika@gmail.com ਫੋਨ : 9971359517 www.qaumipatrika.org

## ਮਾਨਸੂਨ ਦੇ ਮੌਸਮ 'ਚ ਵੀ ਜਾਰੀ ਰਹੇਗੀ ਨਕਸਲ ਵਿਰੋਧੀ ਮੁਹਿੰਮ : ਅਮਿਤ ਸ਼ਾਹ

ਕੌਮੀ ਪਤ੍ਰਿਕਾ

ਸਿੰਮੀ ਕੌਰ ਬੱਬਰ

ਰਾਏਪੁਰ, 23 ਜੂਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਦੁਹਰਾਇਆ ਕਿ ਦੇਸ਼ ਨੂੰ ਮਾਰਚ 2026 ਤੱਕ ਨਕਸਲਵਾਦ ਤੋਂ ਮੁਕਤੀ ਮਿਲ ਜਾਵੇਗੀ ਅਤੇ ਇਸ ਖਤਰੇ ਨੂੰ ਖਤਮ ਕਰਨ ਦੇ ਟੀਚੇ ਨੂੰ ਹਾਸਲ ਕਰਨ ਲਈ ਮਾਨਸੂਨ ਦੇ ਮੌਸਮ 'ਚ ਵੀ ਨਕਸਲ ਵਿਰੋਧੀ ਮੁਹਿੰਮ ਜਾਰੀ ਰੱਖੀ ਜਾਵੇਗੀ। ਸ਼ਾਹ ਨੇ ਨਕਸਲੀਆਂ ਨੂੰ ਹਿੰਸਾ ਛੱਡਣ ਅਤੇ ਮੁੱਖਧਾਰਾ 'ਚ ਸ਼ਾਮਲ ਹੋਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਗੱਲਬਾਤ ਦੀ ਕੋਈ ਲੋੜ ਨਹੀਂ ਹੈ, ਬਸ ਹਥਿਆਰ ਛੱਡ ਦਿਓ, ਵਿਕਾਸ ਦੀ ਯਾਤਰਾ 'ਚ ਸ਼ਾਮਲ ਹੋਣ ਅਤੇ ਆਕਰਸ਼ਕ ਆਤਮਸਮਰਪਣ ਨੀਤੀ ਦਾ ਫਾਇਦਾ ਉਠਾਓ। ਗ੍ਰਹਿ ਮੰਤਰੀ ਛੱਤੀਸਗੜ੍ਹ ਦੇ ਨਵਾ ਰਾਏਪੁਰ ਅਟਲ ਨਗਰ 'ਚ ਨੈਸ਼ਨਲ ਫੋਰੈਂਸਿਕ ਸਾਇੰਸਜ਼ ਯੂਨੀਵਰਸਿਟੀ (ਐੱਨ. ਐੱਫ. ਐੱਸ. ਯੂ.) ਕੰਪਲੈਕਸ ਅਤੇ ਕੇਂਦਰੀ ਫੋਰੈਂਸਿਕ ਪ੍ਰਯੋਗਸ਼ਾਲਾ ਦਾ ਨੀਂਹ-ਪੱਥਰ ਤੋਂ ਬਾਅਦ ਇਕ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਸ਼ਾਹ ਨੇ ਕਿਹਾ ਕਿ ਪਿਛਲੇ ਡੇਢ ਸਾਲ 'ਚ ਮੁੱਖ ਮੰਤਰੀ ਵਿਸ਼ਣੂ ਦੇਵ ਦੀ ਅਗਵਾਈ 'ਚ ਛੱਤੀਸਗੜ੍ਹ ਨੇ ਤੇਜ਼ੀ ਨਾਲ ਤਰੱਕੀ ਕੀਤੀ ਹੈ ਪਰ ਉਨ੍ਹਾਂ ਦੀ ਸਰਕਾਰ ਅਤੇ ਛੱਤੀਸਗੜ੍ਹ ਦੇ ਗ੍ਰਹਿ ਮੰਤਰੀ ਵਿਜੇ ਸ਼ਰਮਾ ਦੀ ਪ੍ਰਾਪਤੀ ਇਹ ਹੈ ਕਿ ਉਨ੍ਹਾਂ ਨੇ ਰੁਕੀ ਹੋਈ ਨਕਸਲ ਵਿਰੋਧੀ ਮੁਹਿੰਮ ਨੂੰ ਤੇਜ਼ ਰਫ਼ਤਾਰ ਨਾਲ ਸ਼ੁਰੂ ਕੀਤਾ ਹੈ ਅਤੇ ਛੱਤੀਸਗੜ੍ਹ ਨੂੰ ਨਕਸਲ ਮੁਕਤ ਬਣਾਉਣ ਦੀ ਦਿਸ਼ਾ 'ਚ ਅੱਗੇ ਵਧੇ ਹਨ। ਸ਼ਾਹ ਨੇ ਸੁਰੱਖਿਆ ਫੋਰਸਾਂ ਦਾ ਮਨੋਬਲ ਵਧਾਉਣ ਅਤੇ ਨਕਸਲ ਵਿਰੋਧੀ ਮੁਹਿੰਮ ਤੇਜ਼ ਕਰਨ ਲਈ ਵਿਸ਼ਣੂ ਦੇਵ ਅਤੇ ਵਿਜੇ ਸ਼ਰਮਾ ਦਾ ਧੰਨਵਾਦ ਕੀਤਾ। ਸ਼ਾਹ ਨੇ ਕਿਹਾ, "ਮੈਂ ਪਹਿਲਾਂ ਵੀ ਨਵਾ ਰਾਏਪੁਰ ਦੇ ਅਟਲ ਨਗਰ 'ਚ ਕਿਹਾ ਸੀ ਕਿ ਇਹ ਦੇਸ਼ 31 ਮਾਰਚ 2026 ਤੱਕ ਨਕਸਲਵਾਦ ਤੋਂ ਮੁਕਤ ਹੋ ਜਾਵੇਗਾ। ਮੈਂ ਇਸ ਨੂੰ ਫਿਰ ਤੋਂ ਭਰੋਸੇ ਨਾਲ ਦੋਹਰਾਉਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸੁਰੱਖਿਆ ਫੋਰਸਾਂ ਨੇ ਬਹਾਦਰੀ ਵਿਖਾਈ ਹੈ, ਜਿਸ ਤਰ੍ਹਾਂ ਅਸੀਂ ਸਟੀਕ ਰਣਨੀਤੀ ਬਣਾਈ ਹੈ, ਅਸੀਂ ਆਪਣਾ ਟੀਚਾ ਹਾਸਲ ਕਰਾਂਗੇ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ, "ਹਰ ਵਾਰ ਮੀਂਹ ਦੇ ਮੌਸਮ 'ਚ ਨਕਸਲੀ ਥੋੜ੍ਹਾ ਆਰਾਮ ਕਰਦੇ ਸਨ (ਕਿਉਂਕਿ ਸੰਘਣੇ ਜੰਗਲ ਦੇ ਅੰਦਰ ਚੜ੍ਹੀਆਂ ਨਦੀਆਂ ਅਤੇ ਨਾਲੇ ਨਕਸਲ ਵਿਰੋਧੀ ਮੁਹਿੰਮਾਂ 'ਚ ਰੁਕਾਵਟਾਂ ਪਾਉਂਦੇ ਹਨ) ਪਰ ਇਸ ਵਾਰ, ਅਸੀਂ ਉਨ੍ਹਾਂ ਨੂੰ ਮਾਨਸੂਨ ਦੌਰਾਨ ਸੌਣ ਨਹੀਂ ਦੇਵਾਂਗੇ ਅਤੇ ਅਸੀਂ 31 ਮਾਰਚ ਦੇ ਟੀਚੇ ਨੂੰ ਹਾਸਲ ਕਰਨ ਲਈ ਹੋਰ ਅੱਗੇ ਵਧਾਂਗੇ।" ਉਨ੍ਹਾਂ ਕਿਹਾ ਕਿ ਉਹ ਨਕਸਲਵਾਦ ਦੇ ਰਾਹ 'ਤੇ ਚਲੇ ਗਏ ਭਟਕੇ ਨੌਜਵਾਨਾਂ ਨੂੰ ਹਥਿਆਰ ਛੱਡਣ ਦੀ ਅਪੀਲ ਕਰਨਾ ਚਾਹੁੰਦੇ ਹਨ। ਸ਼ਾਹ ਨੇ ਕਿਹਾ, "ਵਿਸ਼ਣੂ ਦੇਵ ਜੀ ਨੇ ਬਹੁਤ ਹੀ ਆਕਰਸ਼ਕ ਆਤਮਸਮਰਪਣ ਨੀਤੀ ਬਣਾਈ ਹੈ, ਹਥਿਆਰ ਸੁੱਟ ਦਿਓ ਅਤੇ ਨਵੇਂ ਛੱਤੀਸਗੜ੍ਹ ਦੀ ਵਿਕਾਸ ਯਾਤਰਾ 'ਚ ਸ਼ਾਮਲ ਹੋ ਜਾਓ। ਆਤਮਸਮਰਪਣ ਕਰਨ ਦਾ ਇਸ ਤੋਂ ਬਿਹਤਰ ਮੌਕਾ ਤੁਹਾਨੂੰ ਕਦੇ ਨਹੀਂ ਮਿਲੇਗਾ।"ਗ੍ਰਹਿ ਮੰਤਰੀ ਨੇ ਕਿਹਾ ਕਿ ਕਿਸੇ ਗੱਲਬਾਤ ਦੀ ਲੋੜ ਨਹੀਂ ਹੈ, ਸਰਕਾਰ 'ਤੇ ਭਰੋਸਾ ਕਰੋ, ਹਥਿਆਰ ਸੁੱਟ ਦਿਓ ਅਤੇ ਮੁੱਖਧਾਰਾ 'ਚ ਸ਼ਾਮਲ ਹੋ ਜਾਓ ਅਤੇ ਤੁਸੀਂ ਆਪਣੇ ਆਪ ਛੱਤੀਸਗੜ੍ਹ ਦੀ ਵਿਕਾਸ ਯਾਤਰਾ 'ਚ ਸ਼ਾਮਲ ਹੋ ਜਾਓਗੇ। ਉਨ੍ਹਾਂ ਕਿਹਾ, "ਜਿਨ੍ਹਾਂ ਲੋਕਾਂ ਨੇ ਹਥਿਆਰ ਸੁੱਟੇ ਹਨ, ਉਨ੍ਹਾਂ ਦਾ ਵੀ ਮੈਂ ਸਮਾਜਿਕ ਜੀਵਨ 'ਚ ਵਾਪਸ ਆਉਣ 'ਤੇ ਸਵਾਗਤ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਛੱਤੀਸਗੜ੍ਹ ਦੀ ਸਰਕਾਰ ਅਤੇ ਕੇਂਦਰ ਦੀ ਸਰਕਾਰ ਨੇ ਜੋ ਵਾਅਦਾ ਤੁਹਾਡੇ ਨਾਲ ਕੀਤਾ ਹੈ ਉਸ ਵਾਅਦੇ ਨੂੰ ਅਸੀਂ ਪੂਰਾ ਕਰਾਂਗੇ ਅਤੇ ਉਸ ਤੋਂ ਵੱਧ ਵੀ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਾਂਗੇ।"



## 'ਕਨਿਸ਼ਕ' ਪਲੇਨ ਕ੍ਰੈਸ਼ ਦੀ 40ਵੀਂ ਵਰ੍ਹੇਗੰਢ ਮੌਕੇ ਆਇਰਲੈਂਡ ਪੁੱਜੇ ਹਰਦੀਪ ਪੁਰੀ

ਇੰਟਰਨੈਸਨਲ ਡੈਸਕ 23 ਜੂਨ। ਅੱਜ ਤੋਂ 40 ਸਾਲ ਪਹਿਲਾਂ ਕੈਨੇਡਾ ਦਾ ਮੌਂਟਰਿਆਲ ਤੋਂ ਲੰਡਨ-ਦਿੱਲੀ-ਮੁੰਬਈ ਲਈ ਰਵਾਨਾ ਹੋਈ ਏਅਰ ਇੰਡੀਆ ਦੀ ਫਲਾਈਟ 182 'ਕਨਿਸ਼ਕਾ' ਇਕ ਬੰਬ ਧਮਾਕੇ ਮਗਰੋਂ ਆਇਰਲੈਂਡ ਨੇੜੇ ਕ੍ਰੈਸ਼ ਹੋ ਗਈ ਸੀ, ਜਿਸ ਕਾਰਨ ਜਹਾਜ਼ ਸਵਾਰ ਸਾਰੇ 329 ਲੋਕਾਂ ਦੀ ਮੌਤ ਹੋ ਗਈ ਸੀ। ਇਹ ਏਅਰ ਇੰਡੀਆ ਦੇ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਹਾਦਸਾ ਹੈ। ਇਸ ਹਾਦਸੇ ਦੀ 40ਵੀਂ ਵਰ੍ਹੇਗੰਢ ਮੌਕੇ ਭਾਰਤ ਦੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਭਾਰਤੀ ਡੈਲੀਗੇਸ਼ਨ ਸਣੇ ਅੱਜ ਆਇਰਲੈਂਡ ਦੇ ਕੌਰਕ ਸ਼ਹਿਰ ਪਹੁੰਚ ਚੁੱਕੇ ਹਨ। ਉਨ੍ਹਾਂ ਦੇ ਨਾਲ ਭਾਰਤ ਦੇ 7 ਹੋਰ ਸੰਸਦ ਮੈਂਬਰ ਤੇ ਵਿਧਾਇਕ ਵੀ ਕੌਰਕ ਪਹੁੰਚੇ ਹਨ, ਜਿੱਥੇ ਉਹ ਕਨਿਸ਼ਕਾ ਜਹਾਜ਼ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣਗੇ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਮੰਤਰੀ ਹਰਦੀਪ ਸਿੰਘ ਪੁਰੀ ਨੇ ਦੱਸਿਆ, "ਏਅਰ ਇੰਡੀਆ ਦੀ ਫਲਾਈਟ ਕਨਿਸ਼ਕ 'ਤੇ ਹੋਏ ਬੰਬ ਧਮਾਕੇ ਦੀ 40ਵੀਂ ਵਰ੍ਹੇਗੰਢ ਮਨਾਉਣ ਲਈ ਆਇਰਲੈਂਡ ਦੇ ਕੌਰਕ ਸ਼ਹਿਰ ਪਹੁੰਚਿਆ ਹਾਂ। ਇਸ ਹਾਦਸੇ 'ਚ 329 ਬੇਕਸੂਰ ਲੋਕਾਂ ਦੀ ਜਾਨ ਚਲੀ ਗਈ ਸੀ।" ਉਨ੍ਹਾਂ ਅੱਗੇ ਕਿਹਾ, "ਅੱਜ ਇਸ ਹਾਦਸੇ ਦੀ 40ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ, ਜਿਸ 'ਚ ਹਾਦਸੇ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਮੈਂ ਭਾਰਤ ਤੋਂ ਆਪਣੇ ਸਾਥੀਆਂ ਸਣੇ ਇੱਥੇ ਪਹੁੰਚਿਆ ਹਾਂ। ਇਸ ਦੌਰਾਨ ਆਇਰਲੈਂਡ ਦੇ ਪ੍ਰਧਾਨ ਮੰਤਰੀ ਮਾਇਕਲ ਮਾਰਟਿਨ ਤੇ ਕੈਨੇਡਾ ਦੇ ਲੋਕ ਸੇਵਾਵਾਂ ਮਾਮਲਿਆਂ ਦੇ ਮੰਤਰੀ ਵੀ ਸਮਾਗਮ 'ਚ ਸ਼ਾਮਲ ਹੋਣਗੇ।" ਇਸ ਸਮਾਗਮ 'ਚ ਮੰਤਰੀ ਹਰਦੀਪ ਪੁਰੀ ਤੋਂ ਇਲਾਵਾ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਕੌਮੀ ਸਕੱਤਰ ਨਰਿੰਦਰ ਰੈਨਾ, ਉੱਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਬਲਦੇਵ ਔਲਖ, ਦਿੱਲੀ ਤੋਂ ਵਿਧਾਇਕ ਅਰਵਿੰਦਰ ਲਵਲੀ ਤੇ ਰਾਜਸਥਾਨ ਤੋਂ ਵਿਧਾਇਕ ਗੁਰਵੀਰ ਬਰਾੜ ਵੀ ਸ਼ਾਮਲ ਹੋਣਗੇ ਤੇ ਮ੍ਰਿਤਕਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਜ਼ਿਕਰਯੋਗ ਹੈ ਕਿ ਮੌਂਟਰਿਆਲ ਤੋਂ ਮੁੰਬਈ ਆ ਰਿਹਾ ਇਹ ਜਹਾਜ਼ ਆਇਰਲੈਂਡ ਨੇੜੇ ਬੰਬ ਧਮਾਕੇ ਕਾਰਨ ਹਾਦਸਾਗ੍ਰਸਤ ਹੋ ਗਿਆ ਸੀ, ਜਿਸ ਕਾਰਨ ਜਹਾਜ਼ 'ਚ ਸਾਵਰ 329 ਲੋਕਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਮ੍ਰਿਤਕਾਂ 'ਚ 268 ਕੈਨੇਡੀਅਨ, 27 ਬ੍ਰਿਟਿਸ਼ ਤੇ 22 ਭਾਰਤੀ ਲੋਕ ਮੌਜੂਦ ਸਨ।



## ਅੱਤਵਾਦ ਦੇ ਇਕ ਦੋਸ਼ੀ ਦੀ ਅਚੱਲ ਜਾਇਦਾਦ ਕੀਤੀ ਗਈ ਕੁਰਕ

ਜੰਮੂ 23 ਜੂਨ। ਜੰਮੂ ਕਸ਼ਮੀਰ ਪੁਲਸ ਨੇ ਸੋਮਵਾਰ ਨੂੰ ਊਧਮਪੁਰ ਜ਼ਿਲ੍ਹੇ 'ਚ ਅੱਤਵਾਦ ਦੇ ਦੋਸ਼ੀ ਇਕ ਵਿਅਕਤੀ ਦੀ ਅਚੱਲ ਜਾਇਦਾਦ ਕੁਰਕ ਕੀਤੀ, ਜੋ ਮੌਜੂਦਾ ਸਮੇਂ ਨਿਆਂਇਕ ਹਿਰਾਸਤ 'ਚ ਹੈ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਬਸੰਤਗੜ੍ਹ ਦੇ ਕਦਵਾਹ ਪਿੰਡ 'ਚ ਦੋਸ਼ੀ ਮੁਹੰਮਦ ਸ਼ਫੀਕ ਦੀ 1.3 ਮਰਲਾ ਜ਼ਮੀਨ (353.925 ਵਰਗਫੁਟ ਜ਼ਮੀਨ) ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ (ਯੂਏਪੀਏ) ਦੇ ਅਧੀਨ ਕੁਰਕ ਕੀਤੀ ਗਈ ਹੈ। ਸੁਦੂਰ ਬਸੰਤਗੜ੍ਹ ਜੰਗਲਾਤ ਖੇਤਰ 'ਚ ਪਿਛਲੇ ਕੁਝ ਸਾਲਾਂ 'ਚ ਅੱਤਵਾਦੀਆਂ ਅਤੇ ਸੁਰੱਖਿਆ ਫ਼ੋਰਸਾਂ ਵਿਚਾਲੇ ਕਈ ਮੁਕਾਬਲੇ ਹੋਏ ਹਨ। ਅਧਿਕਾਰੀ ਅਨੁਸਾਰ, ਜਾਂਚ 'ਚ ਇਹ ਪਾਇਆ ਗਿਆ ਕਿ ਇਹ ਜਾਇਦਾਦ (ਜ਼ਮੀਨ) ਅੱਤਵਾਦ ਸੰਬੰਧੀ ਗਤੀਵਿਧੀਆਂ ਨਾਲ ਜੁੜੀ ਹੈ, ਜਿਸ ਤੋਂ ਬਾਅਦ ਯੂਏਪੀਏ ਦੀ ਧਾਰਾ 25 ਦੇ ਅਧੀਨ ਉਸ ਦੀ ਕੁਰਕੀ ਕੀਤੀ ਗਈ ਹੈ। ਸ਼ਫੀਕ ਨੂੰ ਪਿਛਲੇ ਸਾਲ ਅੱਤਵਾਦੀਆਂ ਨਾਲ ਸੰਬੰਧ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਖ਼?ਲਾਫ਼ ਬਸੰਤਗੜ੍ਹ ਥਾਣੇ 'ਚ ਯੂਏਪੀਏ ਦੀਆਂ ਵੱਖ-ਵੱਖ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ। ਅਧਿਕਾਰੀ ਨੇ ਕਿਹਾ ਕਿ ਲੱਖਾਂ ਰੁਪਏ ਮੁੱਲ ਦੀ ਇਸ ਜ਼ਮੀਨ ਨੂੰ ਅਧਿਕਾਰਤ ਤੌਰ 'ਤੇ ਕੁਰਕ ਕਰ ਲਿਆ ਗਿਆ ਹੈ, ਜਿਸ ਤੋਂ ਬਾਅਦ ਹੁਣ ਇਸ ਨੂੰ ਵੇਚਣ ਜਾਂ ਕਿਸੇ ਤੀਜੇ ਪੱਖ ਦੇ ਨਾਲ ਲੈਣ-ਦੇਣ ਕਰਨ 'ਤੇ ਕਾਨੂੰਨੀ ਰੂਪ 'ਤੇ ਪਾਬੰਦੀ ਲੱਗ ਗਿਆ ਹੈ।

## ਮੁੱਖ ਮੰਤਰੀ ਨੇ ਹਰਿਆਣਾ ਯੂਨੀਵਰਸਿਟੀਆਂ ਦੇ ਨਵੇਂ ਨਿਯੁਕਤ ਵਾਈਸ ਚਾਂਸਲਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ

ਕੌਮੀ ਪਤ੍ਰਿਕਾ

ਚੰਡੀਗੜ੍ਹ, 23 ਜੂਨ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਰਾਜ ਦੀਆਂ ਯੂਨੀਵਰਸਿਟੀਆਂ ਦੇ ਨਵ ਨਿਯੁਕਤ ਵਾਈਸ ਚਾਂਸਲਰਾਂ ਨੂੰ ਨੌਜਵਾਨਾਂ ਦੀ ਰੁਜ਼ਗਾਰਯੋਗਤਾ ਵਧਾਉਣ ਦੇ ਉਦੇਸ਼ ਨਾਲ ਹੁਨਰ ਵਿਕਾਸ ਪ੍ਰੋਗਰਾਮਾਂ 'ਤੇ ਵਿਸ਼ੇਸ਼ ਜ਼ੋਰ ਦੇਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਯੂਨੀਵਰਸਿਟੀਆਂ ਨੂੰ ਸਿੱਖਿਆ ਅਤੇ ਰੁਜ਼ਗਾਰ ਵਿਚਕਾਰ ਪਾੜੇ ਨੂੰ ਘਟਾਉਣ ਲਈ ਉਦਯੋਗਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਹਰੇਕ ਯੂਨੀਵਰਸਿਟੀ ਨੂੰ ਉਦਯੋਗਿਕ ਭਾਈਵਾਲਾਂ ਦੇ ਸਹਿਯੋਗ ਨਾਲ ਆਪਣੇ ਪ੍ਰੋਗਰਾਮਾਂ ਦਾ ਘੱਟੋ-ਘੱਟ 10 ਪ੍ਰਤੀਸ਼ਤ ਚਲਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੇਗੀ। ਨਾਲ ਹੀ, ਵੱਖ-ਵੱਖ ਉਦਯੋਗਾਂ ਦੀਆਂ ਉੱਭਰ ਰਹੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾਵੇਗਾ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅੱਜ ਇੱਥੇ ਆਪਣੇ ਨਿਵਾਸ ਸਥਾਨ ਸੰਤ ਕਬੀਰ ਕੁਟੀਰ ਵਿਖੇ ਰਾਜ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਨਵ-ਨਿਯੁਕਤ ਵਾਈਸ ਚਾਂਸਲਰਾਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।



ਯੂਨੀਵਰਸਿਟੀਆਂ ਨੂੰ ਰਾਜ ਸਰਕਾਰ ਵੱਲੋਂ ਪੂਰੀ ਅਗਵਾਈ, ਸਰੋਤ ਅਤੇ ਸਹਾਇਤਾ ਦਾ ਭਰੋਸਾ ਦਿੰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਨੂੰ ਇੱਕ ਅਜਿਹੇ ਰਾਜ ਵਿੱਚ ਬਦਲਣਾ ਪਵੇਗਾ ਜੋ ਨਾ ਸਿਰਫ਼ ਡਿਗਰੀਆਂ ਪ੍ਰਦਾਨ ਕਰਦਾ ਹੈ ਬਲਕਿ ਆਪਣੇ ਨੌਜਵਾਨਾਂ ਨੂੰ ਸਾਰਥਕ ਦਿਸ਼ਾ ਅਤੇ ਉਦੇਸ਼ ਵੀ ਪ੍ਰਦਾਨ ਕਰਦਾ ਹੈ। ਮਾਡਲ ਸਕਿੱਲ ਕਾਲਜ ਅਤੇ ਮਾਡਲ ਸਕਿੱਲ ਸਕੂਲ ਮੁਕਾਬਲੇ ਵਾਲੀ ਨੌਕਰੀ-ਬਾਜ਼ਾਰ ਵਿੱਚ ਸਫਲਤਾ ਲਈ ਵਿਸ਼ੇਸ਼ ਵਿਵਹਾਰਕ ਸਿੱਖਿਆ ਪ੍ਰਦਾਨ ਕਰਨਗੇ ਮੁੱਖ ਮੰਤਰੀ ਨੇ ਹਰਿਆਣਾ ਦੇ ਹਰੇਕ ਜ਼ਿਲ੍ਹੇ ਵਿੱਚ ਇੱਕ ਮਾਡਲ ਸਕਿੱਲ ਕਾਲਜ ਅਤੇ ਇੱਕ ਮਾਡਲ ਸਕਿੱਲ ਸਕੂਲ ਸਥਾਪਤ ਕਰਨ ਦੇ ਰਾਜ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਰੇਖਾਂਕਿਤ ਕੀਤਾ। ਇਹ ਸੰਸਥਾਵਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਹੁਨਰ ਸਿੱਖਿਆ ਪ੍ਰਦਾਨ ਕਰਨ, ਪ੍ਰਤੀਯੋਗੀ ਨੌਕਰੀ-ਬਾਜ਼ਾਰ ਵਿੱਚ ਸਫਲ ਹੋਣ ਲਈ ਵਿਵਹਾਰਕ ਮੁਹਾਰਤ ਨਾਲ ਲੈਸ ਕਰਨ 'ਤੇ ਧਿਆਨ ਕੇਂਦਰਿਤ ਕਰਨਗੀਆਂ। ਉਨ੍ਹਾਂ ਨੇ ਇੱਕ ਹੁਨਰਮੰਦ ਕਾਰਜਬਲ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਜੋ ਆਧੁਨਿਕ ਉਦਯੋਗਾਂ ਦੀਆਂ ਮੰਗਾਂ ਦੇ ਅਨੁਸਾਰ ਹੋਵੇ ਅਤੇ ਹਰਿਆਣਾ ਦੇ ਸਮੁੱਚੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਵੇ। ਰਾਜ ਦੇ ਵਾਈਸ ਚਾਂਸਲਰਾਂ ਨੂੰ ਹਰਿਆਣਾ ਨੂੰ ਵਿਸ਼ਵ ਪੱਧਰ 'ਤੇ ਉੱਚਾ ਚੁੱਕਣ ਲਈ ਸੰਸਥਾਗਤ ਦਰਜਾਬੰਦੀ ਵਧਾਉਣ ਦਾ ਸੱਦਾ ਦਿੰਦੇ ਹੋਏ, ਸ਼੍ਰੀ ਨਾਇਬ ਸਿੰਘ ਸੈਣੀ ਨੇ ਉਨ੍ਹਾਂ ਨੂੰ ਖੋਜ ਉਤਪਾਦਨ, ਰੁਜ਼ਗਾਰ ਦੇ ਮੌਕੇ, ਸੰਸਥਾਗਤ ਦਰਜਾਬੰਦੀ ਅਤੇ ਸਿੱਖਿਆ ਦੀ ਸਮੁੱਚੀ ਗੁਣਵੱਤਾ ਵਿੱਚ ਸੁਧਾਰ ਲਈ ਯਤਨ ਤੇਜ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ 2047 ਤੱਕ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਵਿਕਸਤ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨ ਅਤੇ ਨਿਰਪੱਖ, ਗੈਰ-ਭੇਦਭਾਵਪੂਰਨ ਪਹੁੰਚ ਅਪਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

Contd.................page-3

## ਪੰਜਾਬ ਸਰਕਾਰ ਨੇ ਜਾਰੀ ਕੀਤੀ ਕਰੋੜਾਂ ਦੀ ਰਾਸ਼ੀ

ਫ਼ਤਹਿਗੜ੍ਹ ਸਾਹਿਬ 23 ਜੂਨ। ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ, ਪੱਛੜੀਆਂ ਸ਼?ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਮੌਕੇ ਦਿੱਤੀ ਜਾਣ ਵਾਲੀ ਆਸ਼ੀਰਵਾਦ ਸਕੀਮ ਅਧੀਨ 51,000 ਰੁਪਏ ਦੀ ਵਿੱਤੀ ਸਹਾਇਤਾ ਸਕੀਮ ਜ਼ਿਲੇ ਦੇ ਲਾਭਪਾਤਰੀਆਂ ਲਈ ਕਾਫੀ ਲਾਭਦਾਇਕ ਸਿੱਧ ਹੋ ਰਹੀ ਹੈ ਅਤੇ ਹੁਣ ਤੱਕ ਆਸ਼ੀਰਵਾਦ ਸਕੀਮ ਤਹਿਤ ਫ਼ਤਹਿਗੜ੍ਹ ਸਾਹਿਬ ਜ਼ਿਲੇ ਦੇ 2968 ਲਾਭਪਾਤਰੀਆਂ ਨੂੰ 15 ਕਰੋੜ 13 ਲੱਖ 68 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਸਕੀਮ ਅਧੀਨ ਅਨੁਸੂਚਿਤ ਜਾਤੀ ਨਾਲ ਸਬੰਧਤ 1989 ਲਾਭਪਾਤਰੀਆਂ ਨੂੰ 10 ਕਰੋੜ 14 ਲੱਖ 39 ਹਜ਼ਾਰ ਅਤੇ ਪੱਛੜੀਆਂ ਸ਼?ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨਾਲ ਸਬੰਧਤ 979 ਲਾਭਪਾਤਰੀਆਂ ਨੂੰ 4 ਕਰੋੜ 99 ਲੱਖ 29 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਡੀ.ਸੀ. ਨੇ ਦੱਸਿਆ ਕਿ ਆਸ਼ੀਰਵਾਦ ਸਕੀਮ ਅਧੀਨ ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ, ਪੱਛੜੀਆਂ ਸ਼?ਰੇਣੀਆਂ ਤੇ ਆਰਥਿਕ ਤੌਰ "ਤੇ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਤੇ ਤਲਾਕਸ਼ੁਦਾ ਔਰਤਾਂ ਨੂੰ, ਉਨ੍ਹਾਂ ਦੇ ਮੁੜ ਵਿਆਹ ਸਮੇਂ 51,000/- ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

## ਆਪ ਦੀ ਜਿੱਤ 'ਤੇ ਕੇਜਰੀਵਾਲ ਨੇ ਲੋਕਾਂ ਦਾ ਕੀਤਾ ਧੰਨਵਾਦ

ਕੌਮੀ ਪਤ੍ਰਿਕਾ

ਨਵੀਂ ਦਿੱਲੀ 23 ਜੂਨ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਸਰਕਾਰ ਦੇ ਕੰਮਾਂ ਤੋਂ ਲੋਕ ਖੁਸ਼ ਹਨ, ਇਸ ਲਈ ਵਿਧਾਨ ਸਭਾ ਜ਼ਿਮਨੀ ਚੋਣਾਂ ਵਿਚ ਸ਼ਾਨਦਾਰ ਸਫ਼ਲਤਾ ਹਾਸਲ ਹੋਈ ਹੈ। ਕੇਜਰੀਵਾਲ ਨੇ ਜ਼ਿਮਨੀ ਚੋਣਾਂ ਦੇ ਨਤੀਜੇ ਆਉਣ ਮਗਰੋਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ ਕਿ ਗੁਜਰਾਤ ਦੀ ਵਿਸਾਵਦਰ ਅਤੇ ਪੰਜਾਬ ਦੀ ਲੁਧਿਆਣਾ ਵੈਸਟ ਸੀਟਾਂ 'ਤੇ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ 'ਤੇ ਤੁਹਾਨੂੰ ਸਾਰਿਆਂ ਨੂੰ ਬਹੁਤ-ਬਹੁਤ ਵਧਾਈ। ਗੁਜਰਾਤ ਅਤੇ ਪੰਜਾਬ ਦੇ ਲੋਕਾਂ ਨੂੰ ਬਹੁਤ ਵਧਾਈ ਅਤੇ ਬਹੁਤ-ਬਹੁਤ ਧੰਨਵਾਦ। ਦੋਵਾਂ ਥਾਵਾਂ 'ਤੇ ਪਿਛਲੀਆਂ ਚੋਣਾਂ ਦੇ ਮੁਕਾਬਲੇ ਲੱਗਭਗ ਦੋਗੁਣੇ ਮਾਰਜਿਨ ਨਾਲ ਜਿੱਤ ਹਾਸਲ ਹੋਈ ਹੈ। ਕੇਜਰੀਵਾਲ ਨੇ ਅੱਗੇ ਕਿਹਾ ਕਿ ਇਹ ਵਿਖਾਉਂਦਾ ਹੈ ਕਿ ਪੰਜਾਬ ਦੇ ਲੋਕ ਸਾਡੀ ਸਰਕਾਰ ਦੇ ਕੰਮਾਂ ਤੋਂ ਬਹੁਤ ਖੁਸ਼ ਹਨ ਅਤੇ ਉਨ੍ਹਾਂ ਨੇ 2022 ਤੋਂ ਵੀ ਜ਼ਿਆਦਾ ਵੋਟਾਂ ਦਿੱਤੀਆਂ ਹਨ। ਗੁਜਰਾਤ ਦੀ ਜਨਤਾ ਹੁਣ ਭਾਜਪਾ ਤੋਂ ਪਰੇਸ਼ਾਨ ਹੋ ਚੁੱਕੀ ਹੈ ਅਤੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿਚ ਉਮੀਦ ਵਿਖਾਈ ਦੇ ਰਹੀ ਹੈ। ਦੋਵਾਂ ਥਾਵਾਂ ਕਾਂਗਰਸ ਅਤੇ ਭਾਜਪਾ ਪਾਰਟੀਆਂ ਮਿਲ ਕੇ ਚੋਣਾਂ ਲੜੀਆਂ। ਇਨ੍ਹਾਂ ਦੋਵਾਂ ਦਾ ਇਕ ਹੀ ਮਕਸਦ ਸੀ- 'ਆਪ' ਨੂੰ ਹਰਾਉਣਾ ਪਰ ਲੋਕਾਂ ਨੇ ਦੋਵਾਂ ਥਾਵਾਂ 'ਤੇ ਇਨ੍ਹਾਂ ਪਾਰਟੀਆਂ ਨੂੰ ਨਕਾਰ ਦਿੱਤਾ। ਜ਼ਿਕਰਯੋਗ ਹੈ ਕਿ ਪੰਜਾਬ ਦੇ ਲੁਧਿਆਣਾ ਵੈਸਟ ਵਿਧਾਨ ਸਭਾ ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਸੰਜੀਵ ਅਰੋੜਾ ਨੇ ਆਪਣੇ ਨੇੜਲੇ ਵਿਰੋਧੀ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ ਨੂੰ 10637 ਵੋਟਾਂ ਦੇ ਫਰਕ ਨਾਲ ਹਰਾਇਆ। ਗੁਜਰਾਤ ਵਿਧਾਨ ਸਭਾ ਦੀਆਂ ਦੋ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਈਆਂ- ਇਕ ਸੀਟ ਭਾਜਪਾ ਨੂੰ ਅਤੇ ਇਕ 'ਆਪ' ਨੂੰ ਮਿਲੀ।



ਗੁਜਰਾਤ ਦੀ ਵਿਸਾਵਦਰ ਸੀਟ 'ਤੇ 'ਆਪ' ਉਮੀਦਵਾਰ ਇਟਾਲੀਆ ਗੋਪਾਲ ਨੇ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਕੀਰਿਤ ਪਟੇਲ ਨੂੰ 17,554 ਵੋਟਾਂ ਨਾਲ ਹਰਾਇਆ।

## ਕਾਲੀਗੰਜ ਸੀਟ ਤੋਂ ਤ੍ਰਿਣਮੂਲ ਕਾਂਗਰਸ ਉਮੀਦਵਾਰ ਨੇ ਗੱਡੇ ਜਿੱਤ ਦੇ ਝੰਡੇ

ਕੋਲਕਾਤਾ 23 ਜੂਨ। ਪੱਛਮੀ ਬੰਗਾਲ ਦੇ ਨਦੀਆ ਜ਼ਿਲ੍ਹੇ ਵਿਚ ਕਾਲੀਗੰਜ ਵਿਧਾਨ ਸਭਾ ਸੀਟ 'ਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਸਾਫ਼ ਹੋ ਗਏ ਹਨ। ਜਿਸ ਵਿਚ ਤ੍ਰਿਣਮੂਲ ਕਾਂਗਰਸ ਉਮੀਦਵਾਰ ਅਲੀਫ਼ਾ ਅਹਿਮਦ ਨੇ 50049 ਵੋਟਾਂ ਦੇ ਫਰਕ ਨਾਲ ਭਾਜਪਾ ਉਮੀਦਵਾਰ ਆਸ਼ੀਸ਼ ਘੋਸ਼ ਨੂੰ ਹਰਾਇਆ ਹੈ। ਅਲੀਫ਼ਾ ਅਹਿਮਦ ਨੇ 1,02,759 ਵੋਟਾਂ ਹਾਸਲ ਕੀਤੀਆਂ ਹਨ। ਅਧਿਕਾਰੀਆਂ ਮੁਤਾਬਕ ਸਖ਼ਤ ਸੁਰੱਖਿਆ ਵਿਵਸਥਾ ਵਿਚਕਾਰ ਵੋਟਾਂ ਦੀ ਗਿਣਤੀ ਸਵੇਰੇ 8 ਵਜੇ ਡਾਕ ਵੋਟਾਂ ਦੀ ਗਿਣਤੀ ਨਾਲ ਸ਼ੁਰੂ ਹੋਈ ਅਤੇ ਗਿਣਤੀ ਪ੍ਰਕਿਰਿਆ ਸ਼ਾਂਤੀਪੂਰਵਕ ਚੱਲ ਰਹੀ ਹੈ। ਫਰਵਰੀ ਵਿਚ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਨਸੀਰੂਦੀਨ ਅਹਿਮਦ ਦੀ ਅਚਾਨਕ ਮੌਤ ਕਾਰਨ ਕਾਲੀਗੰਜ ਵਿਧਾਨ ਸਭਾ ਸੀਟ 'ਤੇ ਜ਼ਿਮਨੀ-ਚੋਣਾਂ ਜ਼ਰੂਰੀ ਹੋ ਗਈਆਂ ਸਨ। ਉਨ੍ਹਾਂ ਦੀ ਧੀ ਅਲੀਫਾ ਅਹਿਮਦ (38) ਨੂੰ ਇਸ ਸੀਟ ਤੋਂ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਕਾਲੀਗੰਜ ਵਿਚ ਜ਼ਿਮਨੀ-ਚੋਣ 19 ਜੂਨ ਨੂੰ ਹੋਈ ਸੀ ਅਤੇ ਸ਼ਾਮ 5 ਵਜੇ ਤੱਕ ਦਰਜ ਰਿਕਾਰਡ ਅਨੁਸਾਰ 69.85 ਫ਼ੀਸਦੀ ਵੋਟਿੰਗ ਹੋਈ। ਇਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਵੋਟਿੰਗ ਮੁੱਖ ਤੌਰ 'ਤੇ ਸ਼ਾਂਤੀਪੂਰਨ ਰਹੀ।

## ਨਿਗਮ ਕਮਿਸ਼ਨਰ ਦੀ ਅਧਿਕਾਰੀਆਂ ਨੂੰ ਬਰਸਾਤਾਂ ਦੇ ਮੱਦੇਨਜ਼ਰ ਸੜਕਾਂ ਦੀ ਮੁਰੰਮਤ ਕਰਨ ਦੀਆਂ ਸਖ਼ਤ ਹਦਾਇਤਾਂ

ਕੌਮੀ ਪਤ੍ਰਿਕਾ

ਅੰਮ੍ਰਿਤਸਰ 23 ਜੂਨ। ਨਗਰ ਨਿਗਮ ਦੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਸ਼ਹਿਰ ਦੇ ਚਹੁੰਮੁਖੀ ਵਿਕਾਸ ਲਈ ਨਿਗਮ ਅਧਿਕਾਰੀਆਂ ਤੋਂ ਇਲਾਵਾ ਟ?ਰੈਫਿਕ ਪੁਲਸ, ਪੀ. ਡਬਲਯੂ. ਡੀ. ਅਤੇ ਨਹਿਰੀ ਪਾਣੀ ਯੋਜਨਾ ਅਧੀਨ ਸ਼ਹਿਰ ਵਿਚ ਪਾਈਪ ਲਾਈਨ ਵਿਛਾ ਰਹੀ ਕੰਪਨੀ ਐੱਲ. ਐਂਡ. ਟੀ. ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਕਮਿਸ਼ਨਰ ਵਲੋਂ ਏ. ਡੀ. ਸੀ. ਪੀ. ਟ?ਰੈਫਿਕ ਮੈਡਮ ਅਮਨਦੀਪ ਕੌਰ ਨੂੰ ਸ਼ਹਿਰ ਦੀਆਂ ਮੁੱਖ ਸੜਕਾਂ 'ਤੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਨਿਗਮ ਅਧਿਕਾਰੀਆਂ ਨੂੰ ਸਹਿਯੋਗ ਕਰਨ ਲਈ ਕਿਹਾ ਅਤੇ ਟ?ਰੈਫਿਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਨਿਗਮ ਵਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਪੀ. ਡਬਲਯੂ. ਡੀ. ਦੇ ਅਧਿਕਾਰੀਆਂ ਨੂੰ ਨਿਗਮ ਦੀ ਹਦੂਦ ਅੰਦਰ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਆਉਂਦੀਆਂ ਸੜਕਾਂ ਦੇ ਕੰਮ ਕਰਨ ਲਈ ਕਿਹਾ ਗਿਆ। ਸ਼ਹਿਰ ਵਿਚ ਨਹਿਰੀ ਪਾਣੀ ਯੋਜਨਾ ਅਧੀਨ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵਿਛਾਉਣ ਵਾਲੀ ਕੰਪਨੀ ਐੱਲ. ਐਂਡ. ਟੀ. ਦੇ ਪ੍ਰਾਜੈਕਟ ਡਾਇਰੈਕਟਰ ਰਾਹੁਲ ਪਟੇਲ ਨੂੰ ਪੁੱਟੀਆਂ ਗਈਆਂ ਸੜਕਾਂ ਦੀ ਬਰਸਾਤਾਂ ਤੋਂ ਪਹਿਲਾਂ-ਪਹਿਲਾਂ ਮੁਰੰਮਤ ਕਰਨ ਦੀਆਂ ਹਦਾਇਤਾਂ ਕੀਤੀਆਂ।ਇਸ ਤੋਂ ਇਲਾਵਾ ਨਿਗਮ ਅਧਿਕਾਰੀਆਂ ਵਲੋਂ ਉਨ੍ਹਾਂ ਨੂੰ ਅਲਾਟ ਕੀਤੀਆਂ ਗਈ ਸੜਕਾਂ 'ਤੇ ਉਨ੍ਹਾਂ ਵਲੋਂ ਕੀਤੇ ਗਏ ਵਿਕਾਸ ਦੇ ਕੰਮਾਂ ਬਾਰੇ ਜਾਣਕਾਰੀ ਲਈ ਗਈ। ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ-ਰਖਾਅ ਲਈ ਉਨ੍ਹਾਂ ਵਲੋਂ ਜੋ ਨਿਗਮ ਦੇ ਅਧਿਕਾਰੀਆਂ ਨੂੰ ਬਤੌਰ ਨੋਡਲ ਅਫਸਰ ਲਗਾਇਆ ਗਿਆ ਸੀ, ਇਸ ਦੇ ਸ਼ਲਾਘਾਯੋਗ ਨਤੀਜੇ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਨਿਗਮ ਅਧਿਕਾਰੀਆਂ ਵਲੋਂ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਸ਼ਹਿਰ ਦੀਆਂ ਜੋ ਸੜਕਾਂ ਨਗਰ ਨਿਗਮ ਅਧੀਨ ਆਉਂਦੀਆਂ ਹਨ, ਉਨ੍ਹਾਂ ਦਾ ਤਾਂ ਉਹ ਵਿਕਾਸ ਕਰ ਰਹੇ ਹਨ ਪਰ ਜੋ ਸੜਕਾਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਜਿਵੇਂ ਕਿ ਪੀ. ਡਬਲਯੂ. ਡੀ , ਮੰਡੀ ਕਰਨ ਬੋਰਡ , ਨੈਸ਼ਨਲ ਹਾਈਵੇ ਅਥਾਰਟੀ, ਆਦਿ ਅਧੀਨ ਆਉਂਦੀਆਂ ਹਨ, ਇਨ੍ਹਾਂ ਦੇ ਵਿਕਾਸ ਦੇ ਕੰਮ ਇਨ੍ਹਾਂ ਵਿਭਾਗਾਂ ਵਲੋਂ ਹੀ ਕੀਤੇ ਜਾਣੇ ਹਨ, ਜਿਸ ਕਰ ਕੇ ਪੀ. ਡਬਲਯੂ. ਡੀ. ਵਿਭਾਗ ਦੇ ਅਧਿਕਾਰੀਆਂ ਨੂੰ ਉਨ੍ਹਾਂ ਅਧੀਨ ਆਉਂਦੀਆਂ ਸੜਕਾਂ 'ਤੇ ਲੋੜੀਂਦੇ ਕੰਮ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਅਧਿਕਾਰੀਆਂ ਵਲੋਂ ਦੱਸੇ ਅਨੁਸਾਰ ਸ਼ਹਿਰ ਦੀਆਂ ਸੜਕਾਂ 'ਤੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਟ?ਰੈਫਿਕ ਪੁਲਸ ਅਤੇ ਅਸਟੇਟ ਵਿਭਾਗ ਨੂੰ ਮਿਲ ਕੇ ਕੰਮ ਕਰਨ ਲਈ ਕਿਹਾ ਗਿਆ ਹੈ।

## ਅਸੀਂ ਦਿੱਲੀ ਭਰ ਵਿੱਚ 70 ਲੱਖ ਤੋਂ ਵੱਧ ਰੁੱਖ ਲਗਾਉਣ ਦਾ ਵਾਅਦਾ ਕੀਤਾ ਹੈ: ਮਨਜਿੰਦਰ ਸਿੰਘ ਸਿਰਸਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 23 ਜੂਨ: ਇੱਕ ਪਰਿਵਰਤਨਸ਼ੀਲ ਹਰੀ ਪਹਿਲਕਦਮੀ ਵਿੱਚ, ਐਨਸੀਟੀ ਦਿੱਲੀ ਸਰਕਾਰ ਵਣ ਮਹੋਤਸਵ 2025 ਦਾ ਆਯੋਜਨ ਕਰੇਗੀ, ਜੋ ਕਿ ਦਿੱਲੀ ਦੇ ਹਰੇ ਕਵਰ ਨੂੰ ਵਧਾਉਣ ਅਤੇ ਨਾਗਰਿਕਾਂ ਦੇ ਕੁਦਰਤ ਨਾਲ ਭਾਵਨਾਤਮਕ ਸਬੰਧ ਨੂੰ ਡੂੰਘਾ ਕਰਨ ਲਈ ਇੱਕ ਮਹੀਨਾ ਚੱਲਣ ਵਾਲੀ ਮੁਹਿੰਮ ਹੈ। ਸ਼ਾਨਦਾਰ ਉਦਘਾਟਨ ਸਮਾਰੋਹ 3 ਜੁਲਾਈ, 2025 ਨੂੰ ਨਵੀਂ ਦਿੱਲੀ ਦੇ ਪ੍ਰਤੀਕ ਕਨਵੈਨਸ਼ਨ ਕੰਪਲੈਕਸ, ਭਾਰਤ ਮੰਡਪਮ ਵਿਖੇ ਆਯੋਜਿਤ ਕੀਤਾ ਜਾਵੇਗਾ, ਅਤੇ ਇਸ ਵਿੱਚ ਪਤਵੰਤੇ, ਵਾਤਾਵਰਣ ਪ੍ਰੇਮੀ, ਉਦਯੋਗਪਤੀ, ਵਿਦਿਆਰਥੀ ਅਤੇ ਭਾਗੀਦਾਰ ਸ਼ਾਮਲ ਹੋਣਗੇ। ਇਸ ਵਿੱਚ ਵਿਦੇਸ਼ੀ, ਸਜਾਵਟੀ ਅਤੇ ਔਸ਼ਧੀ ਪੌਦਿਆਂ ਦੇ ਨਾਲ ਇੱਕ ਵਿਸ਼ਾਲ "ਵਣ ਮੇਲਾ"ਹੋਵੇਗਾ ਅਤੇ ਬੂਟਿਆਂ ਦੀ ਮੁਫਤ ਵੰਡ ਵੀ ਹੋਵੇਗੀ। 'ਮਾਨਯੋਗ ਮੰਤਰੀ ਨੇ ਦਿੱਲੀ ਵਾਸੀਆਂ ਨੂੰ ਆਪਣੇ ਮਨਪਸੰਦ ਪੌਦੇ ਪ੍ਰਾਪਤ ਕਰਨ ਲਈ ਪ੍ਰਦਰਸ਼ਨੀ ਵਿੱਚ ਆਉਣ ਦਾ ਸੱਦਾ ਦਿੱਤਾ। "ਵਣ ਮਹੋਤਸਵ ਸਿਰਫ਼ ਇੱਕ ਪੌਦੇ ਲਗਾਉਣ ਦੀ ਮੁਹਿੰਮ ਨਹੀਂ ਹੈ - ਇਹ ਲੋਕਾਂ ਦਾ... ਹਰੇ ਸੰਕਲਪ ਦਾ ਤਿਉਹਾਰ, ਕੁਦਰਤ ਨੂੰ ਸ਼ਰਧਾਂਜਲੀ, ਅਤੇ ਇੱਕ ਡੂੰਘੀ ਭਾਵਨਾਤਮਕ ਯਾਤਰਾ। ÷ਅਸੀਂ ਇਸਨੂੰ ਦਿੱਲੀ ਵਿੱਚ ਇੱਕ ਜਨ ਅੰਦੋਲਨ ਵਿੱਚ ਬਦਲ ਰਹੇ ਹਾਂ - ਹਰੇਕ ਨਾਗਰਿਕ, ਨੇਤਾ ਅਤੇ ਭਾਈਚਾਰੇ ਨੂੰ ਸ਼ਾਮਲ ਕਰਨਾ - ਕਿਉਂਕਿ ਪ੍ਰਦੂਸ਼ਣ ਨਾਲ ਲੜਨ ਲਈ ਸਮੂਹਿਕ ਜਲਵਾਯੂ ਚੇਤਨਾ ਦੀ



ਲੋੜ ਹੈ,÷ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਜੰਗਲਾਤ ਵਿਭਾਗ ਨੂੰ ਇੱਕ ਰਸਮੀ ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ।

**ਵਣ ਮਹੋਤਸਵ 2025 ਤੋਂ ਕੀ ਉਮੀਦ ਕੀਤੀ ਜਾਵੇ:**

1. ਭਾਰਤ ਮੰਡਪਮ ਵਿਖੇ ਉਦਘਾਟਨੀ ਸਮਾਗਮ - 3 ਜੁਲਾਈ ਇਹ ਤਿਉਹਾਰ ਇੱਕ ਮੈਗਾ ਲਾਂਚ ਸਮਾਗਮ ਨਾਲ ਸ਼ੁਰੂ ਹੁੰਦਾ ਹੈ ਜਿਸ ਵਿੱਚ ਪਤਵੰਤਿਆਂ ਦੁਆਰਾ ਰਸਮੀ ਰੁੱਖ ਲਗਾਉਣ, ਮੁਫ਼ਤ ਅਤੇ ਸਬਸਿਡੀ ਵਾਲੇ ਬੂਟੇ ਲਗਾਉਣ ਦੇ ਸਟਾਲ, ਬਾਇਓਡੀਗ੍ਰੇਡੇਬਲ ਪਲਾਸਟਿਕ, ਜੈਵ ਵਿਭਿੰਨਤਾ ਅਤੇ ਜਲਵਾਯੂ ਲਚਕਤਾ 'ਤੇ ਪ੍ਰਦਰਸ਼ਨੀਆਂ, ਅਤੇ ਸਕੂਲੀ ਬੱਚਿਆਂ ਦੁਆਰਾ ਈਕੋ-ਕਲੱਬ ਪ੍ਰਦਰਸ਼ਨੀਆਂ ਸ਼ਾਮਲ ਹਨ। ਇਹ ਸਮਾਗਮ ਮਹੀਨਾ ਭਰ ਚੱਲਣ ਵਾਲੀ ਪੌਦੇ ਲਗਾਉਣ ਦੀ ਮੁਹਿੰਮ ਨੂੰ ਰਸਮੀ ਤੌਰ 'ਤੇ ਝੰਡੀ ਦਿਖਾਉਂਦਾ ਹੈ।

2. ਵਿਸ਼ਾਲ ਪ੍ਰਦਰਸ਼ਨੀ ਅਤੇ ਵਿਸ਼ਾਲ ਪੌਦੇ ਲਗਾਉਣਾ। ਭਾਰਤ ਮੰਡਪਨ ਵਿੱਚ 50 ਤੋਂ ਵੱਧ ਸਟਾਲ ਹੋਣਗੇ ਜਿੱਥੇ ਦਿੱਲੀ ਵਾਲੇ ਆਪਣੀ ਪਸੰਦ ਦੇ ਪੌਦੇ, ਉਪਕਰਣ ਅਤੇ ਸੰਦ ਖਰੀਦ ਸਕਣਗੇ।

2. ਰੋਜ਼ਾਨਾ ਰੁੱਖ ਲਗਾਉਣਾ (1-31 ਜੁਲਾਈ): ਜੁਲਾਈ ਦੇ ਹਰ ਦਿਨ ਦਿੱਲੀ ਦੇ ਲੋਕਾਂ ਦੀ ਵੱਡੀ ਭਾਗੀਦਾਰੀ ਦੇਖਣ ਨੂੰ ਮਿਲੇਗੀ - ਆਪਣੀ ਮਾਂ ਦੇ ਨਾਮ 'ਤੇ ਇੱਕ ਰੁੱਖ ਲਗਾਉਣਾ, ਡੂੰਘਾਈ ਨਾਲ ਨਿੱਜੀ... ÷ਏਕ ਪੇੜ ਮਾਂ ਕੇ ਨਾਮ÷ ਮੁਹਿੰਮ ਦੀ ਭਾਵਨਾ। ਇਹਨਾਂ ਸਮਾਗਮਾਂ ਦਾ ਵਿਆਪਕ ਤੌਰ 'ਤੇ ਪ੍ਰਚਾਰ ਕੀਤਾ ਜਾਵੇਗਾ ਤਾਂ ਜੋ ਨਾਗਰਿਕਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਸ ਮੈਗਾ ਮੁਹਿੰਮ ਵਿੱਚ ਪਤਵੰਤੇ ਸੱਜਣਾਂ, ਰਾਸ਼ਟਰੀ ਪੁਰਸਕਾਰ ਜੇਤੂਆਂ (ਪਦਮ, ਬਹਾਦਰੀ, ਖੇਡਾਂ, ਵਿਗਿਆਨ ਆਦਿ), ਮੀਡੀਆ ਮੁਖੀਆਂ ਅਤੇ ਸੰਪਾਦਕਾਂ, ਉਦਯੋਗਪਤੀ ਅਤੇ ਸੀਐਸਆਰ ਆਗੂਆਂ ਤੋਂ ਇਲਾਵਾ, ਇਸ ਮੈਗਾ ਮੁਹਿੰਮ ਵਿੱਚ ਸ਼ਾਮਲ ਹੋਣਗੇ।

3. ਦਿੱਲੀ ਭਰ ਵਿੱਚ ਚੋਣ ਖੇਤਰ-ਪੱਧਰੀ ਮੁਹਿੰਮਾਂ: ਜੰਗਲਾਤ ਦੇ ਡਿਪਟੀ ਕੰਜ਼ਰਵੇਟਰ ਹਰੇਕ ਵਿਧਾਨ ਸਭਾ ਹਲਕੇ ਦੇ ਅੰਦਰ ਸਥਾਨਕ ਪੌਦੇ ਲਗਾਉਣ ਦੇ ਸਮਾਗਮਾਂ ਦਾ ਤਾਲਮੇਲ ਕਰਨਗੇ, ਜਿਸ ਵਿੱਚ ਸੰਸਦ ਮੈਂਬਰ ਅਤੇ ਵਿਧਾਇਕ, ਨਗਰਪਾਲਿਕਾ ਆਗੂ, ਵਾਰਡ ਕੌਂਸਲਰ, ਪ੍ਰਮੁੱਖ ਨਾਗਰਿਕ, ਨਾਗਰਿਕ ਸਮੂਹ ਅਤੇ ਸੰਸਥਾਵਾਂ ਸ਼ਾਮਲ ਹੋਣਗੀਆਂ। ਬੂਟਿਆਂ ਦੀ ਭਾਈਚਾਰਕ ਮਾਲਕੀ ਅਤੇ ਨਾਗਰਿਕ ਸੰਸਥਾ ਦੀ ਸ਼ਮੂਲੀਅਤ 'ਤੇ ਜ਼ੋਰ ਦਿੱਤਾ ਜਾਵੇਗਾ।

4. ਜਨ ਜਾਗਰੂਕਤਾ ਅਤੇ ਵਿਜ਼ੂਅਲ ਕਹਾਣੀ ਸੁਣਾਉਣਾ: ਮੁਹਿੰਮ ਵਿੱਚ ਇੰਟਰਐਕਟਿਵ ਕਿਓਸਕ, ਮਾਵਾਂ ਦੇ ਨਾਮ ਵਾਲੇ ਰੁੱਖਾਂ ਦੇ ਨਾਮ ਪਲੇਟਾਂ, ਰਚਨਾਤਮਕ ਬ੍ਰਾਂਡਿੰਗ ਅਤੇ ਜਨਤਕ ਕਹਾਣੀ ਸੁਣਾਉਣ ਦੇ ਫਾਰਮੈਟ ਸ਼ਾਮਲ ਹੋਣਗੇ ਤਾਂ ਜੋ ਹਰੀ ਕਾਰਵਾਈ ਦੇ ਆਲੇ-ਦੁਆਲੇ ਇੱਕ ਭਾਵਨਾਤਮਕ ਬਿਰਤਾਂਤ ਪੈਦਾ ਕੀਤਾ ਜਾ ਸਕੇ। ਇੱਕ ਸਮਰਪਿਤ ਸੋਸ਼ਲ ਮੀਡੀਆ ਸੈੱਲ ਇਸ ਪਹਿਲ ਨੂੰ ਡਿਜੀਟਲ ਰੂਪ ਵਿੱਚ ਵਧਾਏਗਾ।

Contd..........page-3

# ਡਾਇਲਿਸਿਸ ਦੌਰਾਨ ਚਲੀ ਗਈ ਬਿਜਲੀ, ਮਾਂ ਦੇ ਸਾਹਮਣੇ ਬੇਟੇ ਦੀ ਤੜਫ-ਤੜਫ ਨਿਕਲੀ ਜਾਨ

ਕੌਮੀ ਪਤ੍ਰਿਕਾ

ਵੈੱਬ ਡੈਸਕ 23 ਜੂਨ। ਸ਼ੁੱਕਰਵਾਰ ਨੂੰ ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲ੍ਹੇ ਵਿਚ ਜੋ ਵਾਪਰਿਆ ਉਹ ਕਿਸੇ ਵੀ ਮਨੁੱਖ ਨੂੰ ਹਿਲਾ ਦੇਣ ਲਈ ਕਾਫ਼ੀ ਹੈ। ਬਿਜਨੌਰ ਦੇ ਮੈਡੀਕਲ ਹਸਪਤਾਲ ਵਿਚ ਡਾਇਲਿਸਿਸ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਗਈ ਪਰ ਇਹ ਮੌਤ ਕਿਸੇ ਬਿਮਾਰੀ ਕਾਰਨ ਨਹੀਂ ਸਗੋਂ ਹਸਪਤਾਲ ਦੀ ਲਾਪਰਵਾਹੀ ਅਤੇ ਕੁਪ੍ਰਬੰਧਨ ਕਾਰਨ ਹੋਈ। 26 ਸਾਲਾ ਸਰਫਰਾਜ਼ ਸ਼ੁੱਕਰਵਾਰ ਸਵੇਰੇ ਲਗਭਗ 10 ਵਜੇ ਬਿਜਨੌਰ ਜ਼ਿਲ੍ਹਾ ਹਸਪਤਾਲ ਦੇ ਡਾਇਲਿਸਿਸ ਵਿਭਾਗ ਵਿਚ ਆਪਣੇ ਪੈਰਾਂ 'ਤੇ ਖੜ੍ਹਾ ਪਹੁੰਚਿਆ। ਉਸਨੂੰ ਪਹਿਲਾਂ ਹੀ ਗੁਰਦੇ ਦੀ ਬਿਮਾਰੀ ਸੀ ਅਤੇ ਪਿਛਲੇ ਇਕ ਸਾਲ ਵਿਚ ਪੰਜ ਵਾਰ ਡਾਇਲਿਸਿਸ ਕਰਵਾਇਆ ਜਾ ਚੁੱਕਾ ਹੈ। ਜਿਵੇਂ ਹੀ ਉਸਦਾ ਡਾਇਲਿਸਿਸ ਸ਼ੁਰੂ ਹੋਇਆ, ਅਚਾਨਕ ਬਿਜਲੀ ਕੱਟ ਲੱਗ ਗਿਆ। ਉਸ ਸਮੇਂ ਸਰਫਰਾਜ਼ ਦਾ ਖੂਨ ਮਸ਼ੀਨ ਵਿਚ ਫਿਲਟਰ ਕੀਤਾ ਗਿਆ ਸੀ ਅਤੇ ਉਸ ਨੂੰ ਵਾਪਸ ਉਸਦੇ ਸਰੀਰ ਵਿਚ ਟ?ਰਾਂਸਫਿਊਜ਼ ਕੀਤਾ ਜਾ ਰਿਹਾ ਸੀ, ਪਰ ਬਿਜਲੀ ਦੀ ਘਾਟ ਕਾਰਨ ਮਸ਼ੀਨ ਬੰਦ ਹੋ ਗਈ। ਸਰਫਰਾਜ਼ ਦੀ ਮਾਂ ਸਲਮਾ ਹਸਪਤਾਲ ਦੇ ਸਟਾਫ਼ ਦੇ ਸਾਹਮਣੇ ਆਪਣੇ ਹੱਥ ਜੋੜਦੀ ਰਹੀ। ਉਸਨੇ ਕਿਹਾ, ਮੇਰਾ ਪੁੱਤਰ ਘਬਰਾ ਰਿਹਾ ਹੈ, ਉਹ ਮਰ ਜਾਵੇਗਾ... ਕਿਰਪਾ ਕਰਕੇ ਜਨਰੇਟਰ ਚਾਲੂ ਕਰੋ! ਪਰ ਹਸਪਤਾਲ ਦੇ ਸਟਾਫ਼ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜਨਰੇਟਰ ਵਿਚ ਡੀਜ਼ਲ ਨਹੀਂ ਹੈ ਅਤੇ ਉਹ ਕੁਝ ਨਹੀਂ ਕਰ ਸਕਦੇ। ਨਤੀਜਾ ਇਹ ਹੋਇਆ ਕਿ ਸਰਫਰਾਜ਼ ਆਪਣੀ ਮਾਂ ਦੇ ਸਾਹਮਣੇ ਮਰ ਗਿਆ। ਸ਼ੁੱਕਰਵਾਰ ਨੂੰ, ਮੁੱਖ ਵਿਕਾਸ ਅਧਿਕਾਰੀ (ਸੀਡੀਓ) ਪੂਰਨਾ ਬੋਰਾ ਹਸਪਤਾਲ ਦਾ ਨਿਰੀਖਣ ਕਰ



ਰਹੀ ਸੀ। ਜਦੋਂ ਸਰਫਰਾਜ਼ ਦੀ ਹਾਲਤ ਵਿਗੜ ਗਈ, ਤਾਂ ਸਲਮਾ ਰੋਂਦੀ ਹੋਈ ਉਸ ਕੋਲ ਭੱਜੀ। ਉਸਨੇ ਡਾਕਟਰਾਂ ਨੂੰ ਤੁਰੰਤ ਉਸ ਨੂੰ ਸੀਪੀਆਰ ਦੇਣ ਲਈ ਕਿਹਾ। ਡਾਕਟਰ ਅਤੇ ਸਟਾਫ ਵੀ ਭੱਜੇ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਸਰਫਰਾਜ਼ ਦੀ ਮੌਤ ਹੋ ਚੁੱਕੀ ਸੀ। ਸੀਡੀਓ ਵੀ ਇਹ ਸਭ ਦੇਖ ਕੇ ਹੈਰਾਨ ਰਹਿ ਗਏ। ਉਸਨੇ ਕਿਹਾ, ਇਹ ਮੌਤ ਬਿਮਾਰੀ ਕਾਰਨ ਨਹੀਂ, ਸਗੋਂ ਹਸਪਤਾਲ ਦੀ ਮਾੜੀ ਹਾਲਤ ਕਾਰਨ ਹੋਈ ਹੈ। ਡਾਇਲਿਸਿਸ ਵਿਭਾਗ ਵਿਚ ਮੌਜੂਦ ਇਕ ਹੋਰ ਮਰੀਜ਼ ਸ਼ਾਦਾਬ ਨੇ ਦੋਸ਼ ਲਗਾਇਆ, ਇੱਥੇ ਕੋਈ ਨਹੀਂ ਸੁਣਦਾ। ਜਦੋਂ ਵੀ ਬਿਜਲੀ ਕੱਟ ਲੱਗਦੀ ਹੈ, ਤਾਂ ਜਨਰੇਟਰ ਨਹੀਂ ਚੱਲਦਾ। ਸਟਾਫ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਨੇਜਰ ਡੀਜ਼ਲ ਦਾ ਭੁਗਤਾਨ ਨਹੀਂ ਕਰਦਾ, ਤਾਂ ਜਨਰੇਟਰ ਕਿਵੇਂ ਚੱਲਦਾ ਹੈ? ਇੰਨਾ ਹੀ ਨਹੀਂ, ਸ਼ਾਦਾਬ ਨੇ ਕਿਹਾ ਕਿ ਗਰਮੀਆਂ ਵਿਚ ਨਾ ਤਾਂ ਪੱਖਾ ਕੰਮ ਕਰਦਾ ਹੈ ਅਤੇ ਨਾ ਹੀ ਏਸੀ। ਬੰਦ ਵਾਰਡ ਵਿਚ ਮਰੀਜ਼ ਦਮ ਘੁੱਟਣ ਲੱਗ ਪੈਂਦੇ ਹਨ। ਇਹ ਸਭ ਇੱਕ ਆਮ ਸਮੱਸਿਆ ਬਣ ਗਈ ਹੈ, ਪਰ ਕੋਈ ਹੱਲ ਨਹੀਂ ਲੱਭਿਆ ਜਾ ਰਿਹਾ।

## ਨੌਜਵਾਨ ਕਿਸਾਨ ਨੇ ਕੀਤੀ ਖੁਦਕੁਸ਼ੀ, 3 ਔਰਤਾਂ ਸਮੇਤ 6 ਵਿਰੁੱਧ ਮਾਮਲਾ ਦਰਜ

ਭੀਖੀ 23 ਜੂਨ। ਨੇੜਲੇ ਪਿੰਡ ਖੀਵਾ ਖੁਰਦ ਦੇ ਇਕ ਨੌਜਵਾਨ ਕਿਸਾਨ ਵਲੋਂ ਜ਼ਹਿਰੀਲੀ ਵਸਤੂ ਨਿਗਲ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲੇ ਵਿਚ ਥਾਣਾ ਭੀਖੀ ਪੁਲਸ ਨੇ ਤਿੰਨ ਔਰਤਾਂ ਸਮੇਤ 6 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਭੀਖੀ ਸੁਖਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਜੀਵਨ ਸਿੰਘ ਦੀ ਪਤਨੀ ਅਮਨਦੀਪ ਕੌਰ ਨੇ ਪੁਲਸ ਨੂੰ ਬਿਆਨ ਲਿਖਵਾਏ ਹਨ ਕਿ ਮਲਕੀਤ ਕੌਰ ਵਾਸੀ ਖੀਵਾ ਖੁਰਦ, ਰਣਜੀਤ ਕੌਰ, ਕਿਰਨਦੀਪ ਕੌਰ, ਅਵਤਾਰ ਸਿੰਘ, ਦੇਵਾ ਸਿੰਘ ਵਾਸੀਆਨ ਖੋਖਰ ਅਤੇ ਸੁਰਜੀਤ ਸਿੰਘ ਨੰਬਰਦਾਰ ਵਾਸੀ ਉੱਲਕ ਉਸਦੇ ਪਤੀ ਜੀਵਨ ਸਿੰਘ ਨੂੰ ਜ਼ਮੀਨ ਵੇਚਣ ਲਈ ਮਜਬੂਰ ਕਰਦੇ ਸਨ। ਉਕਤ ਨੇ ਦੱਸਿਆ ਕਿ ਉਸ ਦਾ ਪਤੀ ਜ਼ਮੀਨ ਨਹੀਂ ਵੇਚਣਾ ਚਾਹੁੰਦਾ ਸੀ ਇਸ ਤੋਂ ਤੰਗ ਆ ਕੇ ਉਸ ਵਲੋਂ ਖੁਦਕੁਸ਼ੀ ਕਰ ਲਈ ਗਈ। ਭੀਖੀ ਪੁਲਸ ਨੇ ਕਾਰਵਾਈ ਕਰਦਿਆਂ ਉਕਤ 6 ਵਿਅਕਤੀਆਂ ਖਿਲਾਫ ਬੀ.ਐੱਨ.ਐੱਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸੱਪ ਦੇ ਡੱਸਣ ਨਾਲ ਮਾਸੀ ਦੀ ਮੌਤ, ਭਾਣਜੇ ਦੀ ਹਾਲਤ ਗੰਭੀਰ, ਦੋ ਦਿਨ ਪਹਿਲਾਂ ਵੀ ਘਰ 'ਚੋਂ ਉਠੀ ਸੀ ਅਰਥੀ

ਕੌਮੀ ਪਤ੍ਰਿਕਾ

ਮਾਛੀਵਾੜਾ ਸਾਹਿਬ 23 ਜੂਨ। ਨੇੜਲੇ ਪਿੰਡ ਜੋਧਵਾਲ ਵਿਖੇ ਅੱਜ ਤੜਕੇ ਇਕ ਘਰ ਵਿਚ ਵਾਪਰੇ ਦਰਦਨਾਕ ਹਾਦਸੇ ਵਿਚ ਸੱਪ ਦੇ ਡੰਗਣ ਨਾਲ ਔਰਤ ਅਨੂ ਰਾਣੀ (30) ਦੀ ਮੌਤ ਹੋ ਗਈ ਜਦਕਿ ਉਸਦਾ ਰਿਸ਼ਤੇ ਵਿਚ ਲੱਗਦਾ 5 ਸਾਲਾ ਭਾਣਜਾ ਹਾਰਦਿਕ ਵਾਸੀ ਅੰਬਾਲਾ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਔਰਤ ਅਨੂ ਰਾਣੀ ਮੰਜੇ 'ਤੇ ਸੁੱਤੀ ਪਈ ਸੀ ਜਦਕਿ ਉਸਦਾ ਭਾਣਜਾ ਜੋ ਕਿ ਆਪਣੀ ਮਾਤਾ ਸਮੇਤ ਇੱਥੇ ਰਿਸ਼ਤੇਦਾਰੀ ਵਿਚ ਆਇਆ ਹੋਇਆ ਹੈ, ਉਹ ਥੱਲੇ ਬਿਸਤਰੇ 'ਤੇ ਸੁੱਤਾ ਪਿਆ ਸੀ। ਅਚਨਚੇਤ ਤੜਕੇ ਕਰੀਬ 3 ਵਜੇ ਤੋਂ ਬਾਅਦ ਇਕ ਸੱਪ ਉਨ੍ਹਾਂ ਦੇ ਕਮਰੇ ਵਿਚ ਆ ਵੜਿਆ ਜਿਸ ਨੇ ਸੁੱਤੀ ਪਈ ਅਨੂ ਰਾਣੀ ਅਤੇ ਉਸਦੇ ਭਾਣਜੇ ਨੂੰ ਡੱਸ ਲਿਆ। ਸੱਪ ਦੇ ਡੱਸਣ ਕਾਰਨ ਪਰਿਵਾਰ ਨੂੰ ਭਾਜੜਾਂ ਪੈ ਗਈਆਂ ਅਤੇ ਦੋਵਾਂ ਨੂੰ ਹਸਪਤਾਲ ਲਿਆਂਦਾ ਗਿਆ ਜਿੱਥੇ ਅਨੂ ਰਾਣੀ ਦੀ ਮੌਤ ਹੋ ਗਈ ਜਦਕਿ ਹਾਰਦਿਕ ਇਲਾਜ ਅਧੀਨ ਹੈ ਅਤੇ ਡਾਕਟਰਾਂ ਵਲੋਂ ਉਸ ਨੂੰ ਬਚਾਉਣ ਦੇ ਯਤਨ ਜਾਰੀ ਹਨ। ਅਨੂ ਰਾਣੀ ਜਿਸ ਦੇ ਪਤੀ ਜਨਕ ਰਾਜ ਦੀ ਕੁਝ ਸਾਲ ਪਹਿਲਾਂ ਕਰੋਨਾ ਦੌਰਾਨ ਮੌਤ ਹੋ ਗਈ ਅਤੇ ਅੱਜ ਉਹ ਵੀ ਸੱਪ ਦੇ ਡੱਸਣ ਕਾਰਨ ਮੌਤ ਦੇ ਮੂੰਹ ਵਿਚ ਜਾ ਪਈ। ਜੋਧਵਾਲ ਦੇ ਇਸ ਪਰਿਵਾਰ 'ਤੇ ਅਜੇ ਦੋ ਦਿਨਾਂ ਪਹਿਲਾਂ ਹੀ ਕੁਦਰਤ ਦਾ ਕਹਿਰ ਵਾਪਰਿਆ ਸੀ ਜਿਸ ਵਿਚ ਮ੍ਰਿਤਕਾ ਅਨੂ ਰਾਣੀ ਦਾ ਦਿਓਰ ਧੀਰਜ ਰਾਣਾ ਸੜਕ ਹਾਦਸੇ ਵਿਚ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ ਸੀ। ਧੀਰਜ ਰਾਣਾ ਦੀ ਚਿਖਾ ਅਜੇ ਠੰਡੀ ਵੀ ਨਹੀਂ ਹੋਈ ਸੀ ਕਿ ਅੱਜ ਦੋ ਦਿਨਾਂ ਬਾਅਦ ਪਰਿਵਾਰ ਵਿਚ ਅਨੂ ਰਾਣੀ ਦੀ ਮੌਤ ਹੋ ਗਈ। ਪਿੰਡ ਵਿਚ ਇੱਕੋ ਪਰਿਵਾਰ ਵਿਚ ਦੋ ਦਿਨਾਂ 'ਚ 2 ਮੌਤਾਂ ਹੋਣ ਕਾਰਨ ਜਿੱਥੇ ਸਾਰੇ ਪਰਿਵਾਰਕ ਮੈਂਬਰ ਸਦਮੇ ਵਿਚ ਹਨ, ਉੱਥੇ ਪਿੰਡ ਵਿਚ ਵੀ ਸੋਗ ਦੀ ਲਹਿਰ ਹੈ।

## ਰਾਹਗੀਰਾਂ ਨੂੰ ਲੁੱਟਣ ਵਾਲੇ ਗਿਰੋਹ ਦਾ ਪਰਦਾਫਾਸ਼

ਪਾਨੀਪਤ 23 ਜੂਨ। ਪੁਲਸ ਨੇ ਇਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਜੋ ਰਾਹਗੀਰਾਂ 'ਤੇ ਹਮਲਾ ਕਰਕੇ ਉਨ੍ਹਾਂ ਤੋਂ ਮੋਬਾਈਲ ਫੋਨ ਅਤੇ ਨਕਦੀ ਲੁੱਟਦਾ ਸੀ। ਪੁਲਸ ਨੇ ਗਿਰੋਹ ਦੇ 4 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀਆਂ ਨੂੰ ਕੱਲ੍ਹ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬੁੱਧਵਾਰ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲਿਆ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸਤੀਸ਼ ਵਤਸ ਨੇ ਕਿਹਾ ਕਿ ਇਹ ਦੋਸ਼ੀ ਰਾਤ ਨੂੰ ਅਪਰਾਧ ਕਰਨ ਲਈ ਸਰਗਰਮ ਹੋ ਜਾਂਦੇ ਸਨ, ਤਾਂ ਜੋ ਉਹ ਰਾਤ ਦੇ ਹਨੇਰੇ ਵਿਚ ਸਫਲ ਹੋ ਸਕਣ। ਦੋਸ਼ੀ ਰਾਹਗੀਰਾਂ 'ਤੇ ਹਮਲਾ ਕਰਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਸਨ। ਤਿੰਨ੍ਹਾਂ ਵਿਚੋਂ 2 ਦੋਸ਼ੀ ਹਰੀਨਗਰ ਦੇ ਰਹਿਣ ਵਾਲੇ ਹਨ ਅਤੇ 2 ਸੈਣੀ ਕਾਲੋਨੀ ਦੇ ਰਹਿਣ ਵਾਲੇ ਹਨ। ਡੀ. ਐੱਸ. ਪੀ. ਨੇ ਦੱਸਿਆ ਕਿ ਦੋਸ਼ੀਆਂ ਤੋਂ ਲੁੱਟੇ ਗਏ 9 ਮੋਬਾਈਲ ਫੋਨ ਅਤੇ ਇਕ ਬਾਈਕ ਬਰਾਮਦ ਕੀਤੀ ਗਈ ਹੈ। ਸਾਰੇ ਦੋਸ਼ੀਆਂ ਦੀ ਉਮਰ 19 ਤੋਂ 23 ਸਾਲ ਦੇ ਵਿਚਕਾਰ ਹੈ। ਦੋਸ਼ੀਆਂ ਨੂੰ ਮੰਗਲਵਾਰ ਨੂੰ ਪਾਨੀਪਤ ਦੇ ਚੌਟਾਲ ਰੋਡ ਪਾਵਰ ਹਾਊਸ ਤੋਂ ਗ੍ਰਿਫ਼ਤਾਰ ਕੀਤਾ ਗਿਆ।

## ਪੰਜਾਬ ਪੁਲਸ 'ਤੇ ਪ੍ਰਵਾਸੀਆਂ ਨੇ ਕੀਤਾ ਹਮਲਾ, ਬੁਲਾਉਣੀ ਪੈ ਗਈ ਹੋਰ ਪੁਲਸ, ਮਾਮਲਾ ਕਰੇਗਾ ਹੈਰਾਨ

ਅੰਮ੍ਰਿਤਸਰ 23 ਜੂਨ। ਅੰਮ੍ਰਿਤਸਰ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ ਜਿਥੇ ਕਿ ਅੰਮ੍ਰਿਤਸਰ ਥਾਣਾ ਸਦਰ ਅਧੀਨ ਆਉਂਦੇ ਇਲਾਕੇ 'ਚ ਪੰਜਾਬ ਪੁਲਸ ਨਾਲ ਜੱਗੋ ਤੇਰਵੀਂ ਹੋ ਗਈ। ਥਾਣਾ ਸਦਰ ਦੀ ਪੁਲਸ ਇਲਾਕੇ 'ਚ ਪ੍ਰਵਾਸੀ ਲੋਕਾਂ ਦੇ ਦੋ ਧਿਰਾਂ 'ਚ ਚੱਲ ਰਹੇ ਝਗੜੇ ਨੂੰ ਸੁਲਝਾਉਣ ਵਾਸਤੇ ਪੁਲਸ ਗਈ ਤਾਂ ਉੱਥੇ ਪ੍ਰਵਾਸੀ ਲੋਕਾਂ ਵੱਲੋਂ ਪੁਲਸ ਨਾਲ ਹੀ ਹੱਥੋਂਪਾਈ ਕਰਨੀ ਸ਼ੁਰੂ ਕਰ ਦਿੱਤੀ ਗਈ ਅਤੇ ਪ੍ਰਵਾਸੀ ਔਰਤਾਂ ਵੱਲੋਂ




ਪੁਲਸ ਦੀ ਕੁੱਟਮਾਰ ਵੀ ਕੀਤੀ ਗਈ। ਜਿਸ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਹੀ ਥਾਣਾ ਸਦਰ ਤੋਂ ਹੋਰ ਪੁਲਸ ਮੁਲਾਜ਼ਮਾਂ ਨੂੰ ਬੁਲਾ ਕੇ ਪ੍ਰਵਾਸੀ ਲੋਕਾਂ ਨੂੰ ਹਿਰਾਸਤ 'ਚ ਲਿਆ। ਇਸ ਸਬੰਧੀ ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦੀ ਗਲੀ 'ਚ ਪ੍ਰਵਾਸੀ ਲੋਕਾਂ ਦਾ ਆਪਸ ਵਿੱਚ ਕਿਸੇ ਗੱਲ ਨੂੰ ਲੈ ਕੇ ਝਗੜਾ ਸੀ ਅਤੇ ਦੋ ਧਿਰਾਂ ਬੈਠ ਕੇ ਰਾਜ਼ੀਨਾਮਾ ਕਰ ਰਹੀਆਂ ਸਨ । ਜਦੋਂ ਇਸ ਮਾਮਲੇ 'ਚ ਪੁਲਸ ਪਹੁੰਚੀ ਤਾਂ ਇਨ੍ਹਾਂ ਪ੍ਰਵਾਸੀ ਲੋਕਾਂ ਨੇ ਪੁਲਸ ਨਾਲ ਹੀ ਹੱਥੋਂਪਾਈ ਸ਼ੁਰੂ ਕਰ ਦਿੱਤੀ ਤੇ ਪੁਲਸ ਦੀ ਕੁੱਟਮਾਰ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਲੋਕਾਂ ਵੱਲੋਂ ਅਕਸਰ ਹੀ ਝਗੜਾ ਕੀਤਾ ਜਾਂਦਾ ਹੈ ਅਤੇ ਅਸੀਂ ਸਾਰੇ ਇਲਾਕੇ ਵਾਸੀ ਮੰਗ ਕਰਦੇ ਹਾਂ ਕਿ ਇਨ੍ਹਾਂ ਪ੍ਰਵਾਸੀ ਲੋਕਾਂ ਨੂੰ ਇਥੋਂ ਕਿਤੇ ਹੋਰ ਭੇਜਿਆ ਜਾਵੇ। ਦੂਜੇ ਪਾਸੇ ਇਸ ਸਬੰਧ ਵਿੱਚ ਜਦੋਂ ਥਾਣਾ ਸਦਰ ਦੀ ਪੁਲਸ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਪੁਲਸ ਦੇ ਅਧਿਕਾਰੀਆਂ ਨੇ ਮੀਡੀਆ ਨੂੰ ਬਿਆਨ ਦੇਣ ਤੋਂ ਵੀ ਮਨਾ ਕਰ ਦਿੱਤਾ।

## ਕਾਰ ਬਣੀ ਅੱਗ ਦਾ 'ਗੋਲਾ', ਵਿਆਹ ਤੋਂ ਪਰਤ ਰਹੇ ਪਰਿਵਾਰ ਦੇ 5 ਜੀਆਂ ਦੀ ਮੌਤ

ਬੁਲੰਦਸ਼ਹਿਰ 23 ਜੂਨ। ਉੱਤਰ ਪ੍ਰਦੇਸ਼ ਦੇ ਬਦਾਊਂ 'ਚ ਵਿਆਹ ਸਮਾਗਮ 'ਚ ਸ਼ਾਮਲ ਹੋਣ ਤੋਂ ਬਾਅਦ ਦਿੱਲੀ ਪਰਤ ਰਹੇ ਇਕ ਪਰਿਵਾਰ ਦੇ 5 ਜੀਆਂ ਦੀ ਬੁੱਧਵਾਰ ਸਵੇਰੇ ਸੜਕ ਹਾਦਸੇ 'ਚ ਮੌਤ ਹੋ ਗਈ ਅਤੇ ਇਕ ਵਿਅਕਤੀ ਜ਼ਖਮੀ ਹੋ ਗਿਆ। ਇਹ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਡਰਾਈਵਰ ਨੂੰ ਨੀਂਦ ਆਉਣ ਕਾਰਨ ਕਾਰ ਬੇਕਾਬੂ ਹੋ ਗਈ ਅਤੇ ਸੜਕ 'ਤੇ



ਇਕ ਪੁਲ ਨਾਲ ਟਕਰਾ ਗਈ। ਇਸ ਤੋਂ ਬਾਅਦ ਕਾਰ ਪਲਟ ਗਈ ਅਤੇ ਉਸ 'ਚ ਅੱਗ ਲੱਗ ਗਈ। ਵਧੀਕ ਪੁਲਸ ਸੁਪਰਡੈਂਟ (ਦਿਹਾਤੀ) ਤੇਜਵੀਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਜ਼ਿਲ੍ਹੇ ਦੇ ਜਹਾਂਗੀਰਾਬਾਦ ਥਾਣਾ ਖੇਤਰ ਦੇ ਜਾਨੀਪੁਰ ਪਿੰਡ ਨੇੜੇ ਸਵੇਰੇ 5.30 ਵਜੇ ਦੇ ਕਰੀਬ ਵਾਪਰੀ। ਉਨ੍ਹਾਂ ਕਿਹਾ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਇਕ ਸਵਿਫਟ ਕਾਰ ਹਾਦਸਾਗ੍ਰਸਤ ਹੋ ਗਈ ਹੈ ਅਤੇ ਉਸ 'ਚ ਅੱਗ ਲੱਗ ਗਈ ਹੈ। ਸਥਾਨਕ ਪੁਲਸ ਅਤੇ ਫਾਇਰ ਬ੍ਰਿਗੇਡ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤਾ। ਸਿੰਘ ਨੇ ਕਿਹਾ,"ਗੁਲਨਾਜ਼ (28) ਨਾਮੀ ਇਕ ਜ਼ਖਮੀ ਔਰਤ ਨੂੰ ਬਾਹਰ ਕੱਢਿਆ ਗਿਆ ਅਤੇ ਇਲਾਜ ਲਈ ਕਮਿਊਨਿਟੀ ਹੈਲਥ ਸੈਂਟਰ (ਸੀਐੱਚਸੀ) ਲਿਜਾਇਆ ਗਿਆ। ਕਾਰ ਸਵਾਰ 5 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਦੇ ਨਾਂ ਜ਼ੁਬੇਰ, ਤੰਜ਼ੀਮ, ਮੋਮਿਨਾ, ਜ਼ੈਨੁਲ ਅਤੇ ਜ਼ੇਬਾ ਹਨ।" ਉਨ੍ਹਾਂ ਕਿਹਾ,"ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਸਾਰੇ 6 ਲੋਕ ਬਦਾਊਂ ਜ਼ਿਲ੍ਹੇ 'ਚ ਇਕ ਵਿਆਹ ਸਮਾਰੋਹ 'ਚ ਸ਼ਾਮਲ ਹੋਣ ਗਏ ਸਨ ਅਤੇ ਉੱਥੋਂ ਦਿੱਲੀ ਦੇ ਮਾਲਵੀਯ ਨਗਰ ਪਰਤ ਰਹੇ ਸਨ।

## ਉੱਚੀ ਬੱਸੀ ਨਹਿਰ ਨੇੜੇ ਇਕ ਵਿਅਕਤੀ ਦੀ ਲਾਸ਼ ਬਰਾਮਦ

ਦਸੂਹਾ 23 ਜੂਨ। ਦਸੂਹਾ ਪੁਲਸ ਵੱਲੋਂ ਮੁਕੇਰੀਆਂ ਹਾਈਡਲ ਨਹਿਰ ਉੱਚੀ ਬੱਸੀ ਪੁੱਲ ਦੇ ਨੇੜੇ ਇਕ ਵਿਅਕਤੀ ਦੀ ਲਾਸ਼ ਬਰਾਮਦ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਏ. ਐੱਸ. ਆਈ. ਸਰਬਜੀਤ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਉਨ੍ਹਾਂ ਦੀ ਅਗਵਾਈ 'ਚ ਪੁਲਸ ਪਾਰਟੀ ਜਦੋਂ ਉਕਤ ਥਾਂ 'ਤੇ ਪਹੁੰਚੀ ਤਾਂ ਇਕ ਲਾਸ਼ ਨਹਿਰ ਦੇ ਨਾਲ ਲੱਗਦੇ ਦਰੱਖਤਾਂ ਦੇ ਨਜ਼ਦੀਕ ਪਈ ਮਿਲੀ, ਜਿਸ ਦੇ ਕੋਲ ਇਕ ਸਕੂਟਰੀ ਵੀ ਪਈ ਹੋਈ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਅੰਮ੍ਰਿਤ ਪਾਲ ਸਿੰਘ ਪੁੱਤਰ ਕੇਵਲ ਸਿੰਘ (52) ਨਿਵਾਸੀ ਪਿੰਡ ਪੰਡੋਰੀ ਨੇੜੇ ਟਾਂਡਾ ਵਜੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮ੍ਰਿਤਕ ਦੇ ਚਚੇਰੇ ਭਾਈ ਪਵਨਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਕੁਝ ਸਮੇਂ ਤੋਂ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਦੀ ਕਾਰਵਾਈ ਕਰਨ ਤੋਂ ਬਾਅਦ ਲਾਸ਼ ਦਾ ਪੋਸਟਮਾਰਟਮ ਦਸੂਹਾ ਦੇ ਹਸਪਤਾਲ ਵਿਖੇ ਕਰਾਉਣ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ।

## ਔਰਤ ਦੀ ਲਾਸ਼ ਮਿਲਣ 'ਤੇ ਪਤੀ, ਸੱਸ ਸਣੇ 3 ਵਿਰੁੱਧ ਪਰਚਾ ਦਰਜ

ਜਲਾਲਾਬਾਦ 23 ਜੂਨ। ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਚੱਕ ਪਾਲੀਵਾਲਾ ਉਰਫ ਮੋਹਲਾ ਵਿਖੇ ਖੇਤਾਂ 'ਚੋਂ ਇਕ ਔਰਤ ਦੀ ਲਾਸ਼ ਮਿਲਣ 'ਤੇ ਪਤੀ, ਸੱਸ ਸਣੇ 3 ਲੋਕਾਂ ਵਿਰੁੱਧ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ. ਐੱਚ. ਓ. ਪਰਮਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਦਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਾਲੀਵਾਲਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਸ ਦੀ (ਮੁੱਦਈ) ਦੀ ਭੈਣ ਕਿਰਨਾ ਰਾਣੀ ਦੀ ਲਾਸ਼ ਪਿੰਡ ਚੱਕ ਪਾਲੀਵਾਲਾ ਉਰਫ ਮੋਹਲਾ ਵਾਲਾ ਦੇ ਖੇਤ 'ਚੋਂ ਮਿਲੀ ਹੈ। ਇਸ 'ਤੇ ਸ਼ਿਕਾਇਤਕਰਤਾ ਦਵਿੰਦਰ ਸਿੰਘ ਵੱਲੋਂ ਦਰਜ ਕਰਵਾਏ ਗਏ ਬਿਆਨਾਂ ਦੇ ਅਧਾਰ 'ਤੇ ਥਾਣਾ ਵੈਰੋਕੇ ਵਿਖੇ ਪਰਚਾ 20 ਜੂਨ ਨੂੰ ਮ੍ਰਿਤਕ ਔਰਤ ਦੇ ਪਤੀ ਵਿਕਰਮ ਸਿੰਘ ਪੁੱਤਰ ਹਰਬੰਸ ਸਿੰਘ, ਸੱਸ ਬੋਬੀ ਪਤਨੀ ਹਰਬੰਸ ਸਿੰਘ ਅਤੇ ਮੰਗਲ ਸਿੰਘ ਉਰਫ ਬਾਬਾ ਵਾਸੀ ਮੁਹੰਮਦ ਪੀਰਾ ਦੇ ਵਿਰੁੱਧ ਦਰਜ ਕੀਤਾ ਗਿਆ ਹੈ।

## ਜਲੰਧਰ ਵਿਚ ਜਬਰ-ਜ਼ਿਨਾਹ ਦੇ ਕੇਸ 'ਚ ਗ੍ਰਿਫ਼ਤਾਰ ਮੁਲਜ਼ਮ ਭੇਜਿਆ ਗਿਆ ਜੇਲ੍ਹ

ਜਲੰਧਰ 23 ਜੂਨ। ਨਾਬਾਲਗਾ ਨਾਲ ਨਿਕਾਹ ਕਰਕੇ ਉਸ ਨਾਲ ਜਬਰ-ਜ਼ਿਨਾਹ ਕਰਨ ਵਾਲੇ ਮੁਲਜ਼ਮ ਨੌਸ਼ਾਦ ਅਲੀ ਨੂੰ ਪੁਲਸ ਨੇ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਪੁਲਸ ਪੀੜਤ ਦਾ ਮੈਡੀਕਲ ਅਤੇ 164 ਦੇ ਬਿਆਨ ਵੀ ਦਰਜ ਕਰਵਾ ਚੁੱਕੀ ਹੈ। ਥਾਣਾ ਨੰ. 1 ਦੇ ਇੰਚਾਰਜ ਰਾਕੇਸ਼ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਤੋਂ ਪੁੱਛਗਿੱਛ ਤੋਂ ਬਾਅਦ ਉਸ ਨੂੰ ਵੀਰਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਜਿਸ ਉਪਰੰਤ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਦੱਸ ਦਈਏ ਕਿ ਸ਼ਿਵ ਨਗਰ ਦੇ ਰਹਿਣ ਵਾਲੇ ਨੌਸ਼ਾਦ ਅਲੀ ਨੇ ਗਾਂਧੀ ਵਿਨਿਤਾ ਆਸ਼ਰਮ ਤੋਂ ਲਿਆਂਦੀ 15 ਸਾਲ ਦੀ ਨਾਬਾਲਗਾ ਦੇ ਘਰ ਵਾਲਿਆਂ ਨੂੰ ਡਰਾ ਕੇ ਨਾਬਾਲਗਾ ਨੂੰ ਆਪਣੇ ਘਰ ਰੱਖ ਲਿਆ ਸੀ, ਜਿੱਥੇ ਉਸ ਨੇ ਉਸ ਦੇ ਨਾਲ ਜਬਰ-ਜ਼ਿਨਾਹ ਕੀਤਾ। ਲੜਕੀ ਨੇ ਜਦੋਂ ਆਪਣੇ ਪਰਿਵਾਰ ਵਾਲਿਆਂ ਨੂੰ ਇਸ ਬਾਰੇ ਦੱਸਿਆ ਤਾਂ ਨੌਸ਼ਾਦ ਅਲੀ ਨੇ ਤੁਰੰਤ ਮੌਲਵੀ ਬੁਲਾ ਕੇ ਉਸ ਨਾਲ ਨਿਕਾਹ ਕਰ ਲਿਆ ਅਤੇ ਫਿਰ ਲਗਾਤਾਰ ਉਸ ਨਾਲ ਜਬਰ-ਜ਼ਿਨਾਹ ਕਰਨਾ ਸ਼ੁਰੂ ਕਰ ਦਿੱਤਾ। ਲੜਕੀ ਦੇ ਪਰਿਵਾਰ ਵਾਲਿਆਂ ਨੇ ਥਾਣਾ ਨੰ. 1 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਪੁਲਸ ਨੇ ਮੁਲਜ਼ਮ ਨੌਸ਼ਾਦ ਅਲੀ ਖ਼?ਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

## ਪਟਿਆਲਾ ਰੇਲਵੇ ਸਟੇਸ਼ਨ 'ਤੇ ਵੱਡਾ ਹਾਦਸਾ, ਦੇਖਣ ਵਾਲਿਆਂ ਦੀ ਕੰਬ ਗਈ ਰੂਹ

ਪਟਿਆਲਾ/ਸਨੌਰ 23 ਜੂਨ। ਪਟਿਆਲਾ ਦੇ ਰੇਲਵੇ ਸਟੇਸ਼ਨ 'ਤੇ ਅੱਜ ਇਕ ਲੜਕੀ ਦੇ ਟ?ਰੇਨ ਵਿਚ ਚੜ੍ਹਨ ਸਮੇਂ ਹਾਦਸਾ ਵਾਪਰ ਗਿਆ। ਰੇਲ ਚੜ੍ਹਦੇ ਸਮੇਂ ਕੁੜੀ ਦਾ ਪੈਰ ਸਲਿੱਪ ਹੋ ਗਿਆ ਅਤੇ ਕੁੜੀ ਪਲੇਟਫਾਰਮ ਤੋਂ ਟ?ਰੇਨ ਵਿਚਾਲੇ ਫਸ ਗਈ, ਜਿਸ ਕਾਰਣ ਕੁੜੀ ਦੀ ਇਕ ਲੱਤ ਕੱਟੀ ਗਈ। ਜਾਣਕਾਰੀ ਅਨੁਸਾਰ ਇਹ ਹਾਦਸਾ ਉਦੋਂ ਵਾਪਰਿਆਂ ਜਦੋਂ ਐੱਮਪੀ ਤੋਂ ਅੰਮ੍ਰਿਤਸਰ ਜਾ ਰਹੀ ਰੇਲ ਗੱਡੀ ਪਟਿਆਲਾ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਰੁਕੀ ਸੀ। ਇਸ ਦੌਰਾਨ ਗੱਡੀ 'ਚ ਸਵਾਰ ਇਕ ਪਰਿਵਾਰ ਦੀ 28 ਸਾਲ ਦੀ ਕੁੜੀ ਸਮਾਨ ਲੈਣ ਲਈ ਰੇਲਵੇ ਸਟੇਸ਼ਨ 'ਤੇ ਉਤਰ ਗਈ ਅਤੇ ਜਦੋਂ ਗੱਡੀ ਚੱਲਣ ਲੱਗੀ ਤਾਂ ਉਕਤ ਕੁੜੀ ਭੱਜ ਕੇ ਰੇਲ ਗੱਡੀ 'ਚ ਚੜ੍ਹਨ ਲੱਗੀ ਪਰ ਉਸਦਾ ਪੈਰ ਫਿਸਲ ਜਾਣ ਕਾਰਨ ਉਹ ਹੇਠਾਂ ਡਿੱਗ ਪਈ, ਜਿਸ ਦੌਰਾਨ ਉਸਦੀ ਲੱਟ ਰੇਲਵੇ ਪਟੜੀ 'ਤੇ ਆ ਜਾਣ ਕਾਰਨ ਲੱਤ ਕੱਟੀ ਗਈ ਅਤੇ ਇਕ ਪੈਰ ਦੀਆਂ ਉਂਗਲਾ ਅਤੇ ਹੱਥ ਦੀਆਂ ਉਂਗਲਾ ਵੀ ਕੱਟੀਆਂ ਗਈਆਂ । ਹਾਦਸਾ ਵਾਪਰਦਾ ਦੇਖ ਸਵਾਰੀਆਂ ਨੇ ਟ?ਰੇਨ ਦੀ ਚੈਨ ਖਿੱਚੀ, ਜਿਸ ਕਾਰਨ ਟ?ਰੇਨ ਰੁਕਣ 'ਤੇ ਉਕਤ ਲੜਕੀ ਨੂੰ ਬਾਹਰ ਕੱਢ ਕੇ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਹ ਪਰਿਵਾਰ ਐੱਮਪੀ ਦੇ ਦਤੀਆਂ ਸ਼ਹਿਰ ਤੋ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ।

## ਪੰਜਾਬ ਲਈ ਡਰਾਉਣੀ ਖ਼ਬਰ, ਇਸ ਰਿਪੋਰਟ ਨੂੰ ਪੜ੍ਹਨ ਤੋਂ ਬਾਅਦ ਉਡਣਗੇ ਹੋਸ਼

ਚੰਡੀਗੜ੍ਹ 23 ਜੂਨ। ਸਾਰੇ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦੀ ਹਾਲਾਤ ਬੇਹੱਦ ਤਣਾਅਪੂਰਨ ਹਨ। ਆਲਮ ਇਹ ਹੈ ਕਿ ਸੂਬੇ ਦੀ ਉਪਜਾਊ ਧਰਤੀ ਵਿਚ ਪੌਸ਼ਟਿਕ ਤੱਤਾਂ ਦੀ ਘਾਟ ਪਾਈ ਗਈ ਹੈ। ਇਹ ਖ਼ੁਲਾਸਾ ਖੇਤੀਬਾੜੀ ਵਿਭਾਗ ਦੀ ਸਲਾਈਵ ਹੈਲਥ ਕਾਰਡ ਦੀ 2024-25 ਦੀ ਰਿਪੋਰਟ ਵਿਚ ਹੋਇਆ ਹੈ। ਵਿਭਾਗ ਨੇ ਸਾਰੇ ਜ਼ਿਲ੍ਹਿਆ ਦੀ ਖੇਤੀਬਾੜੀ ਵਾਲੀ ਜ਼ਮੀਨ ਦੀ ਮਿੱਟੀ ਦੇ 2.75 ਲੱਖ ਨਮੂਨਿਆਂ ਦੀ ਜਾਂਚ ਕੀਤੀ । ਇਨ੍ਹਾਂ ਵਿਚ 82.8% ਜ਼ਮੀਨ ਵਿਚ ਜੈਵਿਕ ਕਾਰਬਨ ਦੀ ਮਾਤਰਾ ਘੱਟ ਪਾਈ ਗਈ ਹੈ ਜਦਕਿ 36% ਵਿਚ ਕਮੀ ਬਹੁਤ ਜ਼ਿਆਦਾ ਪਾਈ ਗਈ ਹੈ । 46.7% ਨਮੂਨਿਆਂ ਵਿਚ ਇਹ ਮੱਧ ਵਰਗੀ ਹੈ । ਜੈਵਿਕ ਕਾਰਬਨ ਨਾਲ ਜ਼ਮੀਨ ਦੇ ਸਾਰੇ ਪੌਸ਼ਟਿਕ ਤੱਤ ਜੁੜੇ ਹਨ। ਖੇਤੀਬਾੜੀ ਵਿਗਿਆਨੀ ਅਤੇ ਮਾਹਰਾਂ ਅਨੁਸਾਰ ਜੈਵਿਕ ਕਾਰਬਨ ਦੀ ਘਾਟ ਆਉਣ ਨਾਲ ਜ਼ਮੀਨ ਦੇ ਬੰਜਰ ਹੋਣ ਦੇ ਆਸਾਰ ਵੱਧ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਖਤਰਾ ਇਸ ਲਈ ਵਧਿਆ ਹੈ ਕਿਉਂਕਿ ਪੰਜਾਬ ਦੇ ਕਿਸਾਨ ਇਕ ਤਾਂ ਖ਼ੇਤਾਂ ਵਿਚ ਹੀ ਪਰਾਲੀ ਨੂੰ ਅੱਗ ਲਗਾ ਰਹੇ ਹਨ ਅਤੇ ਦੂਜਾ ਫ਼ਸਲ ਚੱਕਰ ਵਿਚ ਬਦਲਾਅ ਨਹੀਂ ਕਰ ਰਹੇ ਹਨ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘੱਟ ਰਹੀ ਹੈ । ਪੰਜਾਬ ਵਿਚ ਨਵੀਂ ਖੇਤੀਬਾੜੀ ਨੀਤੀ ਵਿਚ ਝੋਨੇ, ਕਣਕ ਦੀ ਫ਼ਸਲ ਦਾ 15 ਲੱਖ ਹੈਕਟੇਅਰ ਰਕਬਾ ਘੱਟ ਕਰਕੇ ਰੂੰ, ਮੱਕੀ ਅਤੇ ਮੂੰਗੀ ਦਾ ਰਕਬਾ ਵਧਾਉਣ ਦੀ ਯੋਜਨਾ ਹੈ ਪਰ 3 ਸਾਲਾਂ ਵਿਚ ਖੇਤੀਬਾੜੀ ਨੀਤੀ ਲਾਗੂ ਹੀ ਨਹੀਂ ਹੋ ਸਕੀ ਹੈ ।

## ਪੰਜਾਬ 'ਚ ਵੱਡੀ ਵਾਰਦਾਤ ! ਪੁਲਸ ਚੌਂਕੀ ਨੇੜੇ ਕਬੱਡੀ ਪ੍ਰਮੋਟਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਕੌਮੀ ਪਤ੍ਰਿਕਾ

ਕਿਸ਼ਨਗੜ੍ਹ 23 ਜੂਨ। ਕਿਸ਼ਨਗੜ੍ਹ ਪੁਲਸ ਚੌਂਕੀ ਤੋਂ ਘਰ ਜਾ ਰਹੇ ਕਬੱਡੀ ਪ੍ਰਮੋਟਰ ਜਸਪ੍ਰੀਤ ਜੱਸਾ 'ਤੇ ਚੌਂਕੀ ਨੇੜੇ ਹੀ 5-7 ਨੌਜਵਾਨਾਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਜਸਪ੍ਰੀਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਸੰਘਵਾਲ ਨੇ ਦੱਸਿਆ ਕਿ 17 ਜੂਨ ਨੂੰ ਉਹ ਥਾਣਾ ਕਰਤਾਰਪੁਰ ਵਿਖੇ ਆਪਣੇ ਪਿੰਡ ਦੇ ਕਿਸੇ ਮਸਲੇ ਸਬੰਧੀ ਆਇਆ ਸੀ, ਜਦ ਉਹ ਬਾਹਰ ਆਇਆ ਤਾਂ ਜ਼ੋਰਾਵਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਸੰਘਵਾਲ ਨੇ ਉਸ ਨੂੰ ਆਪਣੀ ਜਾਨ ਮਾਲ ਦਾ ਧਿਆਨ ਰੱਖਣ ਦੀ ਧਮਕੀ ਦਿੱਤੀ। ਮੌਕੇ 'ਤੇ ਮੋਹਤਬਾਰਾਂ ਵੱਲੋਂ ਮਾਮਲੇ ਨੂੰ ਸੁਲਝਾਉਣ 'ਤੇ ਉਸ ਨੇ ਇਸ ਸਬੰਧੀ ਪੁਲਸ ਨੂੰ ਦਰਖਾਸਤ ਦੇਣਾ ਮੁਨਾਸਿਫ ਨਹੀਂ ਸਮਝਿਆ। ਜਸਪ੍ਰੀਤ ਸਿੰਘ ਨੇ ਕਿਹਾ ਕਿ 19 ਜੂਨ ਨੂੰ ਰਾਤ ਕਰੀਬ 10 ਕੁ ਵਜੇ ਉਹ ਸੰਘਵਾਲ ਦੇ ਸਾਬਕਾ ਸਰਪੰਚ ਮਾਸਟਰ ਭਾਗ ਰਾਮ ਨਾਲ ਆਪਣੀ ਗੱਡੀ ਸਕਾਰਪਿਓ 'ਚ ਸਵਾਰ ਹੋ ਕੇ ਪੁਲਸ ਚੌਂਕੀ ਕਿਸ਼ਨਗੜ੍ਹ ਤੋਂ ਪਿੰਡ ਸੰਘਵਾਲ ਵੱਲ ਨੂੰ ਜਾ ਰਿਹਾ ਤਾਂ ਉਸ ਦੇ ਅੱਗਿਓ ਇਕ ਫਾਰਚੂਨਰ ਆਈ, ਜੋ ਸਿੱਧੀ ਉਸ ਦੀ ਗੱਡੀ 'ਚ ਆ ਵੱਜੀ। ਇਸ ਦੌਰਾਨ ਫਾਰਚੂਨਰ 'ਚੋਂ ਉੱਤਰੇ 5-7 ਨੌਜਵਾਨਾਂ 'ਚੋਂ ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਰਾਮ ਪਿਆਰਾ ਵਾਸੀ ਸਿਵਦਾਸਪੁਰ ਥਾਣਾ ਕਰਤਾਰਪੁਰ, ਜੋਬਨ ਵਾਸੀ ਨਿਜਾਮਦੀਨਪੁਰ, ਪ੍ਰਭ ਵਾਸੀ ਕਾਲਾ ਬੱਕਰਾ, ਹਰਸ਼ ਵਾਸੀ ਗੜੀਬਖਸ਼ਾ ਆਦਿ ਦੇ ਹੱਥਾਂ 'ਚ ਤੇਜ਼ਧਾਰ ਹਥਿਆਰ, ਬੇਸਵਾਲ ਅਤੇ ਲੋਹੇ ਦੀਆਂ ਰਾਡਾਂ ਫੜੀਆਂ ਹੋਈਆਂ ਸਨ, ਜਿਨ੍ਹਾਂ ਨੇ ਉਸ ਦੀ ਗੱਡੀ ਦੀ ਭੰਨਤੋੜ ਕਰਨੀ ਸ਼ੁਰੂ ਕਰ ਦਿੱਤੀ ਅਤੇ ਲੋਹੇ ਦੀ ਰਾਡ ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਪ੍ਰਭ ਅਤੇ ਹਰਸ਼ ਨੇ ਉਸ ਦੀ ਗੱਡੀ 'ਚ ਪਏ ਲਿਫ਼ਾਫ਼ੇ 'ਚੋਂ ਕਰੀਬ 5 ਲੱਖ 25 ਹਜ਼ਾਰ ਰੁਪਏ ਕੱਢ ਲਏ। ਉਸ ਵੱਲੋਂ ਰੌਲਾ ਪਾਉਣ 'ਤੇ ਪੁਲਸ ਮੌਕੇ 'ਤੇ ਆ ਗਈ, ਜਿਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਜਸਪ੍ਰੀਤ ਨੇ ਕਿਹਾ ਕਿ ਫਰਾਰ ਹੁੰਦੇ ਹੋਏ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨੇ ਪਿਸਤੌਲ ਨਾਲ ਫਾਇਰ ਕੀਤਾ, ਉਸ ਨੇ ਮਸਾਂ ਹੀ ਆਪਣਾ ਬਚਾਅ ਕੀਤਾ। ਜ਼ਖ਼ਮੀ ਹਾਲਤ ਵਿਚ ਉਸ ਨੂੰ ਜਲੰਧਰ ਦੇ ਕਿਸੇ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਪੁਲਸ ਨੇ ਮੁਲਜ਼ਮਾਂ ਵਿਰੁੱਧ ਵੱਖ-ਵੱਖ ਧਰਾਵਾਂ ਤਹਿਤ ਥਾਣਾ ਕਰਤਾਰਪੁਰ 'ਚ ਮਾਮਲਾ ਦਰਜ ਕਰ ਲਿਆ ਹੈ।

### ਬਜ਼ੁਰਗ ਔਰਤ ਸਮੇਤ ਪੁੱਤਰ ਨਾਲ ਕੀਤੀ ਕੁੱਟਮਾਰ

ਫਿਰੋਜ਼ਪੁਰ 23 ਜੂਨ। ਫਿਰੋਜ਼ਪੁਰ ਦੇ ਪਿੰਡ ਮਾਛੀਏ ਕੇ ਵਿੱਚ ਜ਼ਮੀਨੀ ਝਗੜੇ ਨੂੰ ਲੈ ਕੇ ਇਕ ਬਜ਼ੁਰਗ ਔਰਤ ਅਤੇ ਉਸ ਦੇ ਪੁੱਤਰ 'ਤੇ ਹਮਲਾ ਕਰਕੇ ਜ਼ਖ਼ਮੀ ਕਰਨ ਦੇ ਦੋਸ਼ 'ਚ ਥਾਣਾ ਮੱਲਾਂਵਾਲਾ ਦੀ ਪੁਲਸ ਨੇ 7 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਸੁਖਪਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਮੁਦਈਆ ਕਸ਼ਮੀਰ ਕੌਰ ਵਿਧਵਾ ਦੁੱਲਾ ਸਿੰਘ ਨੇ ਪੁਲਸ ਨੂੰ ਦਿੱਤੀ ਲਿਖਤੀ ਸ਼ਿਕਾਇਤ ਅਤੇ ਬਿਆਨਾਂ ਵਿੱਚ ਦੱਸਿਆ ਹੈ ਕਿ ਉਸ ਦਾ ਜ਼ਮੀਨ ਦੀ ਵੰਡ ਨੂੰ ਲੈ ਕੇ ਬਲਕਾਰ ਸਿੰਘ ਆਦਿ ਨਾਲ ਝਗੜਾ ਸ਼ਿਕਾਇਤਕਰਤਾ ਦੀ ਜ਼ਮੀਨ ਵਿੱਚ ਦਾਖ਼ਲ ਹੋ ਕੇ ਜ਼ਮੀਨ ਵਾਹੁਣ ਲੱਗੇ ਤਾਂ ਉਹ ਅਤੇ ਉਸ ਦਾ ਪੁੱਤਰ ਜ਼ਮੀਨ 'ਤੇ ਖੜ੍ਹੇ ਹੋਏ ਸਨ ਤਾਂ ਨਾਮਜ਼ਦ ਦੋਸ਼ੀਆਂ ਨੇ ਸ਼ਿਕਾਇਤ ਕਰਤਾ ਅਤੇ ਉਸ ਦੇ ਪੁੱਤਰ ਨੂੰ ਕਥਿਤ ਤੌਰ 'ਤੇ ਕੁੱਟਮਾਰ ਕਰਕੇ ਜ਼ਖ਼ਮੀ ਕਰ ਦਿੱਤਾ।

## ਦੱਖਣ-ਪੱਛਮੀ ਮਾਨਸੂਨ ਸਰਗਰਮ, 20 ਜੂਨ ਤੱਕ ਭਾਰੀ ਮੀਂਹ ਪੈਣ ਦੀ ਸੰਭਾਵਨਾ

ਕੌਮੀ ਪਤ੍ਰਿਕਾ

ਰਾਂਚੀ 23 ਜੂਨ। ਦੱਖਣ-ਪੱਛਮੀ ਮਾਨਸੂਨ ਬੁੱਧਵਾਰ ਨੂੰ ਝਾਰਖੰਡ ਵਿੱਚ ਸਰਗਰਮ ਹੋ ਗਿਆ, ਜਿਸ ਕਾਰਨ ਵਿਆਪਕ ਬਾਰਿਸ਼ ਹੋਈ ਅਤੇ 20 ਜੂਨ ਤੱਕ ਰਾਜ ਭਰ ਵਿੱਚ ਬਾਰਿਸ਼ ਜਾਰੀ ਰਹਿਣ ਦੀ ਸੰਭਾਵਨਾ ਹੈ। ਇੱਕ ਅਧਿਕਾਰੀ ਵਲੋਂ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਹੈ। ਮੰਗਲਵਾਰ ਨੂੰ ਰਾਜ ਵਿੱਚ ਮਾਨਸੂਨ ਨੇ ਦਸਤਕ ਦੇ ਦਿੱਤੀ ਸੀ, ਜਿਸਦਾ ਪ੍ਰਭਾਵ 24 ਵਿੱਚੋਂ 18 ਜ਼ਿਲ੍ਹਿਆਂ ਵਿੱਚ ਦੇਖਿਆ ਗਿਆ। ਰਾਂਚੀ ਮੌਸਮ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ ਅਭਿਸ਼ੇਕ ਆਨੰਦ ਨੇ ਕਿਹਾ ਕਿ ਮਾਨਸੂਨ ਬੁੱਧਵਾਰ ਨੂੰ ਲਾਤੇਹਾਰ, ਹਜ਼ਾਰੀਬਾਗ, ਕੋਡਰਮਾ, ਗੜ੍ਹਵਾ, ਪਲਾਮੂ ਅਤੇ ਚਤਰਾ ਦੇ ਬਾਕੀ ਜ਼ਿਲ੍ਹਿਆ ਵਿਚ ਅਗੇ ਵੱਧ ਗਿਆ ਹੈ। ਝਾਰਖੰਡ ਵਿਚ ਇਕ ਜੂਨ ਤੋਂ 17 ਜੂਨ ਤੱਕ 52 ਫ਼ੀਸਦੀ ਘੱਟ ਮੀਂਹ ਪਿਆ। ਹਾਲਾਂਕਿ ਪਿਛਲੇ 24 ਘੰਟਿਆਂ ਵਿਚ ਹੋਈ ਤਾਜ਼ਾ ਬਰਸਾਤ ਤੋਂ ਬਾਅਦ ਇਕ ਜੂਨ ਤੋਂ 18 ਜੂਨ ਤੱਕ 7 ਫ਼ੀਸਦੀ ਤੋਂ ਵੱਧ ਦਾ ਮੀਂਹ ਦਰਜ ਕੀਤਾ ਗਿਆ ਹੈ। ਰਾਜ ਵਿੱਚ 1 ਜੂਨ ਤੋਂ 18 ਜੂਨ ਤੱਕ 74.9 ਮਿਲੀਮੀਟਰ ਦੇ ਆਮ ਮੀਂਹ ਦੇ ਮੁਕਾਬਲੇ 80.4 ਮਿਲੀਮੀਟਰ ਬਾਰਿਸ਼ ਹੋਈ, ਜਿਸ ਵਿੱਚ ਲਾਤੇਹਾਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਬਾਰਿਸ਼



ਦਰਜ ਕੀਤੀ ਗਈ। ਅਧਿਕਾਰੀ ਨੇ ਦੱਸਿਆ ਕਿ ਗਹਰਵਾ ਜ਼ਿਲ੍ਹੇ ਵਿੱਚ 61 ਫ਼ੀਸਦੀ ਘੱਟ ਬਾਰਿਸ਼ ਹੋਈ, ਜਿਸ ਤੋਂ ਬਾਅਦ ਰਾਮਗੜ੍ਹ (45 ਫ਼ੀਸਦੀ ਘੱਟ) ਹੈ। ਝਾਰਖੰਡ ਵਿੱਚ ਮੰਗਲਵਾਰ ਤੋਂ ਭਾਰੀ ਬਾਰਿਸ਼ ਹੋ ਰਹੀ ਹੈ, ਜਿਸ ਵਿੱਚ ਆਈਐੱਮਡੀ ਨੇ 20 ਜੂਨ ਤੱਕ ਹੋਰ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ। ਆਨੰਦ ਨੇ ਕਿਹਾ ਕਿ ਲੋਹਾਰਦਗਾ ਜ਼ਿਲ੍ਹੇ ਦੇ ਕੁਰੂ ਵਿੱਚ ਸਵੇਰੇ 8.30 ਵਜੇ ਤੱਕ 24 ਘੰਟਿਆਂ ਵਿੱਚ ਸਭ ਤੋਂ ਵੱਧ 144 ਮਿਲੀਮੀਟਰ ਮੀਂਹ ਪਿਆ। ਇਸ ਸਮੇਂ ਦੌਰਾਨ ਰਾਂਚੀ ਵਿੱਚ 128 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜਦੋਂ ਕਿ ਸਰਾਏਕੇਲਾ-ਖਰਸਾਵਨ ਦੇ ਕੁਚਾਈ ਵਿੱਚ 124.2 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਬੁੱਧਵਾਰ ਲਈ ਬੋਕਾਰੋ, ਧਨਬਾਦ, ਰਾਮਗੜ੍ਹ, ਰਾਂਚੀ, ਖੁੰਟੀ, ਸਰਾਏਕੇਲਾ-ਖਰਸਾਵਨ, ਪੂਰਬੀ ਅਤੇ ਪੱਛਮੀ ਸਿੰਘਭੂਮ ਸਮੇਤ ਕਈ ਜ਼ਿਲ੍ਹਿਆਂ ਲਈ 'ਰੈੱਡ' ਅਲਰਟ (ਭਾਰੀ ਤੋਂ ਬਹੁਤ ਭਾਰੀ ਬਾਰਿਸ਼) ਜਾਰੀ ਕੀਤਾ ਗਿਆ ਹੈ, ਜਦੋਂ ਕਿ ਵੀਰਵਾਰ ਲਈ ਰਾਂਚੀ, ਖੁੰਟੀ, ਲੋਹਾਰਦਗਾ, ਗੁਮਲਾ ਅਤੇ ਸਿਮਡੇਗਾ ਲਈ ਵੀ ਇਹੀ ਚੇਤਾਵਨੀ ਜਾਰੀ ਕੀਤੀ ਗਈ ਹੈ। ਰਾਂਚੀ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਨੀਵੇਂ ਇਲਾਕਿਆਂ ਤੋਂ ਦੂਰ ਰਹਿਣ, ਬੇਲੋੜੀ ਯਾਤਰਾ ਤੋਂ ਬਚਣ ਅਤੇ ਪਾਣੀ ਭਰੀਆਂ ਸੜਕਾਂ 'ਤੇ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ।

## ਗਰਮੀ ਤੋਂ ਰਾਹਤ ਪਾਉਣ ਲਈ ਦੋਸਤਾਂ ਨਾਲ ਨਹਿਰ 'ਚ ਨਹਾਉਣ ਗਏ ਨੌਜਵਾਨ ਨਾਲ ਵਾਪਰੀ

ਹਾਜੀਪੁਰ 23 ਜੂਨ। ਦਾਤਾਰਪੁਰ ਦੇ ਲਾਗੇ 19 ਜੂਨ ਨੂੰ ਕੰਡੀ ਨਹਿਰ 'ਚ ਨਹਾਉਂਦੇ ਹੋਏ ਡੁੱਬੇ ਨੌਜਵਾਨ ਦੀ ਲਾਸ਼ ਅੱਜ ਬਰਾਮਦ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਤਲਵਾੜਾ ਸਤਪਾਲ ਸਿੰਘ ਨੇ ਦੱਸਿਆ ਹੈ ਕਿ ਸਾਨੂੰ 19 ਜੂਨ ਨੂੰ ਸੂਚਨਾ ਮਿਲੀ ਸੀ ਕਿ ਦਾਤਾਰਪੁਰ ਦੇ ਲਾਗੇ ਇਕ ਨੌਜਵਾਨ ਕੰਡੀ ਨਹਿਰ 'ਚ ਨਹਾਉਂਦੇ ਹੋਏ ਡੁੱਬ ਗਿਆ ਹੈ। ਸੂਚਨਾ ਮਿਲਣ 'ਤੇ ਤਲਵਾੜਾ ਪੁਲਸ ਮੌਕੇ 'ਤੇ ਪੁੱਜੀ ਪਰ ਦੇਰ ਸ਼ਾਮ ਤੱਕ ਨਾਂ ਤਾਂ ਨੌਜਵਾਨ ਦੀ ਲਾਸ਼ ਮਿਲੀ ਸੀ ਅਤੇ ਨਾਂ ਹੀ ਉਸ ਦਾ ਨਾਮ ਪਤਾ ਚਲ ਸਕਿਆ ਸੀ ਕਿਉਂਕਿ ਜੋ ਬਾਕੀ ਦੇ ਲੜਕੇ ਉਸ ਨਾਲ ਨਹਿਰ 'ਚ ਨਹਾ ਰਹੇ ਸਨ, ਉਹ ਡਰਦੇ ਮਾਰੇ ਉੱਥੋਂ ਦੌੜ ਗਏ ਸਨ। ਅੱਜ ਨਹਿਰ 'ਚ ਡੁੱਬੇ ਨੌਜਵਾਨ ਦੇ ਘਰਦਿਆਂ ਨੇ ਤਲਵਾੜਾ ਪੁਲਸ ਨਾਲ ਸੰਪਰਕ ਕੀਤਾ ਅਤੇ ਦਸਿਆ ਕਿ ਸਾਡਾ ਲੜਕਾ ਹਰਪ੍ਰੀਤ ਸਿੰਘ (24) ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਬੈਂਕਾਂ ਪੁਲਸ ਸਟੇਸ਼ਨ ਭਿੱਖੀ ਵਿੰਡ ਜ਼ਿਲ੍ਹਾ ਤਰਨਤਾਰਨ ਜੋ ਆਪਣੇ ਪੰਜ ਹੋਰ ਸਾਥੀਆਂ ਨਾਲ ਫਾਈਨਾਂਸ ਕੰਪਨੀ 'ਚ ਕੰਮ ਕਰਦਾ ਸੀ ਅਤੇ ਕੰਮ ਦੇ ਸਿਲਸਲੇ 'ਚ ਹੀ ਉਹ ਆਪਣੇ ਸਾਥੀਆਂ ਨਾਲ ਇਸ ਸਾਈਡ ਆਇਆ ਹੋਇਆ ਸੀ। ਗਰਮੀ ਜ਼ਿਆਦਾ ਹੋਣ ਕਰਕੇ ਉਹ ਕੰਡੀ ਨਹਿਰ 'ਚ ਨਹਾਉਣ ਲੱਗ ਪਏ। ਨਹਾਉਂਦੇ ਹੋਏ ਹਰਪ੍ਰੀਤ ਸਿੰਘ ਨਹਿਰ 'ਚ ਡੁੱਬ ਗਿਆ। ਜਿਸ ਦੀ ਲਾਸ਼ ਅੱਜ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਨਹਿਰ 'ਚੋਂ ਬਾਹਰ ਕੱਢ ਲਈ ਹੈ। ਤਲਵਾੜਾ ਪੁਲਸ ਨੇ ਲਾਸ਼ ਨੂੰ ਕਬਜੇ 'ਚ ਲੈ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਿੱਤ ਦੇ ਕਲੇਸ਼ ਤੋਂ ਦੁੱਖੀ ਪਤੀ ਨੇ ਪਤਨੀ ਨੂੰ ਦਿੱਤੀ ਰੂਹ ਕੰਬਾਊ ਮੌਤ, ਫਿਰ ਬੋਰੀ 'ਚ ਲਾਸ਼ ਨੂੰ...

ਕੌਮੀ ਪਤ੍ਰਿਕਾ

ਭਾਗਲਪੁਰ 23 ਜੂਨ। ਬਿਹਾਰ ਦੇ ਭਾਗਲਪੁਰ ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਘਰੇਲੂ ਝਗੜੇ ਕਾਰਨ ਗੁੱਸੇ ਵਿੱਚ ਆਏ ਪਤੀ ਨੇ ਆਪਣੀ ਪਤਨੀ ਦੀ ਬੇਰਹਿਮੀ ਨਾਲ ਕੁੱਟ-ਮਾਰ ਕਰਕੇ ਉਸ ਦਾ ਕਤਲ ਕਰ ਦਿੱਤਾ। ਇਸ ਵਾਰਦਾਤ ਨੂੰ ਅੰਜ਼ਾਮ ਦੇਣ ਤੋਂ ਬਾਅਦ ਉਸ ਨੇ ਕਤਲ ਨੂੰ ਛੁਪਾਉਣ ਲਈ ਪਤਨੀ ਦੀ ਲਾਸ਼ ਨੂੰ ਇਕ ਬੋਰੀ ਵਿੱਚ ਪਾ ਕੇ ਗੰਗਾ ਨਦੀ ਵਿੱਚ ਸੁੱਟ ਦਿੱਤਾ। ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਪੁਲਸ ਨੇ ਪਤੀ ਨੂੰ ਹਿਰਾਸਤ ਵਿੱਚ ਲੈ ਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ, ਫਿਰ ਉਹ ਟੁੱਟ ਗਿਆ ਅਤੇ ਆਪਣਾ ਅਪਰਾਧ ਕਬੂਲ ਕਰ ਲਿਆ। ਜਾਣਕਾਰੀ ਅਨੁਸਾਰ ਇਹ ਮਾਮਲਾ ਨਵਗਾਛੀਆ ਦੇ ਬਿਹਪੁਰ ਥਾਣਾ ਖੇਤਰ ਦੇ ਭਵਨਗਾਮਾ ਦਾ ਹੈ। ਮ੍ਰਿਤਕਾ ਦੀ ਪਛਾਣ ਕਾਜਲ ਵਜੋਂ ਹੋਈ ਹੈ। ਨਵਗਾਛੀਆ ਦੇ ਐੱਸਪੀ ਪ੍ਰੇਰਨਾ ਕੁਮਾਰ ਨੇ ਪ੍ਰੈੱਸ ਕਾਨਫਰੰਸ ਰਾਹੀਂ ਇਸ ਮਾਮਲੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਘਰੇਲੂ ਝਗੜੇ ਕਾਰਨ ਔਰਤ ਅਤੇ ਉਸਦੇ ਸਹੁਰਿਆਂ ਵਿਚਕਾਰ ਲੜਾਈ ਹੋਈ ਸੀ, ਜਿਸ ਕਾਰਨ ਉਸ ਦੇ ਪਤੀ ਨੇ ਔਰਤ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਉਨ੍ਹਾਂ ਨੇ ਲਾਸ਼ ਨੂੰ ਬੋਰੀ ਵਿੱਚ ਭਰ ਕੇ ਗੰਗਾ ਨਦੀ ਵਿੱਚ ਸੁੱਟ ਦਿੱਤਾ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਇਸ ਤੋਂ ਬਾਅਦ ਪਤੀ ਗੌਤਮ ਯਾਦਵ ਨੇ ਔਰਤ ਦੇ




ਮਾਪਿਆਂ ਨੂੰ ਫ਼ੋਨ ਕਰਕੇ ਦੱਸਿਆ ਕਿ ਉਨ੍ਹਾਂ ਦੀ ਧੀ ਨੇ ਖ਼ੁਦਕੁਸ਼ੀ ਕਰ ਲਈ ਹੈ। ਜਾਣਕਾਰੀ ਮਿਲਣ ਤੋਂ ਬਾਅਦ ਪਰਿਵਾਰ ਮੌਕੇ 'ਤੇ ਪਹੁੰਚ ਗਿਆ, ਪਰ ਉਦੋਂ ਤੱਕ ਸਹੁਰੇ ਪਰਿਵਾਰ ਦੇ ਮੈਂਬਰ ਘਰ ਤੋਂ ਭੱਜ ਗਏ ਸਨ। ਪਰਿਵਾਰ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਈ ਅਤੇ ਕਾਰਵਾਈ ਦੀ ਮੰਗ ਕੀਤੀ। ਜਾਣਕਾਰੀ ਮਿਲਦੇ ਹੀ ਐੱਸਡੀਪੀਓ ਓਮਪ੍ਰਕਾਸ਼ ਦੀ ਅਗਵਾਈ ਹੇਠ ਇੱਕ ਟੀਮ ਬਣਾਈ ਗਈ। ਇਸ ਦੇ ਨਾਲ ਹੀ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਸ਼ੀ ਪਤੀ ਗੌਤਮ ਯਾਦਵ, ਸੱਸ ਜਾਨਕੀ ਦੇਵੀ, ਸਹੁਰਾ ਵਾਸੂਦੇਵ ਯਾਦਵ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਪੁਲਸ ਨੇ ਪਤੀ ਤੋਂ ਇਸ ਮਾਮਲੇ ਦੀ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਉਸਨੇ ਦੱਸਿਆ ਕਿ ਲੜਾਈ ਤੋਂ ਬਾਅਦ ਉਸ ਨੇ ਆਪਣੀ ਪਤਨੀ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਪਤੀ ਅਤੇ ਸਹੁਰਿਆਂ ਨੇ ਲਾਸ਼ ਨੂੰ ਗੰਗਾ ਨਦੀ ਵਿੱਚ ਸੁੱਟ ਦਿੱਤਾ। ਉਸਦੀ ਸੂਚਨਾ 'ਤੇ ਪੁਲਸ ਨੇ ਲਾਸ਼ ਨੂੰ ਬਰਾਮਦ ਕਰਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪਤੀ ਤੇ ਦਿਓਰ ਨੇ ਕੀਤੀ ਕੁੱਟਮਾਰ ਤਾਂ ਔਰਤ ਨੇ ਚੁੱਕਿਆ ਖ਼ੌਫ਼ਨਾਕ ਕਦਮ

ਨੈਸ਼ਨਲ ਡੈਸਕ 23 ਜੂਨ। ਉੱਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਇੱਕ ਪਿੰਡ ਵਿੱਚ ਇੱਕ ਔਰਤ ਨੇ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ ਹੈ। ਪੁਲਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਔਰਤ ਦੇ ਪਤੀ ਅਤੇ ਦਿਓਰ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਅਨੁਸਾਰ ਬਬੀਤਾ (22) ਨੇ ਸ਼ੁੱਕਰਵਾਰ ਨੂੰ ਫੇਫਨਾ ਥਾਣਾ ਖੇਤਰ ਦੇ ਮਿੱਢਾ ਪਿੰਡ ਵਿੱਚ ਆਪਣੇ ਸਹੁਰੇ ਘਰ ਦੇ ਇੱਕ ਕਮਰੇ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਸਟੇਸ਼ਨ ਹਾਊਸ ਅਫਸਰ ਇੰਸਪੈਕਟਰ (ਐੱਸ.ਐੱਚ.ਓ.) ਅਜੇ ਕੁਮਾਰ ਤ੍ਰਿਪਾਠੀ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਜ਼ਿਲ੍ਹਾ ਹਸਪਤਾਲ ਭੇਜ ਦਿੱਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਬਬੀਤਾ ਦੇ ਪਿਤਾ ਰਾਜੇਂਦਰ ਪ੍ਰਸਾਦ ਦੀ ਸ਼ਿਕਾਇਤ 'ਤੇ ਬਬੀਤਾ ਦੇ ਪਤੀ ਪੰਕਜ ਕੁਮਾਰ ਤੂਰ੍ਹਾ (28) ਅਤੇ ਦਿਓਰ ਸਚਿਨ (22) ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੀ ਧਾਰਾ 108 (ਖੁਦਕੁਸ਼ੀ ਲਈ ਉਕਸਾਉਣਾ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਐੱਫ.ਆਈ.ਆਰ. ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਉਭਾਓਂ ਥਾਣਾ ਇਲਾਕੇ ਦੇ ਸਾਸਾਨੀ ਬਹਾਦੁਰਪੁਰ ਦੀ ਰਹਿਣ ਵਾਲੀ ਰਾਜੇਂਦਰ ਪ੍ਰਸਾਦ ਦੀ ਧੀ ਬਬੀਤਾ ਦਾ ਵਿਆਹ ਪੰਜ ਸਾਲ ਪਹਿਲਾਂ ਮਿੱਢਾ ਪਿੰਡ ਦੇ ਪੰਕਜ ਕੁਮਾਰ ਤੂਰ੍ਹਾ ਨਾਲ ਹੋਇਆ ਸੀ। ਪ੍ਰਸਾਦ ਨੇ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕਿ ਉਸਦੇ ਜਵਾਈ ਪੰਕਜ ਅਤੇ ਉਸਦੇ ਭਰਾ ਸਚਿਨ ਨੇ ਬਬੀਤਾ ਨਾਲ ਕੁੱਟਮਾਰ ਕੀਤੀ ਤੇ ਉਸ ਨੂੰ ਮਾਨਸਿਕ ਤੌਰ 'ਤੇ ਪਰੇਸ਼ਨ ਕੀਤਾ, ਜਿਸ ਕਾਰਨ ਉਸ ਨੇ ਸ਼ੁੱਕਰਵਾਰ ਨੂੰ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ।

# ਬੇਰਹਿਮੀ ਨਾਲ ਕੁੱਟ-ਕੁੱਟ ਮਾਰ'ਤੀ ਮੋਨਾਲੀਸਾ !

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 23 ਜੂਨ। ਓਡੀਸ਼ਾ ਦੇ ਭਦਰਕ ਜ਼ਿਲ੍ਹੇ ਵਿੱਚ ਘਰੇਲੂ ਝਗੜੇ ਤੋਂ ਬਾਅਦ ਪਤੀ ਵੱਲੋਂ ਕੁੱਟਮਾਰ ਕਰਨ ਤੋਂ ਬਾਅਦ 5 ਮਹੀਨਿਆਂ ਦੀ ਗਰਭਵਤੀ ਔਰਤ ਦੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਮੋਨਾਲੀਸਾ ਜੇਨਾ ਵਜੋਂ ਹੋਈ ਹੈ। ਉਸਦਾ ਵਿਆਹ 5 ਸਾਲ ਪਹਿਲਾਂ ਸ਼ੰਕਰਸ਼ਨ ਜੇਨਾ ਨਾਲ ਹੋਇਆ ਸੀ। ਉਨ੍ਹਾਂ ਦੀ ਇੱਕ 3 ਸਾਲ ਦੀ ਧੀ ਵੀ ਹੈ। ਪੁਲਸ ਨੇ ਮੁਲਜ਼ਮ ਪਤੀ ਵਿਰੁੱਧ ਭਾਰਤੀ ਦੰਡ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ, ਇਹ ਘਟਨਾ ਸ਼ਨੀਵਾਰ ਰਾਤ ਨੂੰ ਤਿਹਿੜੀ ਪੁਲਸ ਸਟੇਸ਼ਨ ਦੀ ਹੱਦ ਅਧੀਨ ਆਉਂਦੇ ਤਲਪਾੜਾ ਪਿੰਡ ਵਿੱਚ ਵਾਪਰੀ। ਇੱਕ ਪਰਿਵਾਰਕ ਮਾਮਲੇ ਨੂੰ ਲੈ ਕੇ ਹੋਈ ਤਿੱਖੀ ਬਹਿਸ ਹਿੰਸਾ 'ਚ ਬਦਲ ਗਈ। ਇਸ ਤੋਂ ਬਾਅਦ ਸ਼ਰਾਬੀ ਸ਼ੰਕਰਸ਼ਨ ਜੇਨਾ ਨੇ ਝਗੜੇ ਦੌਰਾਨ ਮੋਨਾਲੀਸਾ ਨੂੰ ਲੱਤਾਂ ਅਤੇ ਮੁੱਕੇ ਮਾਰੇ ਅਤੇ ਉਸਨੂੰ ਬੇਰਹਿਮੀ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਉਸਦੇ ਹਮਲੇ ਤੋਂ ਬਾਅਦ ਮੋਨਾਲੀਸਾ ਬੇਹੋਸ਼ ਹੋ ਗਈ। ਉਹ ਮਦਦ ਲਈ ਚੀਕਣ ਲੱਗੀ ਪਰ ਬਾਅਦ ਵਿੱਚ ਉਸਨੂੰ ਹੋਸ਼ ਨਹੀਂ ਆਇਆ। ਪੁਲਸ ਨੇ ਕਿਹਾ ਕਿ ਮੋਨਾਲੀਸਾ ਨੂੰ ਤਿਹਿੜੀ



ਹਸਪਤਾਲ ਲਿਜਾਇਆ ਗਿਆ। ਉੱਥੋਂ ਬਾਅਦ ਵਿੱਚ ਉਸਨੂੰ ਭਦਰਕ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ (488) ਰੈਫਰ ਕਰ ਦਿੱਤਾ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਮੋਨਾਲੀਸਾ ਦੇ ਪਰਿਵਾਰ ਨੇ ਉਸਦੇ ਪਤੀ 'ਤੇ ਕਤਲ ਦਾ ਦੋਸ਼ ਲਗਾਉਂਦੇ ਹੋਏ ਤਿਹਿੜੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਤਿਹਿੜੀ ਪੁਲਸ ਸਟੇਸ਼ਨ ਦੇ ਆਈਆਈਸੀ ਸੱਤਿਆਬ੍ਰਤ ਗਹਿਚਾਰੀਆ ਨੇ ਕਿਹਾ ਕਿ ਮ੍ਰਿਤਕਾ ਦੇ ਪਿਤਾ ਪੰਚਾਨਨ ਜੇਨਾ ਨੇ ਮੁਲਜ਼ਮ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਉਸਦੀ ਸ਼ਿਕਾਇਤ ਦੇ ਆਧਾਰ 'ਤੇ ਦੋਸ਼ੀ ਸ਼ੰਕਰਸ਼ਨ ਜੇਨਾ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਮੁਲਜ਼ਮ (ਪਤੀ) ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾ ਦੀ ਲਾਸ਼ ਨੂੰ ਹਿਰਾਸਤ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਮੌਤ ਦਾ ਅਸਲ ਕਾਰਨ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ। ਪੁਲਸ ਅਤੇ ਫੋਰੈਂਸਿਕ ਟੀਮ ਨੇ ਮੌਕੇ 'ਤੇ ਜਾ ਕੇ ਜ਼ਰੂਰੀ ਸਬੂਤ ਇਕੱਠੇ ਕਰ ਲਏ ਹਨ।

## ਐਕਸਾਈਜ਼ ਵਿਭਾਗ ਵੱਲੋਂ ਕੀਤੀ ਛਾਪੇਮਾਰੀ ਦੌਰਾਨ ਸ਼ਰਾਬ ਤੇ ਬੀਅਰ ਦੀਆਂ ਬੋਤਲਾਂ ਬਰਾਮਦ, 1 ਮੁਲਜ਼ਮ ਕਾਬੂ

ਫਗਵਾੜਾ 23 ਜੂਨ। ਐਕਸਾਈਜ਼ ਵਿਭਾਗ ਦੀ ਟੀਮ ਜਿਸ ਵਿੱਚ ਮਨਜੀਤ ਕੌਰ ਐਕਸਾਈਜ਼ ਇੰਸਪੈਕਟਰ ਸਰਕਲ ਫਗਵਾੜਾ ਸਮੇਤ ਹੋਰ



ਅਧਿਕਾਰੀ ਸ਼ਾਮਲ ਰਹੇ ਹਨ, ਵਲੋਂ ਫਗਵਾੜਾ ਦੇ 2 ਪਿੰਡਾਂ ਢੱਕ ਪੰਡੋਰੀ ਅਤੇ ਭੁੱਲਾਰਾਈ 'ਚ ਪੁਲਸ ਨੂੰ ਨਾਲ ਲੈ ਕੇ ਕੀਤੀ ਗਈ ਛਾਪੇਮਾਰੀ ਦੌਰਾਨ ਭਾਰੀ ਮਾਤਰਾ 'ਚ ਨਾਜਾਇਜ਼ ਸ਼ਰਾਬ ਅਤੇ ਬੀਅਰ ਦੀਆਂ ਬੋਤਲਾਂ ਆਦਿ ਬਰਾਮਦ ਕਰਨ ਦੀ ਸਨਸਨੀਖੇਜ਼ ਸੂਚਨਾ ਮਿਲੀ ਹੈ। ਇਸ ਦੌਰਾਨ ਮੌਕੇ ਤੋਂ ਪੁਲਸ ਨੇ ਇੱਕ ਦੋਸ਼ੀ ਜਿਸਦੀ ਪਛਾਣ ਬਿੱਟੂ ਰਾਮ ਪੁੱਤਰ ਤਰਸੇਮ ਲਾਲ ਵਜੋਂ ਹੋਈ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਦੂਜੇ ਦੋਸ਼ੀ ਸ਼ਾਮ ਲਾਲ ਅਤੇ ਬੂਟਾ ਰਾਮ ਪੁੱਤਰ ਪਾਲਾ ਰਾਮ ਛਾਪੇਮਾਰੀ ਦੌਰਾਨ ਮੌਕੇ ਤੋਂ ਫਰਾਰ ਹੋ ਗਏ ਦੱਸੇ ਜਾਂਦੇ ਹਨ। ਫਰਾਰ ਹੋਏ ਦੋਸ਼ੀਆਂ ਦੀ ਭਾਲ 'ਚ ਪੁਲਸ ਵਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਪਰ ਹਾਲੇ ਇਨ੍ਹਾਂ ਦੀ ਪੁਲਸ ਵਲੋਂ ਗ੍ਰਿਫਤਾਰੀ ਨਹੀਂ ਹੋ ਸਕੀ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਦਰ ਵਿਖੇ ਦਰਜ ਕੀਤੀ ਗਈ ਪੁਲਸ ਐੱਫਆਈਆਰ 'ਚ ਮਨਜੀਤ ਕੌਰ ਐਕਸਾਈਜ਼ ਇੰਸਪੈਕਟਰ ਸਰਕਲ ਫਗਵਾੜਾ ਦੀ ਸ਼ਿਕਾਇਤ 'ਤੇ ਪੁਲਸ ਨੇ ਸ਼ਾਮ ਲਾਲ ਪੁੱਤਰ ਰਿਕੂ ਵਾਸੀ ਮੁਹੱਲਾ ਮੋਹਕਮਪੁਰ ਅੰਮ੍ਰਿਤਸਰ ਹਾਲ ਵਾਸੀ ਪਿੰਡ ਢੱਕ ਪੰਡੋਰੀ ਥਾਣਾ ਸਦਰ ਫਗਵਾੜਾ, ਬੂਟਾ ਰਾਮ ਪੁੱਤਰ ਪਾਲਾ ਰਾਮ ਵਾਸੀ ਸ਼ੀਤਲ ਮਾਤਾ ਮੰਦਰ ਕਾਲੋਨੀ ਬਾਬਾ ਗਧੀਆ ਫਗਵਾੜਾ ਅਤੇ ਬਿੱਟੂ ਰਾਮ ਪੁੱਤਰ ਤਰਸੇਮ ਲਾਲ ਵਾਸੀ ਪਿੰਡ ਢੱਕ ਪੰਡੋਰੀ ਥਾਣਾ ਸਦਰ ਫਗਵਾੜਾ ਖਿਲਾਫ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਕੇਂਦਰੀ ਜੇਲ੍ਹ 'ਚੋਂ 5 ਮੋਬਾਈਲ ਤੇ 5 ਸਿਮ ਬਰਾਮਦ

ਤਰਨਤਾਰਨ 23 ਜੂਨ। ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਵਿਚ ਹਵਾਲਾਤੀਆਂ ਕੋਲੋਂ 5 ਮੋਬਾਈਲ, 5 ਸਿਮ ਕਾਰਡ ਬਰਾਮਦ ਹੋਣ ਦੇ ਮਾਮਲੇ ਵਿਚ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ 6 ਮੁਲਜ਼ਮਾਂ ਦੇ ਖ਼ਿਲਾਫ ਕੇਸ ਦਰਜ ਕੀਤਾ ਹੈ। ਜੇਲ੍ਹ ਦੇ ਸਹਾਇਕ ਸੁਪਰਡੈਂਟ ਹੰਸ ਰਾਜ ਨੇ ਦੱਸਿਆ ਕਿ ਜੇਲ੍ਹ ਵਿਚ ਤਲਾਸ਼ੀ ਮੁਹਿੰਮ ਚਲਾਈ ਗਈ ਜਿਸ ਤਹਿਤ ਹਵਾਲਾਤੀ



ਜੋਗਿੰਦਰ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਕਾਜੀਕੋਟ ਕੋਲੋਂ ਇਕ ਟੱਚ ਸਕ੍ਰੀਨ ਮੋਬਾਈਲ ਸਮੇਤ ਸਿੰਮ, ਹਵਾਲਾਤੀ ਅਸੀਸ ਪੁੱਤਰ ਵਿਜੇ ਕੁਮਾਰ ਵਾਸੀ ਖੇਮਕਰਨ ਕੋਲੋਂ 1 ਟੱਚ ਸਕ੍ਰੀਨ ਮੋਬਾਈਲ ਸਮੇਤ ਸਿਮ, ਜਤਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਲੁਧਿਆਣਾ ਕੋਲੋਂ ਇਕ ਟੱਚ ਸਕ੍ਰੀਨ ਮੋਬਾਈਲ ਸਮੇਤ ਸਿੰਮ ਅਤੇ ਨਵਪ੍ਰੀਤ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਘੱਨੂਪੁਰ ਕਾਲੇ ਕੋਲੋਂ ਇਕ ਟੱਚ ਸਕ੍ਰੀਨ ਮੋਬਾਈਲ ਸਮੇਤ ਸਿੰਮ ਬਰਾਮਦ ਹੋਇਆ। ਇਸੇ ਤਰ੍ਹਾਂ ਹਵਾਲਾਤੀ ਕਰਨ ਦੇਵਗਨ ਪੁੱਤਰ ਰਾਕੇਸ਼ ਕੁਮਾਰ ਵਾਸੀ ਛੇਹਰਟਾ ਅਤੇ ਜੋਬਨਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਨੌਸ਼ਹਿਰਾ ਢਾਲਾ ਕੋਲੋਂ 1 ਮੋਬਾਈਲ ਸਮੇਤ ਸਿਮ ਬਰਾਮਦ ਹੋਇਆ ਹੈ।

# ਵਿਜੀਲੈਂਸ ਬਿਊਰੋ ਦੀ ਵੱਡੀ ਕਾਰਵਾਈ, ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ 'ਚ ਨਾਇਬ ਤਹਿਸੀਲਦਾਰ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ 23 ਜੂਨ। ਪੰਜਾਬ ਵਿਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਨਾਇਬ ਤਹਿਸੀਲਦਾਰ ਵਰਿੰਦਰਪਾਲ ਸਿੰਘ ਧੂਤ ਵਾਸੀ ਪਿੰਡ ਧੂਤ ਕਲਾਂ, ਹੁਸ਼ਿਆਰਪੁਰ ਨੂੰ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਅੱਜ ਇੱਥੇ ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਜਲੰਧਰ ਰੇਂਜ ਵੱਲੋਂ ਕੀਤੀ ਗਈ ਵਿਜੀਲੈਂਸ ਜਾਂਚ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ ਜਿਸ ਵਿੱਚ ਧੂਤ 'ਤੇ ਆਪਣੇ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਂ 'ਤੇ ਆਪਣੀ ਜਾਇਜ਼ ਕਮਾਈ ਤੋਂ ਵੱਧ ਜਾਇਦਾਦ ਇਕੱਠੀ ਕਰਨ ਦੇ ਦੋਸ਼ਾਂ ਦੀ ਜਾਂਚ ਕੀਤੀ ਗਈ ਸੀ । ਬੁਲਾਰੇ ਨੇ ਅੱਗੇ ਕਿਹਾ ਕਿ ਤਫ਼ਤੀਸ਼ ਦੌਰਾਨ 1 ਜਨਵਰੀ, 2009 ਤੋਂ 31 ਦਸੰਬਰ, 2018 ਤੱਕ ਦੀ ਮਿਆਦ ਦੀ ਜਾਂਚ ਕੀਤੀ ਗਈ ਸੀ। ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਵਕਫ਼ੇ ਦੌਰਾਨ ਧੂਤ ਦੇ ਸਾਰੇ ਸਰੋਤਾਂ ਅਤੇ ਵਸੀਲਿਆਂ ਤੋਂ ਕੁੱਲ ਆਮਦਨ 3,58,97,111.59 ਰੁਪਏ ਸੀ ਜਦਕਿ ਉਸਦਾ ਕੁੱਲ ਖਰਚ ਅਤੇ ਜਾਇਦਾਦ



11,18,34,544.22 ਰੁਪਏ ਦੀ ਸੀ- ਜੋ ਉਸਦੀ ਕਾਨੂੰਨੀ ਆਮਦਨ ਨਾਲੋਂ 7,59,37,432.63 ਰੁਪਏ (211.54 ਫ਼ੀਸਦ) ਵੱਧ ਹੈ। ਬੁਲਾਰੇ ਨੇ ਦੱਸਿਆ ਕਿ ਇਸ ਮਹੱਤਵਪੂਰਨ ਅਸਮਾਨਤਾ ਤੋਂ ਪਤਾ ਲਗਦਾ ਹੈ ਕਿ ਧੂਤ ਨੇ ਇੱਕ ਜਨਤਕ ਸੇਵਕ ਵਜੋਂ ਸੇਵਾ ਨਿਭਾਉਂਦੇ ਹੋਏ, ਬੇਹਿਸਾਬੀ ਅਚੱਲ ਅਤੇ ਚੱਲ ਜਾਇਦਾਦ ਪ੍ਰਾਪਤ ਕੀਤੀ ਅਤੇ ਆਪਣੀ ਜਾਇਜ਼ ਕਮਾਈ ਤੋਂ ਕਿਤੇ ਵੱਧ ਫੰਡ ਖਰਚ ਕੀਤੇ, ਜੋ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨਾਂ ਦੀ ਸਿੱਧੀ-ਸਿੱਧੀ ਉਲੰਘਣਾ ਹੈ। ਇਸ ਸਬੰਧ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਪੁਲਸ ਥਾਣਾ, ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## 33750 ਐਮ.ਐੱਲ ਨਾਜਾਇਜ਼ ਸ਼ਰਾਬ ਸਮੇਤ 3 ਗ੍ਰਿਫ਼ਤਾਰ

ਗੁਰਦਾਸਪੁਰ 23 ਜੂਨ। ਗੁਰਦਾਸਪੁਰ ਪੁਲਸ ਨੇ ਨਾਜਾਇਜ਼ ਸ਼ਰਾਬ ਦੇ ਤਿੰਨ ਮਾਮਲਿਆਂ ਵਿੱਚ ਕਾਰਵਾਈ ਕਰਦਿਆਂ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਕੁੱਲ 33750 ਮਿਲੀਲੀਟਰ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਐਸਐਸਪੀ ਗੁਰਦਾਸਪੁਰ ਅਦਿੱਤਿਆ ਨੇ ਦੱਸਿਆ ਕਿ ਥਾਣਾ ਕਾਹਨੂੰਵਾਨ ਦੀ ਪੁਲਸ ਨੇ ਬਲਵੰਤ ਸਿੰਘ ਉਰਫ਼ ਬੰਤੂ ਨੂੰ ਕਾਬੂ ਕਰਕੇ ਉਸ ਪਾਸੋਂ 7500 ਐਮ.ਐੱਲ ਨਾਜਾਇਜ਼ ਸ਼ਰਾਬ ਬਰਾਮਦ ਕੀਤੀ। ਥਾਣਾ ਦੀਨਾਨਗਰ ਦੀ ਪੁਲਸ ਨੇ ਜੋਨੀ ਉਰਫ਼ ਜੋਨੂੰ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ 15000 ਐਮ.ਐੱਲ ਨਾਜਾਇਜ਼ ਸ਼ਰਾਬ ਜ਼ਬਤ ਕੀਤੀ। ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨੇ ਅਭਿਸ਼ੇਕ ਉਰਫ਼ ਅਭੀ ਨੂੰ ਕਾਬੂ ਕੀਤਾ ਅਤੇ ਉਸ ਪਾਸੋਂ 11250 ਐਮ.ਐੱਲ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਦੋਸ਼ੀ ਖ਼?ਲਾਫ਼ ਮੁਕੱਦਮਾ ਨੰਬਰ 61-1-14 ਆਬਕਾਰੀ ਐਕਟ ਤਹਿਤ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਐਸਐਸਪੀ ਗੁਰਦਾਸਪੁਰ ਆਦਿੱਤਿਆ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਬਾਰੇ ਪੁਲਸ ਨੂੰ ਇਤਲਾਹ ਦੇਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਖ਼?ਲਾਫ਼ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਸੁਰੱਖਿਆ ਏਜੰਸੀਆਂ ਵੱਲੋਂ ਜਾਰੀ ਇਨਪੁੱਟ ਤੋਂ ਬਾਅਦ ਪੁਲਸ ਹਾਈ ਅਲਰਟ 'ਤੇ, ਸਰਚ ਆਪ੍ਰੇਸ਼ਨ ਜਾਰੀ

ਬਮਿਆਲ 23 ਜੂਨ। ਸਰਹੱਦੀ ਖੇਤਰ ਦੇ ਪਿੰਡਾਂ 'ਚ ਸ਼ਨੀਵਾਰ ਨੂੰ ਪੁਲਸ ਵੱਲੋਂ ਸੀਮਾ ਸੁਰੱਖਿਆ ਬਲ ਅਤੇ ਕਮਾਂਡੋ ਫੋਰਸ ਨਾਲ ਮਿਲ ਕੇ ਇੱਕ ਵੱਡਾ ਸਰਚ ਆਪ੍ਰੇਸ਼ਨ ਚਲਾਇਆ ਗਿਆ । ਜਿਸ 'ਚ ਸਰਹੱਦੀ ਪਿੰਡ ਪਹਾੜੀਪੁਰ ,ਮਝੀਰੀ, ਫਰਵਾਲ ਅਤੇ ਮਾਖਣਪੁਰ ਅਦੀ ਪਿੰਡਾਂ ਦੇ ਨਜ਼ਦੀਕ ਖੇਤਰ 'ਚ ਵੱਡੇ ਤੌਰ 'ਤੇ ਛਾਣਬੀਨ ਕੀਤੀ ਗਈ । ਇਸ ਸਰਚ ਆਪ੍ਰੇਸ਼ਨ ਦੀ ਅਗਵਾਈ ਐੱਸ. ਪੀ. ਗੁਰਬਖਸ਼ ਸਿੰਘ ਵੱਲੋਂ ਕੀਤੀ ਗਈ। ਦਰਅਸਲ ਬੀਤੀ ਰਾਤ 9 ਵਜੇ ਦੇ ਕਰੀਬ ਸੁਰੱਖਿਆ ਏਜੰਸੀਆਂ ਦੇ ਵੱਲੋਂ ਪਠਾਨਕੋਟ ਨੂੰ ਲੈ ਕੇ ਇੱਕ ਇਨਪੁੱਟ ਜਾਰੀ ਕੀਤਾ ਗਿਆ ਸੀ ।ਜਿਸ ਤੋਂ ਬਾਅਦ ਜ਼ਿਲ੍ਹਾ ਪੁਲਸ ਰਾਤ ਤੋਂ ਹੀ ਪਠਾਨਕੋਟ ਦੇ ਵਿੱਚ ਹਾਈ ਅਲਰਟ 'ਤੇ ਸੀ। ਜਿਸਦੇ ਚਲਦੇ ਬਮਿਆਲ 'ਚ ਵੀ ਪੁਲਸ ਵੱਲੋਂ ਸਾਰੇ ਹੀ ਨਾਕਿਆਂ 'ਤੇ ਅਲਰਟ ਕਰ ਦਿੱਤਾ ਗਿਆ ਸੀ । ਇਸ ਵਿਸ਼ੇ 'ਤੇ ਜਦੋਂ ਐੱਸ. ਪੀ. ਆਪ੍ਰੇਸ਼ਨ ਗੁਰਬਖਸ਼ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਇੱਕ ਰੂਟੀਨ ਸਰਚ ਆਪ੍ਰੇਸ਼ਨ ਸੀ। ਜਿਸ ਵਿੱਚ ਹਾਲੇ ਤੱਕ ਕਿਸੇ ਵੀ ਸ਼ਕਤੀ ਗਤੀਵਿਧੀ ਮਿਲਣ ਦਾ ਸਮਾਚਾਰ ਸਾਹਮਣੇ ਨਹੀਂ ਆਇਆ ਹੈ।

## ਰੇਲ ਗੱਡੀ ਹੇਠਾਂ ਆਉਣ ਨਾਲ ਵਿਅਕਤੀ ਦੀਆਂ ਲੱਤਾਂ ਕੱਟੀਆਂ

ਬਟਾਲਾ 23 ਜੂਨ। ਰੇਲ ਗੱਡੀ ਹੇਠਾਂ ਆਉਣ ਨਾਲ ਵਿਅਕਤੀ ਦੀਆਂ ਲੱਤਾਂ ਕੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਪੁਲਸ ਦੇ ਐੱਸ.ਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਮਸੀਹ ਪੁੱਤਰ ਸੰਘਾ ਮਸੀਹ ਵਾਸੀ ਨਵਾਂਪਿੰਡ ਪੰਜ ਖੱਡਲ ਅੱਜ ਸਵੇਰੇ ਕਰੀਬ 8 ਵਜੇ ਬਾਈਪਾਸ ਸਥਿਤ ਰੇਲਵੇ ਫਾਟਕ ਨੇੜੇ ਰੇਲਵੇ ਟਰੈਕ ਨੂੰ ਕਰਾਸ ਕਰ ਰਿਹਾ ਸੀ ਕਿ ਇਸੇ ਦੌਰਾਨ ਅੰਮ੍ਰਿਤਸਰ ਤੋਂ ਬਟਾਲਾ ਆ ਰਹੀ ਰੇਲ ਗੱਡੀ ਹੇਠਾਂ ਅਚਾਨਕ ਇਹ ਆ ਗਿਆ, ਜਿਸ ਨਾਲ ਇਸ ਦੀਆਂ ਦੋਵੇਂ ਲੱਤਾਂ ਕੱਟੀਆਂ ਗਈਆਂ। ਓਧਰ, ਇਸ ਹਾਦਸੇ ਦੀ ਸੂਚਨਾ ਮਿਲਣ ਉਪਰੰਤ ਮੌਕੇ 'ਤੇ ਪਹੁੰਚੀ ਐਂਬੂਲੈਂਸ 108 ਦੇ ਕਰਮਚਾਰੀਆਂ ਨੇ ਉਕਤ ਗੰਭੀਰ ਜ਼ਖਮੀ ਵਿਅਕਤੀ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਦਾਖਲ ਕਰਵਾਇਆ, ਜਿਥੋਂ ਡਾਕਟਰਾਂ ਨੇ ਇਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਹੈ। ਬਠਿੰਡਾ 23 ਜੂਨ। ਇੱਕ ਏਜੰਟ ਨੇ ਪੁਰਤਗਾਲ ਭੇਜਣ ਦਾ ਵਾਅਦਾ ਕਰਕੇ ਇੱਕ ਵਿਅਕਤੀ ਨਾਲ 2 ਲੱਖ ਤੋਂ ਵੱਧ ਦੀ ਠੱਗੀ ਮਾਰੀ। ਸਿਵਲ ਲਾਈਨਜ਼ ਪੁਲਸ ਨੇ ਉਸ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੰਜਗਰਾਈਂ ਕਲਾਂ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਅਜੀਤ ਰੋਡ ਦੇ ਰਹਿਣ ਵਾਲੇ ਮੁਲਜ਼ਮ ਅੰਮ੍ਰਿਤਪਾਲ ਸਿੰਘ ਨਾਲ ਪੁਰਤਗਾਲ ਜਾਣ ਲਈ ਗੱਲ ਕੀਤੀ ਸੀ। ਉਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਉਸ ਤੋਂ 2,07,500 ਰੁਪਏ ਲਏ ਪਰ ਨਿਰਧਾਰਤ ਸਮੇਂ 'ਤੇ ਵਿਦੇਸ਼ ਨਹੀਂ ਭੇਜਿਆ। ਬਾਅਦ 'ਚ ਮੁਲਜ਼ਮ ਨੇ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਉਸਦੇ ਪੈਸੇ ਵਾਪਸ ਕੀਤੇ। ਅਜਿਹਾ ਕਰਕੇ ਉਸ ਨੇ ਉਸ ਨਾਲ ਧੋਖਾ ਕੀਤਾ ਹੈ। ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਮੁਲਜਮ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਚਾਰ ਭੈਣਾਂ ਦੇ ਇਕਲੌਤੇ ਭਰਾ ਦੀ ਸੜਕ ਹਾਦਸੇ 'ਚ ਮੌਤ

ਗੁਰਾਇਆ 23 ਜੂਨ। ਗੁਰਾਇਆ ਦੇ ਅੱਟਾ ਪਿੰਡ ਦੇ ਗੇਟ ਸਾਹਮਣੇ ਵਾਪਰੇ ਦਰਦਨਾਕ ਸੜਕ ਹਾਦਸੇ 'ਚ ਆਪਣੀ ਭੈਣ ਨੂੰ ਲੁਧਿਆਣੇ ਮਿਲਣ ਜਾ ਰਹੇ ਮੋਟਰਸਾਈਕਲ ਸਵਾਰ 4 ਭੈਣਾਂ ਦੇ ਇਕਲੌਤੇ ਭਰਾ ਦੀ ਦਰਦਨਾਕ ਮੌਤ ਹੋ ਗਈ। ਇਸ ਸਬੰਧੀ ਏ. ਐੱਸ. ਆਈ. ਬਾਵਾ ਸਿੰਘ ਨੇ ਦੱਸਿਆ ਕਿ ਬੀਤੀ ਸਵੇਰੇ 7 ਵਜੇ ਦੇ ਕਰੀਬ ਇਹ ਹਾਦਸਾ ਵਾਪਰਿਆ, ਜਦੋਂ ਪਠਾਨਕੋਟ ਤੋਂ ਗੁੜਗਾਓਂ ਜਾ ਰਹੇ ਹਿਤੇਸ਼ ਸ਼ਰਮਾ ਪੁੱਤਰ ਰਵਿੰਦਰ ਸ਼ਰਮਾ ਵਾਸੀ ਪਠਾਨਕੋਟ, ਜੋ ਗੁੜਗਾਓ ਵਿਖੇ ਨੌਕਰੀ ਕਰਦਾ ਹੈ, ਆਪਣੀ ਗਰੈਂਡ ਵਿਟਾਰਾ ਗੱਡੀ ਵਿਚ ਪਰਿਵਾਰ ਸਮੇਤ ਗੁੜਗਾਓਂ ਵੱਲ ਜਾ ਰਿਹਾ ਸੀ, ਜਿਸ ਦੀ ਗੱਡੀ ਅੱਗੇ ਜਾ ਰਹੇ ਸਪਲੈਂਡਰ ਮੋਟਰਸਾਈਕਲ ਨਾਲ ਟਕਰਾ ਗਈ।

## ਮੁੱਖ ਮੰਤਰੀ ਨੇ ਹਰਿਆਣਾ ਯੂਨੀਵਰਸਿਟੀਆਂ. . .

Contd................Front page

ਉਨ੍ਹਾਂ ਕਿਹਾ ਕਿ ਵਾਈਸ ਚਾਂਸਲਰਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਹਰਿਆਣਾ ਦੀ ਮੌਜੂਦਗੀ ਨੂੰ ਵਧਾਉਣ ਲਈ ਆਪਣੇ-ਆਪਣੇ ਸੰਸਥਾਨਾਂ ਦੀ ਦਰਜਾਬੰਦੀ ਅਤੇ ਰੇਟਿੰਗ ਵਧਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਨੈਤਿਕ ਲੀਡਰਸ਼ਿਪ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਇਮਾਨਦਾਰੀ, ਨਿਰਪੱਖਤਾ ਅਤੇ ਗੈਰ-ਭੇਦਭਾਵਪੂਰਨ ਪਹੁੰਚ ਨਾਲ ਕੰਮ ਕਰਨਾ ਮਹੱਤਵਪੂਰਨ ਹੈ। ਇਹ ਨਾ ਸਿਰਫ਼ ਅਕਾਦਮਿਕ ਉੱਤਮਤਾ ਲਈ ਮਹੱਤਵਪੂਰਨ ਹੈ, ਸਗੋਂ ਇੱਕ ਹੋਰ ਸਮਾਵੇਸ਼ੀ ਅਤੇ ਟਿਕਾਊ ਸੰਸਥਾਗਤ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਵੀ ਮਹੱਤਵਪੂਰਨ ਹੈ।

# ਡਰਾਈਵਿੰਗ ਲਾਇਸੈਂਸ ਤੇ ਆਰ. ਸੀ. ਨੂੰ ਲੈ ਕੇ ਵੱਡੀ ਰਾਹਤ, ਪੰਜਾਬ ਦੇ ਟਰਾਂਸਪੋਰਟ ਮੰਤਰੀ ਨੇ ਜਾਰੀ ਕੀਤੇ ਨਿਰਦੇਸ਼

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਜਲੰਧਰ 23 ਜੂਨ। ਪੰਜਾਬ ਸਰਕਾਰ ਨੇ ਵੱਡਾ ਫ਼ੈਸਲਾ ਲੈਂਦਿਆਂ ਰਜਿਸਟ?ਰੇਸ਼ਨ ਸਰਟੀਫਿਕੇਟਾਂ (ਆਰ. ਸੀ.) ਅਤੇ ਡਰਾਈਵਿੰਗ ਲਾਈਸੈਂਸਾਂ (ਡੀ. ਐੱਲ.) ਦੀ ਰਜਿਸਟ?ਰੇਸ਼ਨ ਅਤੇ ਰੀਨਿਊਅਲ ਦੇ ਅਧਿਕਾਰ ਖੇਤਰੀ ਅਧਿਕਾਰੀਆਂ ਨੂੰ ਦੇ ਦਿੱਤੇ ਹਨ ਤਾਂ ਜੋ ਆਰ. ਸੀ. ਅਤੇ ਡੀ. ਐੱਲ. ਦੀ ਰਜਿਸਟ?ਰੇਸ਼ਨ ਤੇ ਰੀਨਿਊਅਲ ਸਬੰਧੀ ਪਿਛਲੇ ਕਈ ਸਾਲਾਂ ਦੇ ਬੈਕਲਾਗ ਦਾ ਕੰਮ ਪੂਰਾ ਕੀਤਾ ਜਾ ਸਕੇ ਅਤੇ ਆਮ ਲੋਕਾਂ ਨੂੰ ਰਾਹਤ ਦਿੱਤੀ ਜਾ ਸਕੇ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਬੇ ਦੇ ਨਾਗਰਿਕ ਇਕ ਨਿਰਧਾਰਿਤ ਪ੍ਰਕਿਰਿਆ ਅਪਣਾ ਕੇ ਇਸ ਰਾਹਤ ਦਾ ਲਾਭ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਹੁਣ ਬਿਨੈਕਾਰ ਆਪਣੇ ਪੁਰਾਣੇ ਵ?ਹੀਕਲ ਅਤੇ ਡਰਾਈਵਿੰਗ ਲਾਇਸੈਂਸ ਨੂੰ ਆਨਲਾਈਨ ਕਰਵਾ ਸਕਦੇ ਹਨ ਅਤੇ ਸਬੰਧਿਤ ਦਸਤਾਵੇਜ਼ਾਂ ਨੂੰ ਰੀਨਿਊ ਕਰਵਾ ਸਕਦੇ ਹਨ। ਪੁਰਾਣੇ ਆਰ. ਸੀ. ਅਤੇ ਡੀ. ਐੱਲ. ਨੂੰ ਰੀਨਿਊ ਕਰਨ ਸਬੰਧੀ ਦਸਤਾਵੇਜ਼ਾਂ ਦੀਆਂ ਪ੍ਰਵਾਨਗੀਆਂ ਤੇ




ਆਨਲਾਈਨ ਨਾ ਹੋਣਾ ਵੱਡੀ ਰੁਕਾਵਟ ਬਣਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਇਕ ਲਿਖਤੀ ਪੱਤਰ ਰਾਹੀਂ ਪੰਜਾਬ ਦੀਆਂ ਸਮੂਹ ਰਜਿਸਟਰਿੰਗ ਅਥਾਰਟੀਜ਼ ਅਤੇ ਸਮੂਹ ਲਾਇਸੈਂਸਿੰਗ ਅਥਾਰਟੀਜ਼ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਬੈਕਲਾਗ ਮੁਕੰਮਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਜੋ ਦਸਤਾਵੇਜ਼ ਕੇਂਦਰੀ ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰਾਲਾ ਦੀਆਂ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ, ਉਨ੍ਹਾਂ ਨੂੰ ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਦਫ਼ਤਰ ਵੱਲੋਂ 24 ਮਈ, 2024 ਨੂੰ ਜਾਰੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਨਜਿੱਠਣ ਲਈ ਲਿਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਆਰ. ਸੀ. ਤੇ ਡੀ. ਐੱਲ. ਦੇ ਬੈਕਲਾਗ ਸਬੰਧੀ ਕਾਰਜਕਾਰੀ ਮੈਜਿਸਟ?ਰੇਟ ਤੋਂ ਤਸਦੀਕਸ਼ੁਦਾ ਹਲਫ਼ੀਆ ਬਿਆਨ ਲਿਆ ਜਾਵੇਗਾ, ਜਿਸ 'ਚ ਬੈਕਲਾਗ ਰਾਹੀਂ ਆਨਲਾਈਨ ਕਰਵਾਉਣ ਸਬੰਧੀ, ਮਿਆਦ, ਕੈਟਾਗਿਰੀ, ਮੈਨੂਅਲ ਜਾਰੀ ਕਰਨ ਵਾਲੀ ਅਥਾਰਟੀ, ਟੈਕਸ ਭਰੇ ਹੋਣ ਤੇ ਕੋਈ ਬਕਾਇਆ ਨਾ ਹੋਣ ਸਬੰਧੀ ਅਤੇ ਸਮੁੱਚੀ ਜਾਣਕਾਰੀ ਸਹੀ ਹੋਣ ਸਬੰਧੀ ਇੰਦਰਾਜ ਕਰਨਾ ਹੋਵੇਗਾ।

## ਅਸੀਂ ਦਿੱਲੀ ਭਰ ਵਿੱਚ 70 ਲੱਖ ਤੋਂ ਵੱਧ ਰੁੱਖ ਲਗਾਉਣ ਦਾ ਵਾਅਦਾ . .

Contd..........Front page

5. **ਸਹਿਜ ਅੰਤਰ-ਏਜੰਸੀ ਤਾਲਮੇਲ**: ਜੰਗਲਾਤ ਵਿਭਾਗ ਸਥਾਨ ਦੀ ਤਿਆਰੀ ਲਈ ਐਨਡੀਐਮਸੀ, ਐਮਸੀਡੀ, ਡੀਡੀਏ, ਦਿੱਲੀ ਪੁਲਿਸ ਅਤੇ ਹੋਰ ਨਾਗਰਿਕ ਸੰਸਥਾਵਾਂ ਨਾਲ ਤਾਲਮੇਲ ਕਰੇਗਾ, ਪੌਦੇ ਲਗਾਉਣ ਲਈ ਲੌਜਿਸਟਿਕਸ, ਸੁਰੱਖਿਆ ਅਤੇ ਸਫਾਈ। ਸਿੱਖਿਆ, ਪ੍ਰਚਾਰ ਅਤੇ ਸ਼ਹਿਰੀ ਵਿਕਾਸ ਵਿਭਾਗਾਂ ਤੋਂ ਵੀ ਸਹਾਇਤਾ ਜੁਟਾਈ ਜਾਵੇਗੀ।

"ਅਸੀਂ ਦਿੱਲੀ ਭਰ ਵਿੱਚ 70 ਲੱਖ ਤੋਂ ਵੱਧ ਰੁੱਖ ਲਗਾਉਣ ਦਾ ਵਾਅਦਾ ਕੀਤਾ ਹੈ, ਅਤੇ ਇਹ ਵਣ ਮਹੋਤਸਵ ਉਸ ਵਾਅਦੇ ਵੱਲ ਇੱਕ ਨਿਰਣਾਇਕ ਕਦਮ ਹੈ - ਨਾ ਸਿਰਫ਼ ਗਿਣਤੀ ਵਿੱਚ, ਸਗੋਂ ਇੱਕ ਹਰੀ ਜ਼ਮੀਰ ਨੂੰ ਪਾਲਣ ਵਿੱਚ ਵੀ,"ਵਾਤਾਵਰਣ ਮੰਤਰੀ ਸ਼੍ਰੀ ਮਨਜਿੰਦਰ ਸਿੰਘ ਸਿਰਸਾ ਕਹਿੰਦੇ ਹਨ। ਵਣ ਮਹੋਤਸਵ 2025 ਦਿੱਲੀ ਦੀ ਹਵਾ ਪ੍ਰਦੂਸ਼ਣ ਘਟਾਓ ਯੋਜਨਾ 2025 ਦਾ ਇੱਕ ਮੁੱਖ ਹਿੱਸਾ ਹੈ, ਜਿਸਦੀ ਕਲਪਨਾ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਸਰਕਾਰ ਦੁਆਰਾ ਕੀਤੀ ਗਈ ਹੈ। ਇਹ ਯੋਜਨਾ ਦਿੱਲੀ ਦੇ ਹਵਾ ਗੁਣਵੱਤਾ ਸੰਕਟ ਲਈ ਇੱਕ ਵਿਗਿਆਨਕ ਅਤੇ ਟਿਕਾਊ ਜਵਾਬ ਵਜੋਂ ਸ਼ਹਿਰ ਦੇ ਜੰਗਲ ਅਤੇ ਹਰੇ ਕਵਰ ਨੂੰ ਵਧਾਉਣ ਲਈ ਵਚਨਬੱਧ ਹੈ।

# ਹੋਟਲ 'ਚ ਪ੍ਰੇਮੀ ਨੂੰ ਮਿਲਣ ਗਈ ਨੂੰਹ, ਪਤੀ ਨੂੰ ਦੇਖ ਦੂਜੀ ਮੰਜ਼ਿਲ ਤੋਂ ਮਾਰੀ ਛਾਲ, ਸਹੁਰਿਆਂ ਨੇ ਬਣਾਈ ਵੀਡੀਓ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 23 ਜੂਨ। ਬਾਗਪਤ ਜ਼ਿਲ੍ਹੇ ਦੇ ਬਰੌਟ ਕਸਬੇ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਜਦੋਂ ਇੱਕ ਪਤੀ ਨੂੰ ਇਸ ਗੱਲ ਦੀ ਸੂਚਨਾ ਮਿਲੀ ਕਿ ਉਸਦੀ ਪਤਨੀ ਇੱਕ ਨਿੱਜੀ ਹੋਟਲ ਵਿੱਚ ਕਿਸੇ ਹੋਰ ਆਦਮੀ ਨਾਲ ਮੌਜੂਦ ਹੈ, ਤਾਂ ਉਹ ਤੁਰੰਤ ਮੌਕੇ 'ਤੇ ਪਹੁੰਚ ਗਿਆ। ਪਰ ਜੋ ਹੋਇਆ ਉਹ ਕਿਸੇ ਫ਼?ਲਮੀ ਦ੍ਰਿਸ਼ ਤੋਂ ਘੱਟ ਨਹੀਂ ਸੀ। ਜਿਵੇਂ ਹੀ ਪਤਨੀ ਨੇ ਆਪਣੇ ਪਤੀ ਨੂੰ ਦੇਖਿਆ, ਉਸਨੇ ਹੋਟਲ ਦੀ ਦੂਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ ਅਤੇ ਪਿਛਲੀ ਕੰਧ ਟੱਪ ਕੇ ਬਚ ਨਿਕਲੀ। ਇਸ ਪੂਰੀ ਘਟਨਾ ਦਾ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਬੜੌਤ ਦੇ ਰਹਿਣ ਵਾਲੇ ਕਪਿਲ ਨਾਮ ਦੇ ਇੱਕ ਨੌਜਵਾਨ ਦਾ ਵਿਆਹ ਲਗਭਗ ਛੇ ਸਾਲ ਪਹਿਲਾਂ ਛਪਰੌਲੀ ਥਾਣਾ ਖੇਤਰ ਦੇ ਕਕੌਰ ਕਲਾਂ ਪਿੰਡ ਦੀ ਇੱਕ ਔਰਤ ਨਾਲ ਹੋਇਆ ਸੀ। ਕਪਿਲ ਦਾ ਦੋਸ਼ ਹੈ ਕਿ ਉਸਦੀ ਪਤਨੀ ਦੇ ਵਿਆਹ ਤੋਂ ਪਹਿਲਾਂ ਵੀ ਕਈ ਲੋਕਾਂ ਨਾਲ ਨਾਜਾਇਜ਼ ਸਬੰਧ ਸਨ ਅਤੇ ਇਹ ਵਿਆਹ ਤੋਂ ਬਾਅਦ ਵੀ ਜਾਰੀ ਰਿਹਾ। ਪਰਿਵਾਰ ਵਿੱਚ ਰੋਜ਼ਾਨਾ ਹੋਣ ਵਾਲੇ ਝਗੜਿਆਂ ਦੇ ਪਿੱਛੇ ਕਪਿਲ ਨੇ ਇਸ ਕਾਰਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਤੀ-ਪਤਨੀ ਦੇ ਝਗੜਿਆਂ ਦੀਆਂ ਸ਼ਿਕਾਇਤਾਂ ਪਹਿਲਾਂ ਵੀ ਪੁਲਸ ਕੋਲ ਪਹੁੰਚ ਚੁੱਕੀਆਂ ਹਨ। ਕਪਿਲ ਨੂੰ ਜਿਵੇਂ ਹੀ ਸੂਚਨਾ ਮਿਲੀ ਕਿ ਉਸਦੀ ਪਤਨੀ ਆਪਣੇ ਪ੍ਰੇਮੀ ਨਾਲ ਇੱਕ ਹੋਟਲ ਵਿੱਚ ਹੈ, ਉਹ ਮੌਕੇ 'ਤੇ ਪਹੁੰਚ ਗਿਆ। ਜਦੋਂ ਪਤਨੀ ਨੇ ਆਪਣੇ ਪਤੀ ਨੂੰ ਉਕਤ ਥਾਂ 'ਤੇ ਦੇਖਿਆ ਤਾਂ ਉਹ ਘਬਰਾ ਗਈ ਅਤੇ ਆਪਣੇ ਪਤੀ ਨੂੰ ਦੇਖਿਆ, ਉਸਨੇ ਹੋਟਲ ਦੀ ਦੂਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ ਅਤੇ ਪਿਛਲੀ ਕੰਧ ਟੱਪ ਕੇ ਬਚ ਨਿਕਲੀ। ਇਸ ਪੂਰੀ ਘਟਨਾ ਦਾ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਬੜੌਤ ਦੇ ਰਹਿਣ ਵਾਲੇ ਕਪਿਲ ਨਾਮ ਦੇ ਇੱਕ ਨੌਜਵਾਨ ਦਾ ਵਿਆਹ ਲਗਭਗ ਛੇ ਸਾਲ ਪਹਿਲਾਂ ਛਪਰੌਲੀ ਥਾਣਾ ਖੇਤਰ ਦੇ ਕਕੌਰ ਕਲਾਂ ਪਿੰਡ ਦੀ ਇੱਕ ਔਰਤ ਨਾਲ ਹੋਇਆ ਸੀ। ਕਪਿਲ ਦਾ ਦੋਸ਼ ਹੈ ਕਿ ਉਸਦੀ ਪਤਨੀ ਦੇ ਵਿਆਹ ਤੋਂ ਆਪਣੇ ਆਪ ਨੂੰ ਬਚਾਉਣ ਲਈ ਹੋਟਲ ਦੀ ਦੂਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਇਸ ਤੋਂ ਬਾਅਦ ਉਹ ਕੰਧ ਟੱਪ ਕੇ ਮੌਕੇ ਤੋਂ ਭੱਜ ਗਈ। ਇਸ ਦੌਰਾਨ ਮੌਜੂਦ ਲੋਕਾਂ ਨੇ ਇਸ ਘਟਨਾ ਦੀ ਵੀਡੀਓ ਬਣਾਈ, ਜੋ ਹੁਣ ਇੰਟਰਨੈੱਟ 'ਤੇ ਵਾਇਰਲ ਹੋ ਰਹੀ ਹੈ ਅਤੇ ਲੋਕ ਇਸਨੂੰ ਦੇਖ ਕੇ ਹੈਰਾਨ ਹਨ। ਇਸ ਘਟਨਾ ਤੋਂ ਬਾਅਦ ਪੀੜਤਾ ਦੇ ਪਤੀ ਕਪਿਲ ਨੇ ਬਰੌਟ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਉਸਦਾ ਦੋਸ਼ ਹੈ ਕਿ ਉਸਦੀ ਪਤਨੀ ਹੁਣ ਉਸਦੀ ਦੁਸ਼ਮਣ ਬਣ ਗਈ ਹੈ ਅਤੇ ਉਹ ਉਸਨੂੰ ਕਿਸੇ ਵੀ ਸਮੇਂ ਮਾਰ ਸਕਦੀ ਹੈ। ਕਪਿਲ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਔਰਤ ਦੇ ਕਥਿਤ ਪ੍ਰੇਮੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਨੇ ਨਾ ਸਿਰਫ਼ ਸਥਾਨਕ ਤੌਰ 'ਤੇ ਸਗੋਂ ਸੋਸ਼ਲ ਮੀਡੀਆ 'ਤੇ ਵੀ ਹਲਚਲ ਮਚਾ ਕੇ ਰੱਖ ਦਿੱਤੀ ਹੈ। ਲੋਕ ਵੀਡੀਓ ਨੂੰ ਲੈ ਕੇ ਵੱਖ-ਵੱਖ ਤਰ੍ਹਾ ਦੀਆਂ ਪ੍ਰਤੀਕਿਰਿਆਵਾਂ ਦੇ ਰਹੇ ਹਨ। ਜਿੱਥੇ ਕੁਝ ਲੋਕ ਪਤੀ ਦਾ ਸਮਰਥਨ ਕਰ ਰਹੇ ਹਨ, ਉੱਥੇ ਹੀ ਕੁਝ ਇਸਨੂੰ ਨਿੱਜੀ ਜ਼ਿੰਦਗੀ ਦਾ ਜਨਤਕ ਮਜ਼ਾਕ ਦੱਸ ਰਹੇ ਹਨ।

## ਪੰਜਾਬ 'ਚ ਵੱਡਾ ਹਾਦਸਾ, ਪਰਿਵਾਰ ਸਣੇ ਨਹਿਰ 'ਚ ਡਿੱਗੀ ਕਾਰ

ਖੰਨਾ 23 ਜੂਨ। ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਪਰਤ ਰਹੇ ਪਰਿਵਾਰ ਦੀਆਂ ਖ਼ੁਸ਼ੀਆਂ ਉਸ ਵੇਲੇ ਸੋਗ 'ਚ ਬਦਲ ਗਈਆਂ, ਜਦੋਂ ਉਨ੍ਹਾਂ ਦੀ ਕਾਰ ਸੰਤੁਲਨ ਗੁਆਉਣ ਤੋਂ ਬਾਅਦ ਨਹਿਰ 'ਚ ਜਾ ਡਿੱਗੀ। ਇਸ ਦਰਦਨਾਕ ਹਾਦਸੇ ਦੌਰਾਨ ਪਰਿਵਾਰ ਦੇ 2 ਮੈਂਬਰਾਂ ਦੀ ਮੌਤ ਹੋ ਗਈ ਪਰ 2 ਬੱਚੀਆਂ ਨੂੰ ਰਾਹਗੀਰਾਂ ਦੀ ਦਲੇਰੀ ਕਾਰਨ ਸੁਰੱਖਿਅਤ ਬਚਾ ਲਿਆ ਗਿਆ। ਜਾਣਕਾਰੀ ਮੁਤਾਬਕ ਲੁਧਿਆਣਾ ਦੇ ਜਨਤਾ ਨਗਰ ਦਾ ਰਹਿਣ ਵਾਲਾ ਰੁਪਿੰਦਰ ਸਿੰਘ ਆਪਣੀ ਭਰਜਾਈ ਪਲਵਿੰਦਰ ਕੌਰ ਅਤੇ 2 ਭਤੀਜੀਆਂ ਹਰਲੀਨ ਕੌਰ (10) ਅਤੇ ਹਰਗੁਣ ਕੌਰ (7) ਨਾਲ ਗੁਰਦੁਆਰਾ ਸਾਹਿਬ ਗਿਆ ਹੋਇਆ ਸੀ। ਵਾਪਸੀ ਦੌਰਾਨ ਦਬੁਰਜੀ ਪਿੰਡ ਨੇੜੇ ਉਨ੍ਹਾਂ ਦੀ ਕਾਰ ਅਚਾਨਕ ਬੇਕਾਬੂ ਹੋ ਗਈ ਅਤੇ ਸਿੱਧੀ ਤੇਜ਼ ਵਹਾਅ ਪਾਣੀ ਵਾਲੀ ਨਹਿਰ 'ਚ ਜਾ ਡਿੱਗੀ। ਕਾਰ ਡਿੱਗਣ ਦੀ ਆਵਾਜ਼ ਸੁਣ ਕੇ ਨੇੜਲੇ ਰਾਹਗੀਰ ਤੁਰੰਤ ਮਦਦ ਲਈ ਦੌੜੇ। ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ ਅਤੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਨਹਿਰ 'ਚ ਉਤਰ ਕੇ ਬੱਚੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਦੋਵੇਂ ਬੱਚੀਆਂ ਰੋ-ਰੋ ਇੱਕੋ ਗੱਲ ਪੁੱਛ ਰਹੀਆਂ ਸਨ ਕਿ ਮੰਮੀ ਕਿੱਥੇ ਨੇ, ਤਾਇਆ ਕਿੱਥੇ ਨੇ? ਇਹ ਦਰਦ ਭਰੇ ਸ਼ਬਦ ਸੁਣ ਹਰ ਇਕ ਦੀਆਂ ਅੱਖਾਂ 'ਚ ਹੰਝੂ ਆ ਗਏ। ਉੱਥੇ ਮੌਜੂਦ ਲੋਕਾਂ ਦੀ ਮਦਦ ਨਾਲ ਰੁਪਿੰਦਰ ਸਿੰਘ ਦੀ ਲਾਸ਼ ਬਾਹਰ ਕੱਢੀ ਗਈ ਅਤੇ ਪਲਵਿੰਦਰ ਕੌਰ ਨੂੰ ਰੁਪਿੰਦਰ ਸਿੰਘ ਆਪਣੀ ਭਰਜਾਈ ਪਲਵਿੰਦਰ ਕੌਰ ਅਤੇ 2 ਭਤੀਜੀਆਂ ਹਰਲੀਨ ਕੌਰ (10) ਅਤੇ ਹਰਗੁਣ ਕੌਰ (7) ਨਾਲ ਗੁਰਦੁਆਰਾ ਸਾਹਿਬ ਗਿਆ ਹੋਇਆ ਸੀ। ਵਾਪਸੀ ਦੌਰਾਨ ਦਬੁਰਜੀ ਪਿੰਡ ਨੇੜੇ ਉਨ੍ਹਾਂ ਦੀ ਕਾਰ ਅਚਾਨਕ ਬੇਕਾਬੂ ਹੋ ਗਈ ਅਤੇ ਸਿੱਧੀ ਤੇਜ਼ ਵਹਾਅ ਪਾਣੀ ਵਾਲੀ ਨਹਿਰ 'ਚ ਜਾ ਡਿੱਗੀ। ਕਾਰ ਡਿੱਗਣ ਦੀ ਆਵਾਜ਼ ਸੁਣ ਕੇ ਨੇੜਲੇ ਰਾਹਗੀਰ ਤੁਰੰਤ ਮਦਦ ਲਈ ਦੌੜੇ। ਉਨ੍ਹਾਂ ਨੇ ਪੁਲਸ ਗੰਭੀਰ ਹਾਲਤ 'ਚ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਬਾਰੇ ਏ. ਐੱਸ. ਆਈ. ਸਤਪਾਲ ਸਿੰਘ ਦਾ ਕਹਿਣਾ ਹੈ ਕਿ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਰਾਹਤ ਕਰਾਜ ਸ਼ੁਰੂ ਕਰਵਾਏ। ਕਾਰ ਨੂੰ ਲੋਕਾਂ ਦੀ ਮਦਦ ਨਾਲ ਨਹਿਰ 'ਚੋਂ ਬਾਹਰ ਕੱਢਿਆ ਗਿਆ। ਉਨ੍ਹਾਂ ਕਿਹਾ ਕਿ ਇਹ ਹਾਦਸਾ ਕਿਵੇਂ ਹੋਇਆ, ਇਸ ਦੀ ਜਾਂਚ ਜਾਰੀ ਹੈ।

## ਪੰਜਾਬ ਭਿਆਨਕ ਗਰਮੀ ਦੀ ਲਪੇਟ 'ਚ ! 'ਲੂ' ਨਾਲ ਅੰਮ੍ਰਿਤਸਰ ਤੇ ਖਰੜ 'ਚ 2 ਲੋਕਾਂ ਦੀ ਮੌਤ

**ਕੌਮੀ ਪਤ੍ਰਿਕਾ**

ਜਲੰਧਰ 23 ਜੂਨ। ਗੁਆਂਢੀ ਸੂਬਿਆਂ ਸਮੇਤ ਪੰਜਾਬ ਭਿਆਨਕ ਗਰਮੀ ਦੀ ਲਪੇਟ 'ਚ ਆ ਚੁੱਕਾ ਹੈ ਅਤੇ ਲੂ ਦੇ ਕਹਿਰ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਹੈ। ਇਸੇ ਕ੍ਰਮ ਵਿਚ ਬੀਤੇ ਦਿਨ 2 ਵੱਖ-ਵੱਖ ਸ਼ਹਿਰਾਂ 'ਚ ਗਰਮੀ ਨਾਲ 2 ਲੋਕਾਂ ਦੀ ਮੌਤ ਹੋ ਗਈ। ਮੌਸਮ ਵਿਭਾਗ ਦੀ ਜਾਣਕਾਰੀ ਮੁਤਾਬਕ ਪਿਛਲੇ 24 ਘੰਟਿਆਂ ਦੌਰਾਨ ਬਠਿੰਡਾ 'ਚ ਸਭ ਤੋਂ ਵੱਧ ਤਾਪਮਾਨ ਬਠਿੰਡਾ 'ਚ 43.8 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਲੂ ਦੀ ਸਥਿਤੀ ਦਰਮਿਆਨ ਲੁਧਿਆਣਾ 'ਚ 43 ਡਿਗਰੀ ਵੱਧ ਤੋਂ ਵੱਧ ਤਾਪਮਾਨ ਰਿਕਾਰਡ ਕੀਤਾ ਗਿਆ ਜਦਕਿ ਬਠਿੰਡਾ 'ਚ 41.4, ਫਰੀਦਕੋਟ 'ਚ 42, ਗੁਰਦਾਸਪੁਰ 'ਚ 40 ਜਦਕਿ ਬੱਲੋਵਾਲ 'ਚ 39.2 ਡਿਗਰੀ ਵੱਧ ਤੋਂ ਵੱਧ ਤਾਪਮਾਨ ਰਿਹਾ। ਇਸ ਦੇ ਨਾਲ ਹੀ ਖਰੜ ਦੇ ਬੱਸ ਸਟੈਂਡ ਨੇੜੇ ਇਕ ਵਿਅਕਤੀ ਬੇਹੋਸ਼ ਪਾਇਆ ਗਿਆ ਅਤੇ ਹਸਪਤਾਲ ਲਿਜਾਣ 'ਤੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਕੰਪਨੀ ਬਾਗ ਨੇੜੇ ਇਕ ਲਾਸ਼ ਮਿਲੀ। ਸ਼ੁਰੂਆਤੀ ਜਾਂਚ ਵਿਚ ਮੌਤਾਂ ਗਰਮੀ ਅਤੇ ਲੂ ਕਾਰਨ ਹੋਈਆਂ ਦੱਸੀਆਂ ਜਾ ਰਹੀਆਂ ਹਨ। ਦੂਜੇ ਪਾਸੇ ਮੌਸਮ ਵਿਭਾਗ ਨੇ 15 ਤੋਂ 18 ਜੂਨ ਲਈ 'ਯੈਲੋ ਅਲਰਟ' ਜਾਰੀ ਕੀਤਾ ਹੈ। ਇਸ ਅਨੁਸਾਰ ਰਾਤਾਂ ਦੌਰਾਨ ਤਾਪਮਾਨ ਵਧੇਗਾ ਅਤੇ ਗਰਮ ਹਵਾਵਾਂ ਦਾ ਸਾਹਮਣਾ ਕਰਨਾ ਪਵੇਗਾ। ਫਿਲਹਾਲ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ, ਜਿਸ ਕਾਰਨ ਗਰਮੀ ਆਪਣਾ ਰੰਗ ਤਾਪਮਾਨ ਬਠਿੰਡਾ 'ਚ 43.8



ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਲੂ ਦੀ ਸਥਿਤੀ ਦਰਮਿਆਨ ਲੁਧਿਆਣਾ 'ਚ 43 ਡਿਗਰੀ ਵੱਧ ਤੋਂ ਵੱਧ ਤਾਪਮਾਨ ਰਿਕਾਰਡ ਕੀਤਾ ਗਿਆ ਜਦਕਿ ਬਠਿੰਡਾ 'ਚ 41.4, ਫਰੀਦਕੋਟ 'ਚ 42, ਗੁਰਦਾਸਪੁਰ 'ਚ 40 ਜਦਕਿ ਬੱਲੋਵਾਲਵਿਖਾਉਂਦੀ ਨਜ਼ਰ ਆਵੇਗੀ। ਖਰੜ ਅਤੇ ਅੰਮ੍ਰਿਤਸਰ ਤੋਂ ਬਰਾਮਦ ਲਾਸ਼ਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਇਕ ਮ੍ਰਿਤਕ ਦੀ ਲਾਸ਼ ਖਰੜ ਸਿਵਲ ਹਸਪਤਾਲ ਵਿਚ ਅਤੇ ਦੂਜੀ ਲਾਸ਼ ਅੰਮ੍ਰਿਤਸਰ ਸਿਵਲ ਹਸਪਤਾਲ ਵਿਚ ਰੱਖਵਾ ਦਿੱਤੀ ਗਈ ਹੈ। ਪੁਲਸ ਜਾਂਚ ਜਾਰੀ ਹੈ।

# ਓਐਲਐਕਸ ਰੈਂਟਲ ਫ਼ਰਾਡ ਦਾ ਪਰਦਾਫਾਸ਼; 23 ਪੀੜਤਾਂ ਨਾਲ 5 ਲੱਖ ਰੁਪਏ ਦੀ ਠੱਗੀ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਗ੍ਰਿਫ਼ਤਾਰ

**➢ ਪੀੜਤਾਂ ਨੂੰ ਧੋਖਾ ਦੇਣ ਲਈ ਓਐਲਐਕਸ ’ਤੇ ਫਰਜ਼ੀ ਜਾਇਦਾਦ ਇਸ਼ਤਿਹਾਰ ਪੋਸਟ ਕਰਦਾ ਸੀ ਗ੍ਰਿਫਤਾਰ ਕੀਤਾ ਦੋਸ਼ੀ : ਏਡੀਜੀਪੀ ਵੀ. ਨੀਰਜਾ ➢ ਪੇਸ਼ਗੀ ਪ੍ਰਾਪਤ ਕਰਨ ਉਪਰੰਤ ਗਾਹਕਾਂ ਨੂੰ ਜਵਾਬ ਦੇਣਾ ਬੰਦ ਕਰ ਦਿੰਦਾ ਸੀ ਦੋਸ਼ੀ**

ਚੰਡੀਗੜ੍ਹ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਸਾਈਬਰ ਅਪਰਾਧ ਵਿਰੁੱਧ ਅਹਿਮ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਦੇ ਰਾਜ ਸਾਈਬਰ ਅਪਰਾਧ ਪੁਲਿਸ ਸਟੇਸ਼ਨ ਨੇ ਓਐਲਐਕਸ ਰੈਂਟਲ ਫਰਾਡ ਦੇ ਕਈ ਮਾਮਲਿਆਂ ਵਿੱਚ ਸ਼ਾਮਲ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਮੁਲਜ਼ਮ , ਜਿਸਦੀ ਪਛਾਣ ਮੋਹਾਲੀ ਦੇ ਖਰੜ ਵਿੱਚ ਰਹਿਣ ਵਾਲੇ ਪਰਮਜੀਤ ਸਿੰਘ ਵਜੋਂ ਹੋਈ ਹੈ, ਨੂੰ ਇੰਸਪੈਕਟਰ ਦਲਜੀਤ ਸਿੰਘ ਨੇ, ਭਾਰਤੀ ਗ੍ਰਹਿ ਮੰਤਰਾਲੇ ਦੇ ਸਾਈਬਰ ਅਪਰਾਧ ਤਾਲਮੇਲ ਕੇਂਦਰ (ਆਈ4ਸੀ) ਦੇ ਪ੍ਰਤੀਬਿੰਬ ਪੋਰਟਲ ’ਤੇ ਰਿਪੋਰਟ ਕੀਤੇ ਗਏ ਸਾਈਬਰ ਧੋਖਾਧੜੀ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨੇ ਓਐਲਐਕਸ ’ਤੇ ਜਾਅਲੀ ਕਿਰਾਇਆ ਇਸ਼ਤਿਹਾਰਾਂ ਰਾਹੀਂ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਆਦਿ ਰਾਜਾਂ ਨਾਲ ਸਬੰਧਤ ਘੱਟੋ-ਘੱਟ 23 ਪੀੜਤਾਂ ਨਾਲ ਲਗਭਗ 5 ਲੱਖ ਰੁਪਏ ਦੀ ਠੱਗੀ ਮਾਰੀ ਹੈ।

ਮੁਲਜ਼ਮ ਵਿਅਕਤੀ ਵੱਲੋਂ ਠੱਗੀ ਲਈ ਅਪਣਾਏ ਗਏ ਢੰਗ-ਤਰੀਕੇ ਬਾਰੇ ਦੱਸਦਿਆਂ , ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਸਾਈਬਰ ਅਪਰਾਧ ਵੀ. ਨੀਰਜਾ ਨੇ ਕਿਹਾ ਕਿ ਮੁਲਜ਼ਮ ਪਰਮਜੀਤ ਸਿੰਘ ਧੋਖਾਧੜੀ ਕਰਨ ਲਈ ਓਐਲਐਕਸ ’ਤੇ ਫਰਜ਼ੀ ਜਾਇਦਾਦ ਇਸ਼ਤਿਹਾਰ ਪੋਸਟ ਕਰਦਾ ਸੀ, ਪੀੜਤਾਂ ਨੂੰ ਆਕਰਸ਼ਕ ਤੇ ਵੱਡੇ ਮੁਨਾਫ਼ਿਆਂ ਦਾ ਲਾਲਚ ਦਿੰਦਾ ਸੀ।

ਏਡੀਜੀਪੀ ਨੇ ਕਿਹਾ ,“ ਲੋਕਾਂ ਦਾ ਵਿਸ਼ਵਾਸ ਹਾਸਲ ਕਰਨ ਲਈ ਉਹ (ਦੋਸ਼ੀ), ਜਾਇਦਾਦ ਦੇ ਜਾਅਲੀ ਦਸਤਾਵੇਜ਼ ਅਤੇ ਤਸਵੀਰਾਂ ਸਾਂਝੀਆਂ ਕਰਦਾ ਸੀ। ਜਦੋਂ ਪੀੜਤ ਉਸਦੇ ਝਾਂਸੇ ਵਿੱਚ ਆ ਕੇ ਜਾਇਦਾਦ ਕਿਰਾਏ ’ਤੇ ਲੈਣ ਲਈ ਸਹਿਮਤ ਹੋ ਜਾਂਦੇ ਤਾਂ ਮੁਲਜ਼ਮ ਉਨ੍ਹਾਂ ਨੂੰ ਯੂਪੀਆਈ ਜਾਂ ਬੈਂਕ ਟਰਾਂਸਫਰ ਰਾਹੀਂ ਪੇਸ਼ਗੀ ਕਿਰਾਇਆ, ਸੈਕਿਉਰਿਟੀ ਦੀ ਰਕਮ, ਜਾਂ ਰਜਿਸਟਰੇਸ਼ਨ ਫੀਸ ਵਜੋਂ ਪੈਸੇ ਟਰਾਂਸਫਰ ਕਰਨ ਲਈ ਰਾਜ਼ੀ ਕਰ ਲੈਂਦਾ ,”। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਭੁਗਤਾਨ ਹੋ ਜਾਂਦਾ ਤਾਂ ਦੋਸ਼ੀ ਉਨ੍ਹਾਂ ਨਾਲ ਰਾਬਤਾ ਬੰਦ ਕਰ ਦਿੰਦਾ ਸੀ।

ਏਡੀਜੀਪੀ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਪਰਮਜੀਤ , ਗਾਹਕਾਂ ਤੋਂ ਆਪਣੇ ਵੱਖ-ਵੱਖ ਬੈਂਕ ਖਾਤਿਆਂ - ਐਕਸਿਸ ਬੈਂਕ, ਸੈਂਟਰਲ ਬੈਂਕ ਆਫ਼ ਇੰਡੀਆ, ਯੈੱਸ ਬੈਂਕ ਅਤੇ ਐਚਡੀਐਫਸੀ ਬੈਂਕ - ਵਿੱਚ ਯੂਪੀਆਈ ਅਤੇ ਭੁਗਤਾਨ ਦੇ ਹੋਰ ਔਨਲਾਈਨ ਤਰੀਕਿਆਂ ਰਾਹੀਂ ਪੈਸੇ ਟਰਾਂਸਫਰ ਕਰਾਉਂਦਾ ਸੀ। ਇਸ ਸਬੰਧੀ ਹੋਰ ਵੇਰਵਿਆਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਪੰਜਾਬ ਦੇ ਸਟੇਟ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿਖੇ ਬੀਐਨਐਸ ਦੀ ਧਾਰਾ 316(2) ਅਤੇ 318(4) ਅਤੇ ਆਈਟੀ ਐਕਟ ਦੀ ਧਾਰਾ 66ਡੀ ਅਧੀਨ ਐਫਆਈਆਰ ਨੰਬਰ 07 ਮਿਤੀ 10.06.2025 ਨੂੰ ਕੇਸ ਦਰਜ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਏਡੀਜੀਪੀ ਸਾਈਬਰ ਕ੍ਰਾਈਮ ਵੀ ਨੀਰਜਾ ਨੇ ਜਨਤਾ ਨੂੰ ਓਐਲਐਕਸ ਪਲੇਟਫਾਰਮ ’ਤੇ ਉਪਲਬਧ ਇਸ਼ਤਿਹਾਰਾਂ ਤੋਂ ਸਾਵਧਾਨ ਰਹਿਣ ਅਤੇ ਕੋਈ ਵੀ ਪੇਸ਼ਗੀ ਭੁਗਤਾਨ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ। ਕੋਈ ਵੀ ਸੌਦਾ ਕਰਨ ਤੋਂ ਪਹਿਲਾਂ ਇਸ਼ਤਿਹਾਰ ਦੀ ਪੁਸ਼ਟੀ ਕਰਨਾ ਮਹੱਤਵਪੂਰਨ ਤੇ ਅਤਿ ਜ਼ਰੂਰੀ ਹੈ। ਧੋਖਾਧੜੀ ਦੀ ਸਥਿਤੀ ਵਿੱਚ, ਪੀੜਤ ਨੂੰ ਸਾਈਬਰ ਧੋਖਾਧੜੀ ਦੀ ਰਿਪੋਰਟ ਕਰਨ ਲਈ ਤੁਰੰਤ ਹੈਲਪਲਾਈਨ 1930 ’ਤੇ ਕਾਲ ਕਰਨੀ ਚਾਹੀਦੀ ਹੈ ਜਾਂ cybercrime.gov.in ’ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਸਾਈਬਰ ਧੋਖਾਧੜੀ ਨਾਲ ਸਬੰਧਤ ਹੋਰ ਜਾਣਕਾਰੀ ਲਈ, cybercrime.punjabpolice.gov.in ’ਤੇ ‘ਸਾਇਬਰ ਮਿੱਤਰ’ ਚੈਟਬੋਟ ਦੀ ਵਰਤੋਂ ਕੀਤੀ ਜਾ ਸਕਦੀ ਹੈ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਮੁੱਦਕੀ ਵਿਖੇ ਨਹਿਰੀ ਪਾਣੀ ਪੀਣਯੋਗ ਬਣਾ ਕੇ ਘਰਾਂ ਤੱਕ ਪਹੁੰਚਾਉਣ ਦੇ ਪ੍ਰਾਜੈਕਟ ਦਾ ਰੱਖਿਆ ਨੀਂਹ ਪੱਥਰ

**➢ ਮੁੱਦਕੀ ਵਿਖੇ 14.27 ਕਰੋੜ ਦੇ ਪ੍ਰੋਜੈਕਟ ਨਾਲ 2400 ਘਰਾਂ ਤੱਕ ਪਹੁੰਚੇਗਾ ਨਹਿਰੀ ਪਾਣੀ: ਡਾ. ਰਵਜੋਤ ਸਿੰਘ ➢ ਮੁੱਦਕੀ ਵਿੱਚ ਆਏ ਇਤਿਹਾਸਿਕ ਪ੍ਰੋਜੈਕਟ ਗ੍ਰਾਂਟ: ਵਿਧਾਇਕ ਰਜਨੀਸ਼ ਦਹੀਯਾ**



ਚੰਡੀਗੜ੍ਹ/ ਫ਼ਿਰੋਜ਼ਪੁਰ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਫਿਰੋਜ਼ਪੁਰ ਦਿਹਾਤੀ ਹਲਕੇ ਦੇ ਕਸਬਾ ਮੁੱਦਕੀ ਨਗਰ ਪੰਚਾਇਤ ਦੀ ਹੱਦੂਦ ਅੰਦਰ ਰਹਿਣ ਵਾਲੇ ਹਰ ਘਰ ਨੂੰ ਪੀਣ ਵਾਲਾ ਸਾਫ ਨਹਿਰੀ ਪਾਣੀ ਮੁਹਈਆ ਕਰਵਾਉਣ ਦੇ ਮਕਸਦ ਨਾਲ ਅੱਜ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਡਾ. ਰਵਜੋਤ ਸਿੰਘ ਨੇ 14.27 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਵਿਧਾਇਕ ਹਲਕਾ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਸ੍ਰੀ ਰਜਨੀਸ਼ ਕੁਮਾਰ ਦਹੀਯਾ, ਵਿਧਾਇਕ ਜ਼ੀਰਾ ਸ੍ਰੀ ਨਾਰੇਸ਼ ਕਟਾਰੀਆ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੁਕੰਮਲ ਹੋਣ ਵਾਲੇ ਇਸ ਮੈਗਾ ਪ੍ਰਾਜੈਕਟ ਨਾਲ ਮੁੱਦਕੀ ਵਾਸੀਆਂ ਨੂੰ ਕੁਦਰਤੀ ਤੱਤਾਂ ਤੋਂ ਭਰਪੂਰ ਨਹਿਰੀ ਪਾਣੀ ਨਾਲ ਤੰਦਰੁਸਤ ਜੀਵਨ ਲਈ ਬਹੁਤ ਵੱਡੀ ਸੋਗਾਤ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ 15 ਮਹੀਨਿਆਂ ਵਿੱਚ ਤਿਆਰ ਹੋ ਜਾਵੇਗਾ ਅਤੇ ਇਸ ਦੇ ਨਾਲ ਮੁੱਦਕੀ ਦੇ 2400 ਘਰਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਹੋਵੇਗਾ।

ਕੈਬਨਿਟ ਮੰਤਰੀ ਡਾ. ਰਵਜੋਤ ਨੇ ਦੱਸਿਆ ਕਿ ਨੇ ਦੱਸਿਆ ਕਿ ਅੰਮ੍ਰਿਤ ਯੋਜਨਾ ਅਧੀਨ ਬਣਨ ਵਾਲੇ ਇਸ ਪ੍ਰੋਜੈਕਟ ਅਧੀਨ ਹਰ ਘਰ ਤੱਕ ਪਾਣੀ ਪਹੁੰਚਾਉਣ ਲਈ ਕਰੀਬ 33.69 ਕਿਲੋਮੀਟਰ ਲੰਬਾਈ ਵਿੱਚ ਪੀਣ ਵਾਲੇ ਪਾਣੀ ਦੀਆਂ ਨਵੀਆਂ ਪਾਈਪਾਂ ਪਾਈਆਂ ਜਾਣਗੀਆਂ, ਘਰਾਂ ਵਿੱਚ ਪਾਣੀ ਦੇ ਕੁਨੈਕਸ਼ਨ ਕੀਤੇ ਜਾਣਗੇ ਅਤੇ ਪਾਣੀ ਦੀ ਉੱਚੀ ਟੈਂਕੀ ਬਣਾਈ ਜਾਵੇਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੂਰੇ ਪੰਜਾਬ ਵਿੱਚ ਹਰ ਪੱਖੋਂ ਵਿਕਾਸ ਕੀਤਾ ਜਾ ਰਿਹਾ ਹੈ। ਮੁੱਦਕੀ ਵਾਸੀਆਂ ਦੀ ਮੰਗ ਤੇ ਕੈਬਨਿਟ ਮੰਤਰੀ ਨੇ ਭਰੋਸਾ ਦਵਾਇਆ ਕਿ ਮੁੱਦਕੀ ਵਿਖੇ ਹੋਰ ਵਿਕਾਸ ਕਾਰਜ ਵੀ ਕਰਵਾਏ ਜਾਣਗੇ ਅਤੇ ਮੁੱਦਕੀ ਦੇ ਵਿਕਾਸ ਦੀ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਵਿਧਾਇਕ ਹਲਕਾ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਸ੍ਰੀ ਰਜਨੀਸ਼ ਕੁਮਾਰ ਦਹੀਯਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ ਮੁਦਕੀ ਵਿੱਚ ਇਤਿਹਾਸਿਕ ਵਿਕਾਸ ਕਾਰਜ ਹੋ ਰਹੇ ਹਨ। ਹਲਕੇ ਦੀ ਤਰੱਕੀ ਅਤੇ ਲੋਕਾਂ ਦੀ ਸੇਵਾ ਲਈ ਉਹ ਹਮੇਸ਼ਾ ਹੀ ਯਤਨਸ਼ੀਲ ਹਨ।

ਇਸ ਮੈਗਾ ਪ੍ਰਾਜੈਕਟ ਨਾਲ ਮੁੱਦਕੀ ਵਾਸੀਆਂ ਨੂੰ ਕੁਦਰਤੀ ਤੱਤਾਂ ਤੋਂ ਭਰਪੂਰ ਸਾਫ਼ ਨਹਿਰੀ ਪਾਣੀ ਨਾਲ ਤੰਦਰੁਸਤ ਜੀਵਨ ਲਈ ਬਹੁਤ ਵੱਡੀ ਸੋਗਾਤ ਮਿਲੇਗੀ। ਇਸ ਪ੍ਰੋਜੈਕਟ ਤੋਂ ਪਹਿਲਾਂ ਵੀ ਮੁੱਦਕੀ ਵਿੱਚ ਕਰੀਬ 22 ਕਰੋੜ ਰੁਪਏ ਦੇ ਸੀਵਰੇਜ ਪਾਉਣ ਦਾ ਪ੍ਰੋਜੈਕਟ ਚੱਲ ਰਿਹਾ ਹੈ ਜੋ ਕਰੀਬ 75% ਮੁਕੰਮਲ ਹੋ ਚੁੱਕਾ ਹੈ। ਸੀਵਰੇਜ ਪ੍ਰਾਜੈਕਟ ਮੁਕੰਮਲ ਹੋਣ ਤੋਂ ਬਾਅਦ ਮੁੱਦਕੀ ਵਾਸੀਆਂ ਨੂੰ ਗਲੀਆਂ ਨਾਲੀਆਂ ਅਤੇ ਗੰਦੇ ਪਾਣੀ ਤੋਂ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਸਾਰਿਆਂ ਦੇ ਸਹਿਯੋਗ ਨਾਲ ਹੀ ਮਿਲ ਰਹੇ ਹਨ। ਉਨ੍ਹਾਂ ਅਪੀਲ ਕੀਤੀ ਕੀ ਸਾਰੇ ਮੁੱਦਕੀ ਵਾਸੀ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣ ਅਤੇ ਮੁੱਦਕੀ ਨੂੰ ਵਿਕਾਸ ਦੇ ਰਾਹਾਂ ਦੇ ਲਿਆਉਣ। ਇਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਦੇ ਵਿਧਾਇਕ ਦਹੀਯਾ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਧੰਨਵਾਦ ਕੀਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਸਾਰਿਆ ਨੂੰ ਜੀ ਆਇਆ ਆਖਿਆ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਇਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਲਈ ਧੰਨਵਾਦ ਕੀਤਾ।

ਇਸ ਮੌਕੇ ਐੱਸ.ਐੱਸ.ਪੀ. ਸ. ਭੁਪਿੰਦਰ ਸਿੰਘ ਸਿੱਧੂ, ਐੱਸ.ਡੀ.ਐੱਮ. ਗੁਰਮੀਤ ਸਿੰਘ, ਐਕਸੀਅਨ ਵਾਟਰ ਸਿਪਲਾਈ ਅਤੇ ਸੀਵਰੇਜ ਬੋਰਡ ਸੁਪਿੰਦਰ ਸਿੰਘ, ਪ੍ਰਧਾਨ ਨਗਰ ਪੰਚਾਇਤ ਮੁੱਦਕੀ ਸ੍ਰੀਮਤੀ ਗੁਰਜੀਤ ਕੌਰ, ਚੇਅਰਮੈਨ ਮਾਰਕਿਟ ਕਮੇਟੀ ਫਿਰੋਜ਼ਪੁਰ ਛਾਉਣੀ ਬੇਅੰਤ ਸਿੰਘ ਹਕੂਮਤ ਵਾਲਾ, ਸਲਾਹਕਾਰ ਕਮੇਟੀ ਦੇ ਮੈਂਬਰ ਡਾਕਟਰ ਕੁਲਦੀਪ ਸਿੰਘ ਨਾਗੀ, ਐਮਸੀ ਰੋਸ਼ਨ ਲਾਲ ਮਨਚੰਦਾ ਪ੍ਰਿੰਸ ਗੁਪਤਾ ਕੁਲਦੀਪ ਸਿੰਘ ਖੋਸਾ, ਗੁਰਪ੍ਰੀਤ ਸਿੰਘ ਬਰਾੜ ਬਲਾਕ ਪ੍ਰਧਾਨ ਜਗਤਾਰ ਸਿੰਘ, ਮੁਲਾਜ਼ਮ ਵਿੰਗ ਦੇ ਜਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਸਰਪੰਚ ਗੁਰਨਾਮ ਸਿੰਘ ਚੰਦੜ ਵੱਖ-ਵੱਖ ਵਾਰਡਾਂ ਦੇ ਐਮ.ਸੀ. ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਅਤੇ ਮੁੱਦਕੀ ਵਾਸੀ ਹਾਜ਼ਰ ਸਨ।

# ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ ਵਲੋਂ ਪੰਜਾਬ ਦੇ ਜਲ ਸਰੋਤਾਂ ਦੀ ਉਪਲਬਧਤਾ ਅਤੇ ਪਾਣੀ ਨਾਲ ਸਬੰਧੀ ਅਧਿਐਨ ਰਿਪੋਰਟ ਪੰਜਾਬ ਵਿਧਾਨ ਸਭਾ ਦੀ ਕਮੇਟੀ ਨੂੰ ਸੌਂਪੀ



ਚੰਡੀਗੜ੍ਹ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ ਨੇ ਨੈਸ਼ਨਲ ਇੰਸਟੀਚਿਊਟ ਹਾਈਡ ?ਰੋਲੋਜੀ, ਰੁੜਕੀ ਤੋਂ ਪੰਜਾਬ ਦੇ ਜਲ ਸਰੋਤਾਂ ਦੀ ਉਪਲਬਧਤਾ ਅਤੇ ਪਾਣੀ ਨਾਲ ਸਬੰਧਤ ਹੋਰ ਮੁੱਦਿਆਂ ’ਤੇ ਇੱਕ ਅਧਿਐਨ ਕਰਵਾਇਆ ਹੈ। ਇਸ ਰਿਪੋਰਟ ਦੇ ਨਤੀਜੇ ਪੰਜਾਬ ਵਿਧਾਨ ਵੱਲੋਂ ਗਠਿਤ ਗੁਰਜੀਤ ਸਿੰਘ ਰਾਣਾ ਦੀ ਪ੍ਰਧਾਨਗੀ ਹੇਠ 6 ਵਿਧਾਇਕਾਂ ਦੀ ਵਿਧਾਨ ਸਭਾ ਕਮੇਟੀ ਨੂੰ ਸੌਂਪੇ ਗਏ ਹਨ। ਕਮੇਟੀ ਨੇ ਇਸ ਰਿਪੋਰਟ ਦੀ ਸ਼ਲਾਘਾ ਕੀਤੀ ਹੈ ਅਤੇ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਿੰਮਣ ਪੈਟਰਨ ਨੂੰ ਮਾਪਣ ਦੇ ਨਾਲ-ਨਾਲ ਕਾਰਬਨ ਡੇਟਿੰਗ ਅਤੇ ਆਈਸੋਟੋਪ ਤਕਨਾਲੋਜੀਆਂ ਦੀ ਵਰਤੋਂ ਕਰਕੇ ਇਸ ਦੇ ਦਾਇਰੇ ਨੂੰ ਸੂਖਮ ਦਰ ਤੱਕ ਵਧਾਉਣ ਲਈ ਅਧਿਐਨ ਕਰੇ। ਪੰਜਾਬ ਦੀਆਂ ਵੱਧ ਰਹੀਆਂ ਪਾਣੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ ਨੇ ਅੱਜ ਪ੍ਰਮੁੱਖ ਜਲ ਮਾਹਿਰਾਂ ਅਤੇ ਵਿਗਿਆਨੀਆਂ ਦੀ 15 ਏਜੰਡਾ ਨੁਕਤਿਆਂ ਤਹਿਤ ਉੱਚ ਪੱਧਰੀ ਮੀਟਿੰਗ ਸੱਦੀ ਜਿਸ ਦੀ ਪ੍ਰਧਾਨਗੀ ਕਮਿਸ਼ਨ ਦੇ ਚੇਅਰਮੈਨ ਪ੍ਰੋ. ਸੁਖਪਾਲ ਸਿੰਘ ਨੇ ਕੀਤੀ, ਮੀਟਿੰਗ ਵਿੱਚ ਆਈਆਈਟੀ ਰੋਪੜ ਦੇ ਡੀਨ (ਸੀ.ਏ.ਪੀ.ਐਸ.) ਡਾ. ਪੁਸ਼ਪੇਂਦਰ ਪਾਲ ਸਿੰਘ, ਡਾ. ਸਰਬਜੋਤ ਕੌਰ, ਰੇਡੀਓਐਕਟਿਵ ਟੂਲਜ਼ ’ਤੇ ਪ੍ਰਮੁੱਖ ਵਿਗਿਆਨੀ, ਆਈਆਈਟੀ ਰੋਪੜ; ਹਰਸ਼ਦ ਕੁਲਕਰਨੀ, ਸਹਾਇਕ ਪ੍ਰੋਫੈਸਰ, ਆਈਆਈਟੀ ਮੰਡੀ, ਡਾ ਰਣਜੀਤ ਕੇ ਝਾਅ, ਆਈਆਈਟੀ ਮੰਡੀ; ਗੋਪਾਲ ਕ੍ਰਿਸ਼ਨ, ਵਿਗਿਆਨੀ-ਈ, ਨੈਸ਼ਨਲ ਇੰਸਟੀਚਿਊਟ ਆਫ ਹਾਈਡ ?ਰੋਲੋਜੀ (ਐਨਆਈਐਚ), ਰੁੜਕੀ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦਾ ਆਯੋਜਨ ਕਮਿਸ਼ਨ ਦੇ ਪ੍ਰਬੰਧਕੀ ਅਧਿਕਾਰੀ-ਕਮ-ਸਕੱਤਰ ਡਾ. ਰਣਜੋਧ ਸਿੰਘ ਬੈਂਸ ਨੇ ਕੀਤਾ। ਬਾਗਬਾਨੀ ਵਿਭਾਗ ਦੇ ਸਾਬਕਾ ਡਾਇਰੈਕਟਰ ਡਾ: ਗੁਰਕੰਵਲ ਸਿੰਘ ਨੇ ਵੀ ਸੂਬੇ ਨੂੰ ਦਰਪੇਸ਼ ਚੁਣੌਤੀਆਂ ਬਾਰੇ ਆਪਣੀ ਮਾਹਿਰਾਨਾ ਰਾਏ ਸਾਂਝੀ ਕੀਤੀ।

ਮਾਹਰਾਂ ਨੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਸਰੋਤਾਂ ਦਾ ਨਕਸ਼ਾ ਬਣਾਉਣ ਲਈ ਐਡਵਾਂਸਡ ਆਈਸੋਟੋਪਿਕ ਸਟੱਡੀਜ਼ ਅਤੇ ਕਾਰਬਨ ਡੇਟਿੰਗ, ਰੀਚਾਰਜ ਵਧਾਉਣ ਲਈ ਪ੍ਰਾਚੀਨ ਪੈਲੀਓ-ਚੈਨਲਾਂ ਦੀ ਪਛਾਣ ਕਰਨ ਲਈ ਹੈਲੀਬੋਰਨ ਸਰਵੇਖਣਾਂ ਅਤੇ ਦੱਖਣ-ਪੱਛਮੀ ਪੰਜਾਬ ਦੇ ਗੰਭੀਰ ਸੇਮ ਅਤੇ ਖਾਰੇਪਣ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਕੇਂਦਰਿਤ ਰਣਨੀਤੀ ਸਮੇਤ ਤੁਰੰਤ ਦਖਲ ਅੰਦਾਜ਼ੀ ਦੀ ਲੋੜ ’ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ, ਕੇਂਦਰੀ ਪੰਜਾਬ ਵਿੱਚ ਪਾਣੀ ਦੀ ਸਪਲਾਈ ਵਧਾਉਣ ਲਈ ਉਝ ਦਰਿਆ (5 ਬੀਸੀਐਮ ਦੀ ਅਨੁਮਾਨਿਤ ਸਮਰੱਥਾ ਵਾਲੇ) ’ਤੇ ਇੱਕ ਜਲ ਭੰਡਾਰ ਦੀ ਸੰਭਾਵਨਾ ਅਧਿਐਨ ਅਤੇ ਟਿਕਾਊ ਨਿਕਾਸੀ ਸੀਮਾਵਾਂ ਨਿਰਧਾਰਤ ਕਰਨ ਲਈ ਜਲ ਭੰਡਾਰਾਂ ਦੀ ਵਿਗਿਆਨਕ ਵਿਸ਼ੇਸ਼ਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਭਾਰੀ ਧਾਤਾਂ ਨੂੰ ਸੋਖਣ ਵਾਲੇ ਪੌਦਿਆਂ ਦੀਆਂ ਕਿਸਮਾਂ ਅਤੇ ਖਾਰਾਪਣ-ਸਹਿਣਸ਼ੀਲ ਬਾਂਸ ਦੇ ਪੌਦੇ ਲਗਾਉਣ ਅਤੇ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਲਈ ਰਵਾਇਤੀ ਜਲ ਸਰੋਤਾਂ ਅਤੇ ਪੁਰਾਣੇ ਖੂਹਾਂ ਨੂੰ ਮੁੜ ਸੁਰਜੀਤ ਕਰਨ ਵਰਗੇ ਨਵੀਨਤਾਕਾਰੀ ਹੱਲਾਂ ਦੀ ਖੋਜ ਲਈ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ। ਮੀਟਿੰਗ ਵਿੱਚ ਪੰਜਾਬ ਦੀ ਖੇਤੀਬਾੜੀ ਨੂੰ ਹੜ੍ਹਾਂ ਅਤੇ ਮੌਸਮ ਦੀਆਂ ਅਤਿਅੰਤ ਘਟਨਾਵਾਂ ਲਈ ਵਧੇਰੇ ਲਚਕੀਲਾ ਬਣਾਉਣ ਲਈ ਰਣਨੀਤੀਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਡਾ. ਬੈਂਸ ਨੇ ਕਿਹਾ ਕਿ ਦਿਨ ਭਰ ਦੇ ਵਿਚਾਰ-ਵਟਾਂਦਰੇ ਦੀਆਂ ਸਿਫਾਰਸ਼ਾਂ, ਪ੍ਰਮੁੱਖ ਖੋਜ ਸੰਸਥਾਵਾਂ ਦੇ ਸਹਿਯੋਗ ਨਾਲ ਲਾਗੂ ਕੀਤੇ ਜਾਣ ਵਾਲੇ ਰਾਜ ਵਿਆਪੀ ਜਲ ਸੰਭਾਲ ਮਿਸ਼ਨ ਦੀ ਨੀਂਹ ਵਜੋਂ ਕੰਮ ਕਰਨਗੀਆਂ। ਡਾ. ਸੁਖਪਾਲ ਸਿੰਘ ਨੇ ਸੂਬੇ ਦੇ ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਬੁਨਿਆਦੀ ਖੋਜ ਦੀ ਲੋੜ ’ਤੇ ਜ਼ੋਰ ਦਿੱਤਾ ਅਤੇ ਭਰੋਸਾ ਪ੍ਰਗਟਾਇਆ ਕਿ ਹਾਜ਼ਰ ਉੱਘੇ ਵਿਗਿਆਨੀ ਕਿਸਾਨ ਕਮਿਸ਼ਨ ਦੇ ਸਹਿਯੋਗ ਨਾਲ ਮਹੱਤਵਪੂਰਨ ਯੋਗਦਾਨ ਪਾਉਣਗੇ।

ਮੀਟਿੰਗ ਦੇ ਇੱਕ ਮਹੱਤਵਪੂਰਨ ਨਤੀਜੇ ਵਿੱਚ, ਸਰਬਸੰਮਤੀ ਨਾਲ ਸਾਰੇ ਪ੍ਰਮੁੱਖ ਖੋਜ ਸੰਸਥਾਵਾਂ ਨੇ ਕਿਸਾਨ ਕਮਿਸ਼ਨ ਨਾਲ ਨੇੜਿਓਂ ਸਹਿਯੋਗ ਕਰਨ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਹ ਵੀ ਫੈਸਲਾ ਕੀਤਾ ਗਿਆ ਕਿ ਆਈਆਈਟੀ ਰੋਪੜ, ਆਈਆਈਟੀ ਮੰਡੀ, ਐਨਆਈਐਚ ਅਤੇ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ ਦਰਮਿਆਨ ਤੁਰੰਤ ਇੱਕ ਕੰਸੋਰਟੀਅਮ ਸਹਿਮਤੀ ਪੱਤਰ ’ਤੇ ਹਸਤਾਖਰ ਕੀਤੇ ਜਾਣਗੇ ਤਾਂ ਜੋ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਕਾਇਮ ਰੱਖਣ, ਸੰਭਾਲਣ ਅਤੇ ਦੂਸ਼ਿਤ ਹੋਣ ਤੋਂ ਰੋਕਣ ’ਤੇ ਕੇਂਦ੍ਰਤ 15 ਨੁਕਤੀ ਵਿਆਪਕ, ਰਾਜ ਪੱਧਰੀ ਪ੍ਰੋਜੈਕਟ ਸ਼ੁਰੂ ਕੀਤੇ ਜਾ ਸਕਣ। ਇਸ ਸਾਂਝੀ ਪਹਿਲ ਦਾ ਉਦੇਸ਼ ਪ੍ਰਮੁੱਖ ਖੋਜ ਸੰਸਥਾਵਾਂ ਦੀ ਵਿਗਿਆਨਕ ਅਤੇ ਤਕਨੀਕੀ ਮੁਹਾਰਤ ਨੂੰ ਕਮਿਸ਼ਨ ਦੀ ਨੀਤੀ ਅਤੇ ਲਾਗੂ ਕਰਨ ਦੀ ਸਮਰੱਥਾ ਨਾਲ ਇਕੱਠਾ ਕਰਨਾ ਹੈ। ਇਹ ਪ੍ਰੋਜੈਕਟ ਉੱਨਤ ਖੋਜ, ਖੇਤਰ ਪੱਧਰੀ ਦਖਲਅੰਦਾਜ਼ੀ ਅਤੇ ਰਣਨੀਤਕ ਯੋਜਨਾਬੰਦੀ ਨੂੰ ਜੋੜ ਕੇ ਧਰਤੀ ਹੇਠਲੇ ਪਾਣੀ ਦੇ ਘਟਣ ਅਤੇ ਪ੍ਰਦੂਸ਼ਣ ਦੀਆਂ ਚੁਣੌਤੀਆਂ ਦਾ ਹੱਲ ਕਰੇਗਾ। ਇਸ ਵਿੱਚ ਖੇਤੀਬਾੜੀ ਲਈ ਪਾਣੀ ਦੀ ਸੁਰੱਖਿਆ ਅਤੇ ਰਾਜ ਭਰ ਵਿੱਚ ਪੀਣ ਵਾਲੇ ਸਾਫ ਪਾਣੀ ਨੂੰ ਯਕੀਨੀ ਬਣਾਉਣ ਲਈ ਤੁਰੰਤ ਉਪਾਅ ਅਤੇ ਲੰਬੀ ਮਿਆਦ ਦੀਆਂ ਰਣਨੀਤੀਆਂ ਸ਼ਾਮਲ ਹੋਣਗੀਆਂ। ਇਸ ਅਧਿਐਨ ਦੇ ਨਤੀਜੇ ਅਤੇ ਨਤੀਜਨ ਨੀਤੀਗਤ ਉਪਰਾਲੇ ਪੰਜਾਬ ਨੂੰ ਦੇਸ਼ ਦੇ ਸਭ ਤੋਂ ਵਿਕਸਤ ਰਾਜਾਂ ਵਿੱਚ ਸ਼ਾਮਲ ਕਰ ਦੇਣਗੇ।

# ਆਪ੍ਰੇਸ਼ਨ ਸੀਲ-15: ਪੰਜਾਬ ਵਿੱਚ ਨਸ਼ਾਂ ਅਤੇ ਸ਼ਰਾਬ ਤਸਕਰਾਂ ’ਤੇ ਨਜ਼ਰ ਰੱਖਣ ਲਈ 93 ਐਂਟਰੀ/ਐਗਜ਼ਿਟ ਪੁਆਇੰਟ ‘ਤੇ ਲਾਏ ਨਾਕੇ

**➢ ਯੁੱਧ ਨਸ਼ਿਆਂ ਵਿਰੁੱਧ ਤਹਿਤ ਪੁਲਿਸ ਵੱਲੋਂ 111ਵੇਂ ਦਿਨ 127 ਨਸ਼ਾ ਤਸਕਰ 4.2 ਕਿਲੋ ਹੈਰੋਇਨ ਅਤੇ 3 ਕਿਲੋ ਅਫੀਮ ਸਮੇਤ ਗ੍ਰਿਫ਼ਤਾਰ ➢ ਆਪ੍ਰੇਸ਼ਨ ਸੀਲ ਦੇ ਹਿੱਸੇ ਵਜੋਂ ਪੁਲਿਸ ਟੀਮਾਂ ਵੱਲੋਂ ਸੂਬੇ ਵਿੱਚ ਦਾਖਲ ਹੋਣ/ਬਾਹਰ ਜਾਣ ਵਾਲੇ 3180 ਵਾਹਨਾਂ ਦੀ ਚੈਕਿੰਗ; 367 ਵਾਹਨਾਂ ਦੇ ਚਲਾਨ ਕੱਟਣ ਦੇ ਨਾਲ-ਨਾਲ ਸੱਤ ਨੂੰ ਕੀਤਾ ਜ਼ਬਤ**

ਚੰਡੀਗੜ੍ਹ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਗਈ ਨਸ਼ਾ ਵਿਰੋਧੀ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਦਰਮਿਆਨ ਪੰਜਾਬ ਪੁਲਿਸ ਵੱਲੋਂ ਅੱਜ ਇੱਕ ਵਿਸ਼ੇਸ਼ ਆਪ੍ਰੇਸ਼ਨ ’ਓਪੀਐਸ ਸੀਲ-15’ ਚਲਾਇਆ ਗਿਆ, ਜਿਸ ਦੌਰਾਨ ਨਸ਼ਿਆਂ ਅਤੇ ਸ਼ਰਾਬ ਦੀ ਤਸਕਰੀ ’ਤੇ ਨਜ਼ਰ ਰੱਖਣ ਦੇ ਉਦੇਸ਼ ਨਾਲ ਸਰਹੱਦੀ ਰਾਜ ਪੰਜਾਬ ਵਿੱਚ ਦਾਖਲ ਹੋਣ ਜਾਂ ਇਥੋਂ ਬਾਹਰ ਜਾਣ ਵਾਲੇ ਸਾਰੇ ਵਾਹਨਾਂ ਦੀ ਜਾਂਚ ਕੀਤੀ ਗਈ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਸਾਰੇ ਜ਼ਿਲ੍ਹਿਆਂ ਵਿੱਚ ਸਵੇਰੇ 6 ਵਜੇ ਤੋਂ ਦੁਪਹਿਰ 2 ਵਜੇ ਤੱਕ ਇੱਕੋ ਸਮੇਂ ਚਲਾਏ ਗਏ ਇਸ ਆਪ੍ਰੇਸ਼ਨ ਦੌਰਾਨ ਸਰਹੱਦੀ ਜ਼ਿਲ੍ਹਿਆਂ ਦੇ ਸਾਰੇ ਐਸਐਸਪੀਜ਼ ਨੂੰ ਜ਼ਿਲ੍ਹਿਆਂ ਦੀਆਂ ਰਣਨੀਤਕ ਥਾਵਾਂ ’ਤੇ ਸਾਂਝੇ ਨਾਕੇ ਲਾਉਣ ਦੇ ਨਾਲ-ਨਾਲ ਗਜ਼ਟਿਡ ਅਧਿਕਾਰੀਆਂ/ਐਸਐਚਓਜ਼ ਦੀ ਨਿਗਰਾਨੀ ਹੇਠ ਸੀਲਿੰਗ ਪੁਆਇੰਟਾਂ ’ਤੇ ਮਜ਼ਬੂਤ ’ਨਾਕੇ’ ਲਾਉਣ ਲਈ ਵੱਧ ਤੋਂ ਵੱਧ ਕਾਰਜਬਲ ਜੁਟਾਉਣ ਦੇ ਨਿਰਦੇਸ਼ ਦਿੱਤੇ ਗਏ। ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਵਿਸ਼ੇਸ਼ ਡੀਜੀਪੀ ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇੰਸਪੈਕਟਰਾਂ/ਡੀਐਸਪੀਜ਼ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਿਸ ਕਰਮਚਾਰੀਆਂ ਵੱਲੋਂ ਆਪਸੀ ਤਾਲਮੇਲ ਨਾਲ10 ਜ਼ਿਲ੍ਹਿਆਂ, ਜਿਨ੍ਹਾਂ ਦੀ ਹੱਦ ਚਾਰ ਸਰਹੱਦੀ ਰਾਜਾਂ ਅਤੇ ਯੂਟੀ ਚੰਡੀਗੜ੍ਹ ਨਾਲ ਲੱਗਦੀ ਹੈ, ਦੇ ਘੱਟੋ-ਘੱਟ 93 ਪ੍ਰਵੇਸ਼/ਐਗਜ਼ਿਟ ਪੁਆਇੰਟਾਂ ’ਤੇ ਮਜ਼ਬੂਤ ਨਾਕੇ ਲਾਏ ਗਏ। ਇਨ੍ਹਾਂ 10 ਅੰਤਰ-ਰਾਜੀ ਸਰਹੱਦੀ ਜ਼ਿਲ੍ਹਿਆਂ ਵਿੱਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੂਪਨਗਰ, ਐਸਏਐਸ ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਰਾਜ ਵਿੱਚ ਦਾਖਲ ਹੋਣ/ਬਾਹਰ ਜਾਣ ਵਾਲੇ 3180 ਵਾਹਨਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 367 ਵਾਹਨਾਂ ਦੇ ਚਲਾਨ ਕੱਟਣ ਦੇ ਨਾਲ-ਨਾਲ ਸੱਤ ਵਾਹਨਾਂ ਨੂੰ ਜ਼ਬਤ ਕੀਤਾ ਗਿਆ।

ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ 111ਵੇਂ ਦਿਨ ਨਸ਼ਿਆਂ ਵਿਰੁੱਧ ਆਪਣੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਨੂੰ ਜਾਰੀ ਰੱਖਦਿਆਂ ਅੱਜ 505 ਥਾਵਾਂ ’ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 98 ਐਫ.ਆਈ.ਆਰ. ਦਰਜ ਕਰਕੇ 127 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 111 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,372 ਹੋ ਗਈ ਹੈ। ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 4.2 ਕਿਲੋ ਹੈਰੋਇਨ, 3 ਕਿਲੋ ਅਫੀਮ, 118 ਕਿਲੋ ਭੁੱਕੀ ਅਤੇ 11,170 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 101 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 543 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਸੂਬੇ ‘ਚੋਂ ਨਸ਼ਿਆਂ ਦੇ ਖ਼ਾਤਮੇ ਲਈ ਵਿਆਪਕ ਰਣਨੀਤੀ ਤਿਆਰ ਕੀਤੀ ਹੈ ਅਤੇ ਜਦੋਂ ਤੱਕ ਨਸ਼ਿਆਂ ਦਾ ਮੁਕੰਮਲ ਸਫ਼ਾਇਆ ਨਹੀਂ ਹੋ ਜਾਂਦਾ, ਅਜਿਹੇ ਆਪ੍ਰੇਸ਼ਨ ਜਾਰੀ ਰਹਿਣਗੇ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ‘ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 78 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ।

## ਸਿਹਤ ਵਿਭਾਗ ਦੀ ਮੁਹਿਮ ਤਹਿਤ 3 ਥਾਵਾਂ ਤੇ ਮਿਲਿਆ ਡੈਂਗੂ ਦਾ ਲਾਰਵਾ



ਖਰੜ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤ ਵਿਭਾਗ ਵਲੋਂ ਅੱਜ ਖਰੜ ਸ਼ਹਿਰ ਵਿਚ ਡੈਂਗੂ ਜਾਗਰੂਕਤਾ ਰੈਲੀ ਕੱਢੀ ਗਈ ਜਿਸਨੂੰ ਸਿਵਲ ਹਸਪਤਾਲ ਖਰੜ ਦੇ ਕਾਰਜਕਾਰੀ ਐਸ.ਐਮ.ਓ. ਡਾ.ਰਾਹੁਲ ਭੱਲਾ, ਡਾਕਟਰ ਅਨੂਪਮਾ ਵਲੋਂ ਰਵਾਨਾ ਕੀਤਾ ਗਿਆ। ਉਨ੍ਹਾਂ ਦਸਿਆ ਕਿ ਸਿਹਤ ਵਿਭਾਗ ਦੀ ਟੀਮ ਵਲੋਂ ਅੱਜ ਅਰਬਨ ਏਰੀਆਂ ਵਿਚ ਅੱਜ ਸ਼ੁਕਰਵਾਰ ਡੈਂਗੂ ਦੇ ਬਾਰ ਮੁਹਿੰਮ ਚਲਾਈ ਗਈ ਜਿਸ ਵਿਚ ਨਰਸਿੰਗ ਕਾਲਜ਼ਾਂ ਅੰਬਿਕਾ ਨਰਸਿੰਗ ਅਤੇ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੇ ਸਟੂਡੈਂਟਸ ਨੇ ਭਾਗ ਲਿਆ ਅਤੇ ਜਾਗਰੂਕਤਾ ਰੈਲੀ ਕੱਢੀ ਗਈ। ਮਹਿਮ ਦੌਰਾਨ ਤਿੰਨ ਥਾਵਾਂ ਤੇ ਡੈਂਗੂ ਦਾ ਲਾਰਵਾ ਮਿਲਿਆ ਅਤੇ ਮੌਕੇ ਤੇ ਚਲਾਨ ਵੀ ਕੱਟੇ ਗਏ। ਜਾਗਰੂਕਤਾ ਰੈਲੀ ਦੌਰਾਨ ਲੋਕਾਂ ਨੂੰ ਕੂਲਰਾਂ ਵਿਚ ਪਾਣੀ ਨਾ ਖੜ੍ਹਾ ਹੋਣ ਅਤੇ ਘਰ ਵਿਚ ਰੱਖੇ ਗਮਲਿਆਂ, ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਅਤੇ ਸਮੇ ਸਮੇਂ ਸਿਰ ਸਫਾਈ ਕਰਦੇ ਰਹਿਣਾ ਚਾਹੀਦਾ ਹੈ।

ਇਸ ਜਾਗਰੂਕਤਾ ਮੁਹਿੰਮ ਵਿਚ ਸਿਹਤ ਵਿਭਾਗ ਦੇ ਹੈਲਥ ਇੰਸਪੈਕਟਰ ਅਵਤਾਰ ਸਿੰਘ, ਸੁਪਰਵਾਈਜ਼ਰਜ ਰੋਹਿਤ ਕੁਮਾਰ, ਜਤਿਨ ਕੁਮਾਰ ਸਮੇਤ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

## ਖਰੜ ਸ਼ਹਿਰ ਦੇ ਵੱਖ ਵੱਖ ਨਾਲਿਆਂ ਦੀ ਨਗਰ ਕੌਸਲ ਖਰੜ ਤੂਰੰਤ ਸਫਾਈ ਕਰਵਾਏ: ਰਣਜੀਤ ਸਿੰਘ ਗਿੱਲ



ਖਰੜ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਖਰੜ ਦੇ ਵੱਖ ਵੱਖ ਹਿੱਸਿਆਂ ਵਿਚੋ ਨਿਕਲਣ ਵਾਲੀ ਬਰਸਾਤੀ ਨਾਲਿਆਂ ਦੀ ਨਗਰ ਕੌਸਲ ਖਰੜ ਸਫਾਈ ਤੁਰੰਤ ਕਰਵਾਉਣ ਲਈ ਖਰੜ ਹਲਕੇ ਦੇ ਇੰਚਾਰਜ਼ ਰਣਜੀਤ ਸਿੰਘ ਗਿੱਲ ਵਲੋਂ ਸਰਕਾਰ ਅਤੇ ਨਗਰ ਕੌਸਲ ਖਰੜ ਤੇ ਸਥਾਨਕ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਹੁਣ ਬਰਸਾਤ ਦਾ ਮੌਸਮ ਸ਼ੁਰੂ ਹੋ ਗਿਆ ਹੈ ਪਰ ਅਜੇ ਤੱਕ ਖਰੜ ਸ਼ਹਿਰ ਵਿਚ ਨਾਲਿਆਂ, ਡਰੇਨਾਂ ਦੀ ਸਫਾਈ ਦਾ ਸ਼ਹੀ ਤਰੀਕੇ ਨਾਲ ਸ਼ੁਰੂ ਨਹੀ ਹੋਇਆ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਜੋ ਨਾਲਿਆਂ ਦੀ ਸਫਾਈ ਦਾ ਕੰਮ ਬਰਸਾਤ ਦੇ ਮੌਸਮ ਨੂੰ ਮੱਦੇਨਜ਼ਰ ਰੱਖਦੇ ਹੋਏ ਦੋ ਮਹੀਨੇ ਪਹਿਲਾਂ ਸ਼ੁਰੂ ਹੋ ਜਾਂਦਾ ਸੀ ਪਰ ਅਜੇ ਤੱਕ ਖਰੜ ਸ਼ਹਿਰ ਵਿਚ ਨਾਲਿਆਂ ਦੀ ਸਫਾਈ ਦਾ ਕੰਮ ਸਹੀ ਤਰੀਕੇ ਨਾਲ ਸ਼ੁਰੂ ਨਹੀ ਹੋਇਆ। ਕਿਉਕਿ ਪਿਛਲੇ ਸਾਲ ਹੋਈਆਂ ਭਾਰੀਆਂ ਬਰਸਾਤਾਂ ਦੇ ਦਿਨਾਂ ਵਿਚ ਖਰੜ ਸਹਿਰ ਨਿਵਾਸੀਆਂ ਨੂੰ ਖਮਿਆਜਾ ਭੁਗਤਣਾ ਪਿਆ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਾਂਗੂ ਬਰਸਾਤ ਜ਼ਿਆਦਾ ਹੁੰਦੀ ਹੈ ਤਾਂ ਅਜਿਹੀ ਸਥਿਤੀ ਵਿਚ ਖਰੜ ਸ਼ਹਿਰ ਵਿਚ ਅੱਧ ਤੋਂ ਜ਼ਿਆਦਾ ਪਾਣੀ ਵਿਚ ਡੁੱਬ ਜਾਵੇਗਾ ਜਿਸ ਨਾਲ ਲੋਕਾਂ ਦਾ ਮਾਲੀ ਨੁਕਸਾਨ ਹੋਵੇਗਾ। ਉਨ੍ਹਾਂ ਨਗਰ ਕੌਸਲ ਖਰੜ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਨਾਲਿਆਂ ਦੀ ਸਫਾਈ ਦੇ ਕੰਮ ਵੱਲ ਤੁਰੰਤ ਵਿਸੇਸ਼ ਧਿਆਨ ਦਿੱਤਾ ਜਾਵੇ ਤਾਂ ਕਿ ਸ਼ਹਿਰ ਨਿਵਾਸੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਨਾ ਪਵੇ।



ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਐਸ.ਏ.ਐਸ.ਨਗਰ ਵਿਖੇ ਤਾਇਨਾਤ ਗੁਰਚਰਨ ਸਿੰਘ ਜੂਨੀਅਰ ਸਹਾਇਕ ਨੂੰ ਸਿੱਖਿਆ ਵਿਭਾਗ ਵਲੋਂ ਸੀਨੀਅਰ ਸਹਾਇਕ ਵਜੋਂ ਤਰੱਕੀ ਮਿਲਣ ਤੇ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਡਾ. ਗਿੰਨੀ ਦੁੱਗਲ ਕੋਲ ਹਾਜ਼ਰੀ ਰਿਪੋਰਟ ਪੇਸ਼ ਕਰਦੇ ਹੋਏ, ਨਾਲ ਉਪ ਜਿਲ੍ਹਾ ਸਿੱਖਿਆ ਅਫਸਰ ਅੰਗਰੇਜ਼ ਸਿੰਘ। ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ ਬਿਊਰੋ

## ਭਾਰਤ ਦੇ ਜ਼ੀਰੋ-ਸ਼ੂਗਰ ਮਾਰਕੀਟ ਨੂੰ ਥਮਸ ਅਪ ਐਕਸਫੋਰਸ ਦੇ ਰੂਪ ਵਿੱਚ ਇੱਕ ਨਵਾਂ ਲੀਡਰ ਮਿਲ ਗਿਐ

ਚੰਡੀਗੜ੍ਹ/ਲੁਧਿਆਣਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਥਮਸ ਅੱਪ ਐਕਸਫੋਰਸ, ਭਾਰਤ ਦੇ ਪ੍ਰਤੀਕ ਅਰਬ-ਡਾਲਰ ਦੇ ਘਰੇਲੂ ਬ੍ਰਾਂਡ, ਥਮਸ ਅੱਪ ਦੇ ਘਰ ਤੋਂ ਨਵੀਨਤਮ ਸਨਸਨੀ, ਨੇ ਜ਼ੀਰੋ-ਸ਼ੂਗਰ ਡਰਿੰਕਸ ਸ਼੍ਰੇਣੀ ਵਿੱਚ ਵਿਘਨ ਪਾ ਦਿੱਤਾ ਹੈ, ਜਿਸ ਨਾਲ ਨੌਜਵਾਨ ਖਪਤਕਾਰਾਂ ਲਈ ਜ਼ੀਰੋ-ਸ਼ੂਗਰ ਡਰਿੰਕਸ ਦਾ ਸੇਵਨ ਕਰਨ ਦਾ ਸਭ ਤੋਂ ਸ਼ਾਨਦਾਰ ਅਨੁਭਵ ਆਇਆ ਹੈ। ਆਪਣੀ ਅਧਿਕਾਰਤ ਰਿਲੀਜ਼ ਤੋਂ ਪਹਿਲਾਂ 100,000 ਤੋਂ ਵੱਧ ਪ੍ਰੀ-ਬੁਕਿੰਗਾਂ ਦੇ ਨਾਲ, ਥਮਸ ਅੱਪ ਐਕਸਫੋਰਸ ਨੇ ਲਾਂਚ ਤੋਂ ਪਹਿਲਾਂ ਭਾਰੀ ਉਮੀਦਾਂ ਪੈਦਾ ਕੀਤੀਆਂ। ਮਾਰਚ ਵਿੱਚ ਆਪਣੀ ਸ਼ੁਰੂਆਤ ਤੋਂ ਬਾਅਦ, ਇਸਨੇ ਪਹਿਲਾਂ ਹੀ ਢਾਈ ਮਿਲੀਅਨ ਯੂਨਿਟ ਕੇਸ ਵੇਚੇ ਹਨ, ਜਿਸ ਨਾਲ ਭਾਰਤ ਦੀ ਡਾਈਟ ਅਤੇ ਲਾਈਟ ਬੇਵਰੇਜ ਸ਼੍ਰੇਣੀ ਵਿੱਚ ਤੇਜ਼ੀ ਨਾਲ ਚੋਟੀ ਦਾ ਸਥਾਨ ਹਾਸਲ ਕੀਤਾ ਹੈ। ਸੁਮੇਲੀ ਚੈਟਰਜੀ, ਸ਼੍ਰੇਣੀ ਮੁਖੀ - ਸਪਾਰਕਲਿੰਗ ਫਲੇਵਰਸ, ਕੋਕਾ-ਕੋਲਾ ਇੰਡੀਆ ਅਤੇ ਦੱਖਣ-ਪੱਛਮੀ ਏਸ਼ੀਆ, ਨੇ ਕਿਹਾ, ਥਮਸ ਅੱਪ ਐਕਸਫੋਰਸ ਨਾਲ ਸਾਡੀ ਰਣਨੀਤੀ ਬਦਲਦੇ ਖਪਤਕਾਰਾਂ ਦੇ ਵਿਵਹਾਰਾਂ, ਖਾਸ ਕਰਕੇ ਨੌਜਵਾਨਾਂ ਵੱਲੋਂ ਦਲੇਰ, ਪ੍ਰਮਾਣਿਕ ਅਨੁਭਵਾਂ ਲਈ ਵੱਧ ਰਹੀ ਮੰਗ ਦਾ ਜਵਾਬ ਦੇਣ ਬਾਰੇ ਹੈ, ਬਿਨਾਂ ਸਮਝੌਤਾ ਜਾਂ ਸਮਝੌਤਾ ਕੀਤੇ। ਆਪਣੇ ਘਰੇਲੂ ਬ੍ਰਾਂਡ ਦੇ ਅੰਦਰ ਨਵੀਨਤਾ ਲਿਆ ਕੇ, ਅਸੀਂ ਥਮਸ ਅੱਪ ਦੀ ਵਿਰਾਸਤ ਨੂੰ ਵਧਾ ਰਹੇ ਹਾਂ ਅਤੇ ਤੇਜ਼ੀ ਨਾਲ ਵਧ ਰਹੀ ਜ਼ੀਰੋ-ਸ਼ੂਗਰ ਸ਼੍ਰੇਣੀ ਵਿੱਚ ਵਿਸ਼ਵਾਸ ਨਾਲ ਕਦਮ ਰੱਖ ਰਹੇ ਹਾਂ। ਇਹ ਉਪਭੋਗਤਾ-ਪਹਿਲੀ ਮਾਨਸਿਕਤਾ ਸਾਨੂੰ ਇੱਕ ਅਜਿਹੇ ਉਤਪਾਦ ਨਾਲ ਬਾਜ਼ਾਰ ਦੀ ਅਗਵਾਈ ਕਰਨ ਵਿੱਚ ਮਦਦ ਕਰਦੀ ਹੈ ਜੋ ਅੱਜ ਦੀ ਪੀੜ੍ਹੀ ਦੀਆਂ ਵਿਕਸਤ ਜੀਵਨ ਸ਼ੈਲੀ ਦੀਆਂ ਤਰਜੀਹਾਂ ਨੂੰ ਪੂਰਾ ਕਰਦੇ ਹੋਏ ਸੱਚਮੁੱਚ ਜੁੜਦਾ ਹੈ।

## WhatsApp ’ਤੇ ਹੋਰ ਚੈਨਲ ਅਤੇ ਕਾਰੋਬਾਰ ਲੱਭਣ ਵਿੱਚ ਤੁਹਾਡੀ ਮਦਦ ਕਰਨਾ

ਚੰਡੀਗੜ੍ਹ/ਲੁਧਿਆਣਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅਸੀਂ ਆਪਣੇ ਅੱਪਡੇਟ ਟੈਬ ਲਈ ਕੁਝ ਨਵੀਆਂ ਵਿਸ਼ੇਸ਼ਤਾਵਾਂ ਪੇਸ਼ ਕਰ ਰਹੇ ਹਾਂ, ਜੋ ਕਿ ਚੈਨਲ ਅਤੇ ਸਥਿਤੀ ਦੋਵਾਂ ਦਾ ਘਰ ਹੈ। ਅਸੀਂ ਪਿਛਲੇ ਦੋ ਸਾਲਾਂ ਤੋਂ ਇਸ ਟੈਬ ਨੂੰ WhatsApp ’ਤੇ ਕੁਝ ਨਵਾਂ ਖੋਜਣ ਲਈ ਜਗ੍ਹਾ ਬਣਾਉਣ ਲਈ ਕੰਮ ਕੀਤਾ ਹੈ ਅਤੇ ਹੁਣ ਇਸਨੂੰ ਇੱਕ ਦਿਨ ਵਿੱਚ 1.5 ਬਿਲੀਅਨ ਲੋਕ ਵਰਤਦੇ ਹਨ। ਅਸੀਂ ਉਤਸ਼ਾਹ ਤੋਂ ਉਤਸ਼ਾਹਿਤ ਹਾਂ ਅਤੇ ਅਸੀਂ ਪ੍ਰਸ਼ਾਸਕਾਂ, ਸੰਗਠਨਾਂ ਅਤੇ ਕਾਰੋਬਾਰਾਂ ਨੂੰ WhatsApp ’ਤੇ ਵਧਣ ਵਿੱਚ ਮਦਦ ਕਰਨਾ ਚਾਹੁੰਦੇ ਹਾਂ।

ਅਸੀਂ ਇਹ ਤਿੰਨ ਤਰੀਕਿਆਂ ਨਾਲ ਕਰਾਂਗੇ: ਚੈਨਲ ਸਬਸਕ੍ਰਿਪਸ਼ਨ: ਤੁਸੀਂ ਮਹੀਨਾਵਾਰ ਫੀਸ ਲਈ ਵਿਸ਼ੇਸ਼ ਅਪਡੇਟਸ ਪ੍ਰਾਪਤ ਕਰਨ ਲਈ ਸਬਸਕ੍ਰਾਈਬ ਕਰਕੇ ਆਪਣੇ ਮਨਪਸੰਦ ਚੈਨਲ ਦਾ ਸਮਰਥਨ ਕਰਨ ਦੇ ਯੋਗ ਹੋਵੋਗੇ। ਪ੍ਰਚਾਰਿਤ ਚੈਨਲ : ਅਸੀਂ ਤੁਹਾਨੂੰ ਨਵੇਂ ਚੈਨਲ ਖੋਜਣ ਵਿੱਚ ਮਦਦ ਕਰਾਂਗੇ ਜੋ ਤੁਹਾਡੇ ਲਈ ਦਿਲਚਸਪ ਹੋ ਸਕਦੇ ਹਨ ਜਦੋਂ ਤੁਸੀਂ ਡਾਇਰੈਕਟਰੀ ਨੂੰ ਦੇਖ ਰਹੇ ਹੋਵੋਗੇ। ਪਹਿਲੀ ਵਾਰ, ਪ੍ਰਸ਼ਾਸਕਾਂ ਕੋਲ ਆਪਣੇ ਚੈਨਲ ਦੀ ਦਿੱਖ ਵਧਾਉਣ ਦਾ ਇੱਕ ਤਰੀਕਾ ਹੈ। ਸਥਿਤੀ ਵਿੱਚ ਇਸ਼ਤਿਹਾਰ: ਤੁਸੀਂ ਇੱਕ ਨਵਾਂ ਕਾਰੋਬਾਰ ਲੱਭ ਸਕੋਗੇ ਅਤੇ ਉਹਨਾਂ ਨਾਲ ਸਥਿਤੀ ਵਿੱਚ ਪ੍ਰਮੋਟ ਕੀਤੇ ਜਾ ਰਹੇ ਉਤਪਾਦ ਜਾਂ ਸੇਵਾ ਬਾਰੇ ਆਸਾਨੀ ਨਾਲ ਗੱਲਬਾਤ ਸ਼ੁਰੂ ਕਰ ਸਕੋਗੇ। ਇਹ ਨਵੇਂ ਫੀਚਰ ਸਿਰਫ਼ ਅੱਪਡੇਟ ਟੈਬ ’ਤੇ ਦਿਖਾਈ ਦੇਣਗੇ, ਤੁਹਾਡੀਆਂ ਨਿੱਜੀ ਚੈਟਾਂ ਤੋਂ ਦੂਰ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਸਿਰਫ਼ ਦੋਸਤਾਂ ਅਤੇ ਅਜ਼ੀਜ਼ਾਂ ਨਾਲ ਗੱਲਬਾਤ ਕਰਨ ਲਈ WhatsApp ਦੀ ਵਰਤੋਂ ਕਰਦੇ ਹੋ ਤਾਂ ਤੁਹਾਡੇ ਅਨੁਭਵ ਵਿੱਚ ਕੋਈ ਬਦਲਾਅ ਨਹੀਂ ਆਵੇਗਾ। ਗੋਪਨੀਯਤਾ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਗਏ ਇਸ਼ਤਿਹਾਰ, WhatsApp ’ਤੇ ਅਸੀਂ ਜੋ ਵੀ ਕਰਦੇ ਹਾਂ, ਉਸ ਵਾਂਗ ਅਸੀਂ ਇਹਨਾਂ ਵਿਸ਼ੇਸ਼ਤਾਵਾਂ ਨੂੰ ਸਭ ਤੋਂ ਵੱਧ ਨਿੱਜੀ ਤਰੀਕੇ ਨਾਲ ਬਣਾਇਆ ਹੈ।

# ਸਾਫ਼ ਸੁਥਰੇ ਗੀਤਾਂ ਦਾ ਰਚੇਤਾ ਤੇ ਭੰਗੜਾ ਕਲਾਕਾਰ

## ਗਿੱਲ ਸੁਰਜੀਤ



ਉਜਾਗਰ ਸਿੰਘ
ਮੋਬਾਈਲ : 94178-13072

**ਗਿੱਲ ਦੇ ਗੀਤ ਸੁਣਨ ਵਾਲਿਆਂ 'ਚ ਜੋਸ਼ ਪੈਦਾ ਕਰ ਕੇ ਮਦਹੋਸ਼ ਕਰ ਦਿੰਦੇ ਹਨ ਪ੍ਰੰਤੂ ਫਿਰ ਵੀ ਹੋਸ਼ ਵਿਚ ਰਹਿਣ ਦੀ ਪ੍ਰੇਰਨਾ ਦਿੰਦੇ ਹਨ। ਉਹ ਗ਼ੈਰਤ ਵਾਲਾ ਗੀਤਕਾਰ ਹੈ, ਜਿਸਦੇ ਬੋਲਾਂ 'ਚੋਂ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਹੈ...**

ਗਿੱਲ ਸੁਰਜੀਤ ਪੰਜਾਬੀ ਸਭਿਆਚਾਰ, ਪਰੰਪਰਾਵਾਂ, ਰਵਾਇਤਾਂ ਅਤੇ ਮੁਹੱਬਤਾਂ ਦੇ ਗੀਤ ਲਿਖਣ ਵਾਲਾ ਨਿਵੇਕਲਾ ਗੀਤਕਾਰ ਹੈ। ਉਸ ਦੀ ਮੁੱਖ ਤੌਰ 'ਤੇ ਭੰਗੜਾ, ਗੀਤਕਾਰੀ ਅਤੇ ਪੰਜਾਬੀ ਕੋਰੀਓਗ੍ਰਾਫ਼ੀ ਵਿਚ ਮੁਹਾਰਤ ਹੈ। ਉਹ ਪੰਜਾਬੀ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਵਾਲੇ ਗੀਤ ਲਿਖਦਾ ਹੈ, ਜਿਨ੍ਹਾਂ ਨੂੰ ਪਰਿਵਾਰਾਂ ਵਿਚ ਬੈਠਕੇ ਸੁਣਿਆ ਜਾ ਸਕਦਾ ਹੈ। ਭੰਗੜਾ ਉਸਦਾ ਸ਼ੌਕ ਹੈ। ਸਕੂਲ ਦੇ ਸਮੇਂ ਤੋਂ ਹੀ ਉਸ ਨੇ ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ ਸੀ। ਸਕੂਲ, ਕਾਲਜ ਅਤੇ ਯੂਨੀਵਰਸਿਟੀ ਦੀਆਂ ਭੰਗੜੇ ਦੀਆਂ ਟੀਮਾਂ ਦਾ ਉਹ ਸ਼ਿੰਗਾਰ ਰਿਹਾ ਹੈ। ਦਸ ਸਾਲ ਲਗਾਤਾਰ ਉਹ 26 ਜਨਵਰੀ ਦੇ ਸਮਾਗਮਾਂ ਤੇ ਦਿੱਲੀ ਵਿਖੇ ਭੰਗੜਾ ਟੀਮ ਵਿਚ ਸ਼ਾਮਲ ਹੋ ਕੇ ਭੰਗੜਾ ਪਾਉਂਦਾ ਰਿਹਾ। ਉਸ ਦੇ ਗੀਤਾਂ ਦੀਆਂ ਪੰਜ ਪੁਸਤਕਾਂ 'ਮੇਲਾ ਮੁੰਡੇ ਕੁੜੀਆਂ ਦਾ' 1987, 'ਵੰਗਾਂ ਦੀ ਛਣਕਾਰ' 2006, 'ਝਾਂਜਰ ਦਾ ਛਣਕਾਟਾ' 2008, 'ਚੇਤੇ ਕਰ ਬਚਪਨ ਨੂੰ' 2009 ਅਤੇ 'ਚੀਰੇ ਵਾਲਿਆ ਗੱਭਰੂਆ' 2014 ਵਿਚ ਪ੍ਰਕਾਸ਼ਤ ਹੋਈਆਂ ਹਨ। ਗਿੱਲ ਸੁਰਜੀਤ ਨੇ ਇਨ੍ਹਾਂ ਪੁਸਤਕਾਂ ਨਾਲ ਗੀਤਕਾਰਾਂ ਵਿਚ ਆਪਣਾ ਵੱਖਰਾ ਹੀ ਸਥਾਨ ਬਣਾ ਲਿਆ ਹੈ ਕਿਉਂਕਿ ਉਹ ਆਪਣੇ ਗੀਤ ਨੈਤਿਕਤਾ ਦੀ ਮਰਿਆਦਾ ਦੇ ਅੰਦਰ ਰਹਿ ਕੇ ਹੀ ਲਿਖਦਾ ਹੈ। ਫ਼ੋਕੀ ਸ਼ੁਹਰਤ ਖੱਟਣ ਲਈ ਉਹ ਹਲਕੇ ਫੁਲਕੇ ਗੀਤ ਨਹੀਂ ਲਿਖਦਾ। ਉਸ ਦੇ ਗੀਤ ਸਰਲ, ਸੁਰ-ਤਾਲ ਅਤੇ ਲੈਅ ਵਿਚ ਰੰਗੇ ਹੁੰਦੇ ਹਨ ਅਤੇ ਦਿਲਾਂ ਨੂੰ ਟੁੰਬਕੇ ਮਨੁੱਖੀ ਮਨਾਂ ਨੂੰ ਹਲੂਣਦੇ ਹਨ। ਅਰਥ ਭਰਪੂਰ ਵੀ ਹੁੰਦੇ ਹਨ। ਗਿੱਲ ਸੁਰਜੀਤ ਦੀ ਕਲਮ ਦੀ ਇਨਸਾਨੀ ਜਜ਼ਬਿਆਂ 'ਤੇ ਪੂਰੀ ਪਕੜ ਹੈ। ਉਸ ਦੇ ਗੀਤ ਦਿਲ ਦੁਖਾਉਂਦੇ ਨਹੀਂ ਸਗੋਂ ਦਿਲ ਨੂੰ ਪਰਚਾਉਂਦੇ ਹਨ।

ਉਹ ਮੁਹੱਬਤਾਂ ਦਾ ਵਣਜਾਰਾ ਹੈ। ਉਹ ਆਪਣੇ ਗੀਤਾਂ ਵਿਚ ਪੇਂਡੂ ਸਭਿਅਤਾ ਵਾਲੀ ਸ਼ਬਦਾਵਲੀ ਵਰਤਦਾ ਹੈ, ਜਿਹੜੀ ਦਿਲ ਵਿਚ ਤਰੰਗਾਂ ਪੈਦਾ ਕਰਕੇ ਆਪਣੇ ਰੰਗ ਵਖੇਰਦੀ ਹੈ। ਉਸ ਦੇ ਗੀਤ ਦਿਲ ਨੂੰ ਸਕੂਨ ਦਿੰਦੇ ਹਨ। ਆਪਣੇ ਆਲੇ ਦੁਆਲੇ ਵਿਚੋਂ ਬਿੰਬ ਲੈ ਕੇ ਗੀਤਾਂ ਨੂੰ ਸ਼ਿੰਗਾਰਦਾ ਹੈ, ਉਸਦੇ ਗੀਤਾਂ ਨੂੰ ਸੁਣਕੇ ਗੁੰਗਿਆਂ ਦੇ ਵੀ ਪੈਰ ਥਿਰਕਣ ਲੱਗ ਜਾਂਦੇ ਹਨ, ਸਰਸਰਾਹਟ ਪੈਦਾ ਕਰਦੇ ਹਨ। ਗਿੱਲ ਸੁਰਜੀਤ ਦੇ ਗੀਤ ਸੁਣਨ ਵਾਲਿਆਂ ਵਿਚ ਜੋਸ਼ ਪੈਦਾ ਕਰਕੇ ਮਦਹੋਸ਼ ਕਰ ਦਿੰਦੇ ਹਨ ਪ੍ਰੰਤੂ ਫਿਰ ਵੀ ਹੋਸ਼ ਵਿਚ ਰਹਿਣ ਦੀ ਪ੍ਰੇਰਨਾ ਦਿੰਦੇ ਹਨ। ਉਹ ਅਣਖ਼ ਅਤੇ ਗ਼ੈਰਤ ਵਾਲਾ ਗੀਤਕਾਰ ਹੈ, ਜਿਸਦੇ ਬੋਲਾਂ ਵਿਚੋਂ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਹੈ। ਉਹ 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ' 'ਤੇ ਵਿਸ਼ਵਾਸ ਰੱਖਦਾ ਹੈ। ਗਿੱਲ ਸੁਰਜੀਤ ਉਸਦਾ ਸਾਹਿਤਕ ਨਾਂ ਹੈ। ਸੁਰਜੀਤ ਸਿੰਘ ਗਿੱਲ ਦਾ ਜਨਮ ਪਿਤਾ ਜਗਤ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ 4 ਅਗਸਤ 1948 ਨੂੰ ਉਸਦੇ ਨਾਨਕੇ ਪਿੰਡ ਲੁਹਾਰਾ ਜ਼ਿਲ੍ਹਾ ਮੋਗਾ ਵਿਚ ਹੋਇਆ। ਉਸਦਾ ਆਪਣਾ ਪਿੰਡ ਮੋਗਾ ਚੜਿਕ ਹੈ। ਮੁੱਢਲੀ ਪੜ੍ਹਾਈ ਉਸ ਨੇ ਆਪਣੇ ਨਾਨਕੇ ਪਿੰਡ ਲੁਹਾਰਾ ਵਿਖੇ ਪ੍ਰਾਪਤ ਕੀਤੀ। ਦਸਵੀਂ ਮਲਟੀਪਰਪਜ਼ ਸਕੂਲ ਪਟਿਆਲਾ ਤੋਂ ਪਾਸ ਕੀਤੀ। ਫਿਰ ਖਾਲਸਾ ਕਾਲਜ ਪਟਿਆਲਾ ਵਿਚ ਦਾਖਲਾ ਲੈ ਲਿਆ।

ਬੀ.ਏ.ਮਹਿੰਦਰਾ ਕਾਲਜ ਪਟਿਆਲਾ ਅਤੇ ਐਮ.ਏ.ਪੰਜਾਬੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ। ਉਸ ਦੀ ਸੁਹਜਾਤਮਿਕ ਰੁਚੀ ਕਰਕੇ ਆਪ ਨੂੰ ਉੱਤਰ ਖੇਤਰੀ ਕਲਚਰਲ ਸੈਂਟਰ ਪਟਿਆਲਾ ਵਿਚ ਸੀਨੀਅਰ ਪ੍ਰੋਗਰਾਮ ਅਧਿਕਾਰੀ ਦੇ ਤੌਰ 'ਤੇ ਨਿਯੁਕਤ ਕਰ ਲਿਆ ਗਿਆ। ਉਸ ਨੇ ਚਾਰ ਫਿਲਮਾਂ 'ਕੌਣ ਦਿਲਾਂ ਦੀਆਂ ਜਾਣੇ' 'ਜ਼ੋਰ ਜੱਟ ਦਾ' 'ਜੱਟ ਪੰਜਾਬ ਦੇ' 'ਜੱਟ ਵਲੈਤੀ' ਦੇ ਗੀਤ ਲਿਖੇ ਅਤੇ ਕੋਰੀਓਗ੍ਰਾਫੀ ਕੀਤੀ। ਇਸ ਤੋਂ ਇਲਾਵਾ 'ਅਸਾਂ ਨੂੰ ਮਾਣ ਵਤਨਾਂ ਦਾ' 'ਜੀਅ ਆਇਆਂ ਨੂੰ' 'ਮਾਹੀਆ ਮੈਂ ਲੌਂਗ ਗਵਾ ਆਈ ਆਂ' 'ਦਿਲ ਆਪਣਾ ਪੰਜਾਬੀ' ਫ਼ਿਲਮਾਂ ਅਤੇ ਜਾਗੋ ਅਤੇ ਬੋਲੀਆਂ ਦੀ ਕੋਰੋਗ੍ਰਾਫੀ ਕੀਤੀ। ਇਸੇ ਤਰ੍ਹਾਂ ਆਪ ਨੇ ਬਹੁਤ ਸਾਰੇ ਗਿੱਧੇ, ਭੰਗੜੇ, ਬੋਲੀਆਂ, ਗੀਤਾਂ ਅਤੇ ਸੰਮੀ ਦੀ ਕੋਰੋਗ੍ਰਾਫੀ ਵੀ ਕੀਤੀ। ਆਪ ਦੇ ਲਿਖੇ ਹੋਏ ਬਹੁਤ ਸਾਰੇ ਗੀਤ ਪੰਜਾਬੀਆਂ ਵਿਚ ਹਰਮਨ ਪਿਆਰੇ ਹੋਏ। ਆਪ ਨੂੰ ਇਸ ਗੱਲ ਦਾ ਮਾਣ ਜਾਂਦਾ ਹੈ ਕਿ ਆਪ ਦੇ ਗੀਤਾਂ ਨੂੰ ਪੰਜਾਬ ਅਤੇ ਵਿਦੇਸਾਂ ਦੇ ਚੋਟੀ ਦੇ ਲਗਪਗ 50 ਗਾਇਕਾਂ ਨੇ ਆਵਾਜ਼ ਦਿੱਤੀ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸੁਰਿੰਦਰ ਕੌਰ, ਗੁਰਮੀਤ ਬਾਵਾ, ਅਮਰ ਨੂਰੀ, ਹਰਦੀਪ, ਹਰਭਜਨ ਮਾਨ, ਗੁਰਸੇਵਕ ਮਾਨ, ਮਲਕੀਤ ਸਿੰਘ ਗੋਲਡਨ ਸਟਾਰ, ਪੰਮੀ ਬਾਈ, ਜਸਪਿੰਦਰ ਨਰੂਲਾ, ਸੁਰਿੰਦਰ ਛਿੰਦਾ, ਸਰਬਜੀਤ ਕੋਕੇ ਵਾਲੀ, ਸਰਬਜੀਤ ਚੀਮਾ, ਮਨਪ੍ਰੀਤ ਅਖ਼ਤਰ, ਡੌਲੀ ਗੁਲੇਰੀਆ, ਚੰਨੀ ਸਿੰਘ ਅਲਾਪ, ਜੀਤ ਜਗਜੀਤ, ਗੁਰਬਖ਼ਸ਼ ਸ਼ੌਂਕੀ ਅਤੇ ਮਹਿੰਦਰ ਕਪੂਰ ਸ਼ਾਮਲ ਹਨ। ਆਪ ਨੇ ਵਿਦੇਸਾਂ ਵਿਚ ਸਰਕਾਰੀ ਤੌਰ 'ਤੇ ਸਭਿਆਚਾਰ ਟਰੁਪਾਂ ਦੀ ਅਗਵਾਈ ਅਤੇ ਉਥੇ ਹੋਣ ਵਾਲੇ ਗਿੱਧੇ, ਭੰਗੜੇ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੀ ਕੋਰੀਓ ਗ੍ਰਾਫੀ ਕੀਤੀ। ਇਨ੍ਹਾਂ ਟਰੁਪਾਂ ਦੇ ਨਾਲ ਉਨ੍ਹਾਂ ਅਮਰੀਕਾ, ਕੈਨੇਡਾ, ਸਿੰਘਾਪੁਰ, ਦੁਬਈ, ਥਾਈਲੈਂਡ, ਅਲਜੀਰੀਆ, ਟੁਨੇਸ਼ੀਆ, ਸੀਰੀਆ, ਲੈਬਨਾਨ, ਕੁਵੈਤ, ਇਰਾਕ, ਆਸਟਰੇਲੀਆ, ਜੌਰਡਨ, ਇਟਲੀ ਅਤੇ ਇੰਗਲੈਂਡ ਦਾ ਦੌਰਾ ਕੀਤਾ। ਇਸ ਸਮੇਂ ਵੀ ਆਪ ਭੰਗੜੇ ਦੇ ਉਭਰਦੇ ਕਲਾਕਾਰਾਂ ਨੂੰ ਭੰਗੜੇ ਦੇ ਗੁਰ ਸਿਖਾਉਂਦੇ ਹਨ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੀ ਜੱਜਮੈਂਟ ਕਰਦੇ ਹਨ।



ਗਿੱਲ ਸੁਰਜੀਤ ਦਾ ਨਾਂ ਪੰਜਾਬ ਦੇ ਸ਼ਰੀਫ, ਨਰਮ ਦਿਲ , ਸੁਹਿਰਦ ਅਤੇ ਸੁਲਝੇ ਹੋਏ ਇਨਸਾਨ ਦੇ ਤੌਰ 'ਤੇ ਵੀ ਜਾਣਿਆਂ ਜਾਂਦਾ ਹੈ। ਆਪ ਦੇ ਪੰਜਾਬੀ ਸਭਿਆਚਾਰ ਦੀ ਪ੍ਰਫੁਲਤਾ ਲਈ ਪਾਏ ਗਏ ਯੋਗਦਾਨ ਕਰਕੇ ਆਪ ਨੂੰ ਬਹੁਤ ਸਾਰੇ ਮਾਣ ਸਨਮਾਨ ਮਿਲੇ ਹਨ ਉਨ੍ਹਾਂ ਵਿਚੋਂ ਕੁਝ ਕੁ ਇਸ ਤਰ੍ਹਾਂ ਹਨ-ਕਲਚਰਲ ਅਵਾਰਡ 1971 ਵਿਚ ਉਪ ਰਾਸ਼ਟਰਪਤੀ ਸ਼੍ਰੀ ਜੀ.ਐਸ.ਪਾਠਕ ਵਲੋਂ ਦਿਤਾ ਗਿਆ, ਪੰਜਾਬੀ ਫੋਕ ਮਿਊਜਿਕ ਅਵਾਰਡ 1994 ਵਿਚ ਕੈਨੇਡਾ ਦੇ ਰਿਚਮੰਡ ਵਿਖੇ, ਨੰਦ ਲਾਲ ਨੂਰਪੁਰੀ ਅਵਾਰਡ ਪ੍ਰੋ.ਮੋਹਨ ਸਿੰਘ ਮੈਮੋਰੀਅਲ ਫ਼ਾਊਂਡੇਸ਼ਨ ਲੁਧਿਆਣਾ ਵੱਲੋਂ, ਐਮ.ਐਸ.ਰੰਧਾਵਾ ਯਾਦਗਾਰੀ ਕਲਚਰਲ ਅਵਾਰਡ ਪੰਜਾਬੀ ਕਲਚਰਲ ਸੋਸਾਇਟੀ ਮੋਹਾਲੀ, ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਕਲਚਰਲ ਅਵਾਰਡ ਗੁਰੂ ਤੇਗ ਬਹਾਦੁਰ ਨੈਸ਼ਨਲ ਇਨਟੈਗਰੇਸ਼ਨ ਚੇਅਰ ਵੱਲੋਂ ਦਿੱਤਾ, ਪਟਿਆਲਾ ਰਤਨ ਅਵਾਰਡ ਪੰਜਾਬ ਰਾਈਟਰਜ਼ ਅਤੇ ਕਲਚਰਲ ਸੋਸਾਇਟੀ ਵੱਲੋਂ, ਪਟਿਆਲਾ ਗੌਰਵ ਅਵਾਰਡ ਵਿਰਾਸਤ ਸਭਿਆਚਾਰਕ ਸੱਥ ਅਤੇ ਸੋਭਾ ਸਿੰਘ ਮੈਮੋਰੀਅਲ ਫਾਊਂਡੇਸ਼ਨ ਹਰਿਗੋਬਿੰਦਪੁਰ ਵਲੋਂ ਕਲਚਰਲ ਅਵਾਰਡ ਦਿਤੇ ਗਏ। ਆਪ ਦੇ ਸਭ ਤੋਂ ਹਰਮਨ ਪਿਆਰੇ ਗੀਤ 'ਸ਼ਹਿਰ ਪਟਿਆਲੇ ਦੇ ਮੁੰਡੇ ਮੁੱਛ ਫੁੱਟ ਗਭਰੂ ਨੇ ਸੋਹਣੇ' 'ਮਾਹੀਆ ਵੇ ਮੈਂ ਲੌਂਗ ਗੁਆ ਆਈਆਂ' 'ਚੀਰੇ ਵਾਲਿਆ ਗਭਰੂਆ' 'ਚੇਤੇ ਕਰ ਬਚਪਨ' 'ਵੰਗਾਂ ਦੀ ਛਣਕਾਰ' 'ਸ਼ਾਵਾ ਗੱਡੀ ਆਈ' 'ਜੱਟੀ ਮਜਾਜਾਂ ਪੱਟੀ' ਅਤੇ 'ਮੈਂ ਆਪਣੇ ਇਸ਼ਕ ਦੀ ਦਾਸਤਾਂ ਸਭ ਨੂੰ ਸੁਣਾਉਣਾ' ਹਨ, ਜਿਨ੍ਹਾਂ ਨੂੰ ਸੁਣਕੇ ਪੰਜਾਬੀਆਂ ਦੇ ਦਿਲ ਅਤੇ ਪੈਰ ਥਰਕਣ ਲੱਗ ਜਾਂਦੇ ਹਨ। •

## ਗ਼ਜ਼ਲਾਂ

1

ਭਟਕਦੇ ਲੜਖੜਾਉਂਦੇ ਲੋਕ ਹੁਣ ਉਪਦੇਸ਼ ਦੇਂਦੇ ਨੇ।
ਗੁਆਚੇ ਖ਼ੁਦ ਨੇ ਪਰ ਸਾਨੂੰ ਦਿਸ਼ਾ-ਨਿਰਦੇਸ਼ ਦੇਂਦੇ ਨੇ।

ਸਿਤਮ ਦੀ ਇੰਤਹਾ ਵੇਖੋ ਕਿ ਪੈਂਦਾ ਸਿਰ ਝੁਕਾਉਣਾ ਹੈ,
ਸਿਰੇ ਦੇ ਸਿਰਫਿਰੇ ਸਾਨੂੰ ਜਦੋਂ ਆਦੇਸ਼ ਦੇਂਦੇ ਨੇ।

ਸ਼ਿਕਾਇਤ ਇਹ ਨਹੀਂ ਕਿ ਚੋਰ ਡਾਕੂ ਰਾਜ ਕਰਦੇ ਨੇ,
ਗਿਲਾ ਹੈ ਦੇਸ਼ ਭਗਤੀ ਦੇ ਵੀ ਉਹ ਸੰਦੇਸ਼ ਦੇਂਦੇ ਨੇ।

ਉਹ ਮਤਲਬਖ਼ੋਰ ਲੋਕੀ ਹੋਰ ਕਿਥੋਂ ਤੀਕ ਗਰਕਣਗੇ
ਜੋ ਅਪਣੀ ਆਬਰੂ ਤੀਕਰ ਵੀ ਹੁਣ ਕਰ ਪੇਸ਼ ਦੇਂਦੇ ਨੇ।



ਬਦੀ ਲੋਕਾਂ ਦੇ ਮਨ 'ਚੋਂ ਫੇਰ ਵੀ ਨਾ ਰਾਮ ਜੀ ਨਿਕਲੇ
ਵਿਜੇ ਦਸਮੀ ਤੇ ਭਾਵੇਂ ਸਾੜ ਉਹ ਲੰਕੇਸ਼ ਦੇਂਦੇ ਨੇ।

'ਅਮਰ' ਉੱਤਰ ਦਿਆਂ ਕੀ ਉਸ ਕੁੜੀ ਨੂੰ ਪੁੱਛਦੀ ਜਿਹੜੀ
ਕਿ ਮੁੰਡਾ ਹੋਣ ਦਾ ਵਰ ਕਿਉਂ ਸਦਾ ਦਰਵੇਸ਼ ਦੇਂਦੇ ਨੇ।

• ਅਮਰਦੀਪ ਸੰਧਾਵਾਲੀਆ

2

ਆ ਸੱਜਣਾ ਮੈਂ ਤੇਰੇ ਸਾਰੇ ਭਰਮ ਮਿਟਾਂਦਾ ਹਾਂ।
ਤੇਰੇ ਨਾਲ ਹੀ ਜੀਂਦਾ, ਤੇਰੇ ਬਿਨ ਮਰ ਜਾਂਦਾ ਹਾਂ।

ਹਰ ਵੇਲੇ ਮੈਂ ਸਜਣਾਂ, ਤੇਰੇ ਹੀ ਗੁਣ ਗਾਂਦਾ ਹਾਂ,
ਤੂੰ ਹੈਂ ਜੀਵਨ ਸਾਥੀ,ਦਿਲ ਨੂੰ ਇਹ ਸਮਝਾਂਦਾ ਹਾਂ।

ਉਹ ਇਕ ਵੇਲਾ ਸੀ ਜਦ, ਰਲਕੇ ਮਸਤੀ ਕਰਦੇ ਸਾਂ,
ਤੇਰੇ ਬਿਨ ਹੁਣ ਸਜਣਾ,ਆਪਣਾ ਦਿਲ ਤਰਸਾਂਦਾ ਹਾਂ।

ਜਦੋਂ ਅਸੀਂ 'ਕੱਠੇ ਸਾਂ, ਰੇਖ ਮੇਖ ਤਾਂ ਕੀਤੀ ਨਹੀਂ,
ਫਿਰ ਵੀ ਮੈਂ ਬਿਨਾ ਵਜ੍ਹਾ, ਖ਼ੁਦ ਨੂੰ ਦੋਸ਼ੀ ਪਾਂਦਾ ਹਾਂ।

ਉਹ ਵਕਤ ਸੁਨਹਿਰਾ ਸੀ ਜਦ ਅਪਣਾਪਨ ਭਾਰੂ ਸੀ,
ਹੁਣ ਤੇਰੀ ਭਾਲ ਵਿਚ ਹਰ ਵੇਲੇ ਧੱਕੇ ਖਾਂਦਾ ਹਾਂ।

ਤੇਰੇ ਬਿਨਾ ਓ ਸੱਜਣਾ, ਪਲ ਭਰ ਜੀਣਾ ਸੰਭਵ ਨਹੀਂ,
ਬੇਖ਼ਬਰਾ ਮੈਂ ਜੀਦਾਂ, ਬੇਸਬਰਾ ਮਰ ਜਾਂਦਾ ਹਾਂ।

ਸਜਣਾ ਤੂੰ ਆ ਜਾ ਆ ਜਾ, ਓਪਰਾਪਨ ਤਾਂ ਹੈ ਨਹੀਂ,
ਆ ਕੇ ਦੇਖ ਤੇਰੇ ਬਿਨਾ ਕਿਦਾਂ ਵਕਤ ਟਪਾਂਦਾ ਹਾਂ,



ਸਮਝ ਨਹੀਂ ਆਉਂਦੀ ਕਰਾਂ ਮੈਂ ਕੀ, ਰਸਤਾ ਤਾਂ ਦਿਸਦਾ ਨਹੀਂ,
ਜੀਣਾ ਮੁਸ਼ਕਿਲ ਹੋਇਆ, ਮਰਨੋਂ ਮੈਂ ਘਬਰਾਂਦਾ ਹਾਂ।

ਕਿਸ ਨੂੰ ਫਰਿਆਦ ਕਰਾਂ ਹੁਣ, ਰੱਬ ਮੇਰੇ ਨਾਲ ਨਹੀਂ,
ਮੈਂ ਤੈਨੂੰ ਤਾਂ ਭੁੱਲਦਾ ਨਹੀਂ, ਰੱਬ ਨੂੰ ਭੁੱਲ ਜਾਂਦਾ ਹਾਂ।

• ਬਲਵਿੰਦਰ ਵਾਲੀਆ, ਮੋਬਾਈਲ: 94175- 81242

3

ਨਾ ਛੇੜ ਤੂੰ ਜ਼ਖ਼ਮਾਂ ਨੂੰ ਅਜੇ ਇਹ ਜ਼ਖ਼ਮ ਅੱਲੇ ਨੇ।
ਅੰਦਰੋਂ ਬੜੇ ਡੂੰਘੇ ਪਰ ਉੱਪਰੋਂ ਸੁੱਕ ਚੱਲੇ ਨੇ।

ਕੀ ਦੱਸਾਂ ਦੱਸ ਹਿਸਾਬ ਇਹਨਾਂ ਦੁੱਖਾਂ ਤੇ ਪੀੜਾਂ ਦਾ,
ਬੇਸ਼ੁਮਾਰ ਦਰਦ ਮੈਂ ਆਪਣੇ ਦਿਲ 'ਤੇ ਝੱਲੇ ਨੇ।

ਤੁਰਨਾ ਪੈਂਦੈ ਹਰ ਹਾਲ ਮਿਲਿਆ ਹੈ ਰਾਹਨੁਮਾ ਐਸਾ,
ਰਾਹ ਸਾਰੇ ਦੇ ਸਾਰੇ ਭਾਵੇਂ ਕੰਡਿਆਂ ਨੇ ਮੱਲੇ ਨੇ।

ਬੰਨ੍ਹ ਮਾਰ ਕੇ ਦਰਿਆ ਨੂੰ ਠੱਲ੍ਹ ਲੈਣਾ ਸੌਖਾ ਹੈ,
ਸਬਰਾਂ ਦੇ ਪੱਥਰ ਚਿਣ-ਚਿਣ ਕੇ ਮੈਂ ਅੱਥਰੂ ਠੱਲੇ ਨੇ।

ਹਰ ਪਲ ਆਪਣੀ ਯਾਦ ਨੂੰ ਉਹ ਘੱਲਦਾ ਰਹਿੰਦਾ ਹੈ,
ਉਸ ਆਪ ਆਉਣ ਦੇ ਕਦੇ ਵੀ ਨਾ ਸੁਨੇਹੇ ਘੱਲੇ ਨੇ।



ਸਵੇਰਾਂ ਸੰਦਲੀ ਗਹਿਰਾਈਆਂ ਓਦਰੀਆਂ ਸ਼ਾਮਾਂ,
ਇਹਨਾਂ ਹਿਜਰਾਂ ਨੇ ਰਾਤਾਂ ਦੇ ਸੁਪਨੇ ਵੀ ਸੱਲੇ ਨੇ।

ਬੜਾ ਸੀ ਮੋੜਿਆ ਦਿਲ ਨੂੰ ਇਸ ਰਾਹ ਦਾ ਨਾ ਪਾਂਧੀ ਬਣ,
ਹੁਣ ਪਛਤਾਉਂਦਾ ਹੈ ਚੰਦਰਾ ਕਿ ਇਹ ਰਾਹ ਅਵੱਲੇ ਨੇ।

• ਪਰਮਜੀਤ ਕੌਰ ਸਰਹਿੰਦ, ਮੋਬਾਈਲ: 98728-9859

4

ਇਸ ਦੌਰ ਅੰਦਰ ਜੀਣਾ, ਏਨਾ ਦੁਸ਼ਵਾਰ ਕਿਉਂ ਹੈ?
ਖੁਦਕੁਸ਼ੀਆਂ ਦਾ ਸਿਲਸਿਲਾ, ਇਹ ਲਗਾਤਾਰ ਕਿਉਂ ?

ਫੁੱਲ ਕਿਉਂ ਮੁਰਝਾਏ, ਤੇ ਕਲੀਆਂ ਕਿਉਂ ਬੇਨੂਰ ਨੇ,
ਉਜੜਿਆ ਇਹ ਦੋਸਤੋ, ਆਪਣਾ ਗੁਲਜ਼ਾਰ ਕਿਉਂ ਹੈ?

ਹਰ ਪਾਸੇ ਮਾਯੂਸੀਆਂ ਨੇ, ਰੌਣਕਾਂ ਨੂੰ ਲੈ ਕੌਣ ਗਿਆ?
ਰਈਅਤ ਦੀ ਹਾਲਤ ਤੋਂ, ਬੇਖ਼ਬਰ ਸਰਕਾਰ ਕਿਉਂ ਹੈ?



ਲਾਰੇ ਲਾ ਕੇ ਸੱਤਾ ਲੈ ਕੇ, ਨੇਤਾ ਨਾ ਮੁੜਕੇ ਬਹੁੜਦੇ ਨੇ,
ਸਾਡੇ ਭਰੋਸੇ ਦਾ ਹਸਰ, ਏਹੀ ਹਰ ਵਾਰ ਕਿਉਂ ਹੈ?

ਹਰਮੇਲ ਹੱਡ ਭੰਨ ਕੇ ਵੀ, ਭੁੱਖਣ ਭਾਣੀ ਸੌਂਦੀ ?,
ਲੋਕਰਾਜ ਅੰਦਰ ਵੀ, ਖ਼ਲਕਤ ਆਵਾਜਾਰ ਕਿਉਂ ਹੈ?

• ਹਰਮੇਲ ਪਰੀਤ, ਮੋਬਾਈਲ: 94173-33316

5

ਨੇਰਿਆਂ ਸੰਗ ਲੜਦਿਆਂ ਮੈਂ ਦਮ ਜੀਹਦਾ ਭਰਦਾ ਰਿਹਾ।
ਧੁੱਪ ਦੀ ਕਾਤਰ ਤੋਂ ਬੇਸ਼ਕ ਉਮਰ ਭਰ ਵਿਰਵਾ ਰਿਹਾ।

ਪਰਤ ਆਈ ਹੈ ਸਮੁੰਦਰ ਤੋਂ ਘਟਾ ਕੁਝ ਸੋਚ ਕੇ,
ਹੋ ਰਹੀ ਸਹਿਰਾ 'ਚ ਕਿਣਮਿਣ ਜਲ ਭਰਮ ਜਾਂਦਾ ਰਿਹਾ।

ਅਕਸ ਆਪਣਾ ਝੀਲ ਅੰਦਰ ਤੱਕਿਆ ਜਦ ਵੀ ਉਨ੍ਹਾਂ,
ਛਿੜ ਗਿਆ ਨਗਮਾ ਕੋਈ ਤੇ ਜਲ-ਤਰੰਗ ਵਜਦਾ ਰਿਹਾ।

ਚੰਨ, ਸੂਰਜ, ਪੌਣ-ਪਾਣੀ 'ਤੇ ਜਤਾਉਂਦਾ ਹੱਕ ਸੀ।
ਛਾਂ ਉਧਾਰੀ ਵਿਚ ਹੀ ਉਹ ਸ਼ਖ਼ਸ ਹੁਣ ਸੁਸਤਾ ਰਿਹਾ।



ਕਰ ਲਿਆ ਕਬਜ਼ਾ ਅਸਾਡੀ ਸੋਚ 'ਤੇ ਬਾਜ਼ਾਰ ਨੇ,
ਰੇਤ ਵਾਂਗੂੰ ਰਿਸ਼ਤਿਆਂ ਦਾ ਮੋਹ ਜਿਹਾ ਕਿਰਦਾ ਰਿਹਾ।

ਪੁਸਤਕਾਂ ਤੇ ਰਿਸ਼ਤਿਆਂ ਦਾ ਇਹ ਜਹਾਂ ਰੌਸ਼ਨ ਰਹੇ।
ਰਿਸ਼ਤਿਆਂ ਸੰਗ ਪੁਸਤਕਾਂ ਦੀ ਬਾਤ ਮੈਂ ਪਾਉਂਦਾ ਰਿਹਾ।

• ਨਿਰੰਜਨ ਸੂਖਮ, ਮੋਬਾਈਲ: 95018-00152

# ਸਹਿਜੇ ਸਹਿਜੇ ਵਗਦੀ ਨਦੀ ਸੁਰਜੀਤ ਧਾਮੀ



ਜਗਜੀਤ ਗਿੱਲ
ਮੋਬਾਈਲ : 95920-91048

**ਉਸ ਨੇ ਸਾਰੀ ਉਮਰ ਕਵਿਤਾ ਲਿਖੀ ਪਰ ਉਮਰ ਦੇ ਆਥਣ ਵੇਲੇ ਆਪਣੇ ਕਵੀ ਪੁੱਤਰ ਦੇ ਕਹਿਣ 'ਤੇ ਉਸਨੇ ਕਿਤਾਬ ਛਪਵਾਈ ਹੈ-'ਮਾਰੂਥਲ ਵਿਚ ਵਹਿੰਦੀ ਨਦੀ'...**

ਉਹ ਸਹਿਜੇ ਸਹਿਜੇ ਤੁਰਦਾ ਤੇ ਸਹਿਜੇ ਸਹਿਜੇ ਬੋਲਦਾ ਹੈ। ਸਹਿਜੇ ਸਹਿਜੇ ਹੱਸਦਾ ਤੇ ਸਹਿਜੇ ਸਹਿਜੇ ਹੀ ਲਿਖਦਾ ਹੈ। ਉਸਨੂੰ ਨਾ ਕਵਿਤਾ ਦੇ ਅੰਬਰ ਦਾ ਕੋਈ ਤਾਰਾ ਬਣਨ ਦੀ ਕਾਹਲ਼ ਹੈ ਤੇ ਨਾ ਹੀ ਰੰਗਮੰਚ ਦਾ ਸਿਤਾਰਾ ਬਣਨ ਦੀ ਛੇਤੀ। ਉਹ ਮਸਤ ਮਲੰਗ ਹੈ ਤੇ ਸੁਭਾਅ ਦਾ ਸ਼ਾਇਰ ਘੱਟ ਤੇ ਸਾਧੂ ਜ਼ਿਆਦਾ। ਨਾ ਕਿਸੇ ਦੇ ਅੱਗੇ ਲੰਘ ਜਾਣ ਦੀ ਚਿੰਤਾ ਤੇ ਨਾ ਆਪਣੇ ਪਿੱਛੇ ਰਹਿ ਜਾਣ ਦਾ ਡਰ। ਬਿਲਕੁਲ ਉਵੇਂ ਜਿਵੇਂ ਕੋਈ ਮਾਰੂਥਲ ਵਿਚ ਵਹਿੰਦੀ ਨਦੀ ਹੋਵੇ ਜਿਹੜੀ ਵਗਦੀ ਤਾਂ ਹੈ ਪਰ ਵਗਦੀ ਵਗਦੀ ਰੇਤ ਵਿਚ ਜ਼ੀਰਦੀ ਜਾਂਦੀ ਹੈ,ਜਿਸਨੂੰ ਨਾ ਵਹਿਣ ਦਾ ਮਾਣ ਹੈ ਤੇ ਨਾ ਖ਼ਤਮ ਹੋਣ ਦਾ ਪਛਤਾਵਾ।

ਪੱਟੀ ਜਿਸਨੂੰ 'ਸਾਹਿਤਕਾਰਾਂ ਦੇ ਮੱਕੇ' ਦਾ ਦਰਜਾ ਹਾਸਲ ਹੈ, ਸੁਰਜੀਤ ਧਾਮੀ ਦੀਆਂ ਕਵਿਤਾਵਾਂ ਨਾਲ ਵੀ ਸਾਂਝ ਪਾਉਂਦੀ ਹੈ। ਸੁਰਜੀਤ ਧਾਮੀ ਸਾਡੇ ਉਨ੍ਹਾਂ ਸ਼ਾਇਰਾਂ ਵਿਚ ਸ਼ਾਮਲ ਹੈ ਜਿਨ੍ਹਾਂ ਦੀਆਂ ਕਵਿਤਾਵਾਂ ਦੀ ਚਾਨਣੀ ਨੂੰ ਉਨ੍ਹਾਂ ਦੀ ਅਦਾਕਾਰੀ ਵਾਲੇ ਸੂਰਜ ਨੇ ਜਾਂ ਤਾਂ ਢੱਕ ਲਿਆ ਹੈ ਤੇ ਜਾਂ ਫਿਰ ਰੰਗਮੰਚ ਦੀ ਲਾਲੀ ਦੇ ਕੇ ਨਵੀਂ ਰੰਗਤ ਦੇ ਦਿੱਤੀ ਹੈ। 'ਖ਼ਤਮ ਕਰ ਦਿੱਤਾ ਹੈ' ਅਸੀਂ ਇਸ ਕਰਕੇ ਨਹੀਂ ਕਹਿ ਰਹੇ ਕਿਉਂਕਿ ਕਲਾ ਦੀ ਕੋਈ ਵੀ ਸਿਨਫ਼ ਦੂਜੀ ਸਿਨਫ਼ ਨੂੰ ਕਦੀ ਖ਼ਤਮ ਨਹੀਂ ਕਰਦੀ ਸਗੋਂ ਆਪਣੀ ਪੁੱਠ ਦੇ ਕੇ ਉਸਨੂੰ ਹੋਰ ਵੀ ਸੰਵਾਰ ਦਿੰਦੀ ਹੈ।

ਮੂਲ ਰੂਪ ਵਿਚ ਕਵੀ ਸੁਰਜੀਤ ਧਾਮੀ ਦਾ ਜਨਮ ਪਿੰਡ ਪੰਜਵੜ ਦੇ ਇਕ ਗਰੀਬੀ ਵਾਲ਼ੇ ਘਰ ਵਿਚ ਹੋਇਆ ਪਰ ਉਸਦੇ ਮਾਪੇ ਸੰਨ ਸੰਤਾਲੀ ਵਿੱਚ ਪੱਟੀ ਆ ਗਏ। ਉਹਦੀ ਮਾਤਾ ਦੀ ਕੋਈ ਸੰਤਾਨ ਨਹੀਂ ਸੀ ਬਚਦੀ। ਦੋ ਬੱਚੇ ਉਸ ਤੋਂ ਪਹਿਲਾਂ ਹੋਏ ਸਨ ਪਰ ਬਚੇ ਨਹੀਂ ਸਨ ਪਰ ਫ਼ਿਰ ਜਗ੍ਹਾ ਬਦਲ ਕੇ ਉਹ ਪੱਟੀ ਆ ਗਏ। ਪਿਤਾ ਜੀ ਡੱਗੀ ਲਾਉਂਦੇ ਸਨ। ਸਾਰਾ ਦਿਨ ਸਾਈਕਲ ਉੱਤੇ ਪਿੰਡਾਂ ਵਿਚ ਕੱਪੜਾ ਵੇਚਣਾ ਤੇ ਲੱਤਾਂ ਦੀਆਂ ਖੱਲੀਆਂ ਬੱਚਿਆਂ ਦੀ ਮੁਸਕਾਨ ਵੇਖ ਕੇ ਭੰਨੀਆਂ ਜਾਂਦੀਆਂ। ਫ਼ਿਰ ਇਕ ਦੋਸਤ ਦੀ ਦੁਕਾਨ ਵਿਚ ਸਿਲਾਈ ਮਸ਼ੀਨ ਰੱਖ ਕੇ ਦਿਨ ਰਾਤ ਸਿਲਾਈ ਕੀਤੀ ਤੇ ਨਿੱਕੀਆਂ ਨਿੱਕੀਆਂ ਅੱਖਾਂ ਵਿੱਚੋਂ ਵਗਦੇ ਪਾਣੀ ਨੂੰ ਆਪਣੀ ਔਲਾਦ ਦੇ ਹੰਝੂ ਨਹੀਂ ਬਣਨ ਦਿੱਤਾ। ਪਿਤਾ ਨੇ ਮਿਹਨਤ ਕੀਤੀ ਤੇ ਉਸਨੇ ਵੀ। ਪਰ ਇਕ ਘਟਨਾ ਨੂੰ ਯਾਦ ਕਰਦਿਆਂ ਹੱਸਦਿਆਂ ਉਸਦੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ ਨੇ। ਪਤਾ ਨਹੀਂ ਪਿਤਾ ਦੀ ਮਾਰ ਦਾ ਸੇਕ ਮਹਿਸੂਸ ਕਰਦਿਆਂ ਜਾਂ ਪਿਤਾ ਦੇ ਪੈਸਿਆਂ ਦੇ ਉਜਾੜੇ ਦਾ ਦਰਦ ਸਮਝਦਿਆਂ। ਦੱਸਵੀ ਵਿਚ ਪੜ੍ਹਦਿਆਂ ਸਾਥੀਆਂ ਨਾਲ ਰਲ਼ ਕੇ ਉਸ ਫ਼ਿਲਮ ਵੇਖਣ ਲਈ ਉਸਨੇ ਚੋਰੀ ਝੋਲ਼ੇ ਵਿਚ ਪਾ ਕੇ ਕਣਕ ਦਾ 'ਫ਼ੱਕਾ' ਵੀ ਵੇਚਿਆ। ਸੱਤਾਂ ਆਨਿਆਂ ਦੀ ਕਣਕ ਵੇਚ ਕੇ ਉਸ ਛੇ ਆਨੇ ਦੀ ਟਿਕਟ ਲਈ। ਪਿਤਾ ਪੈੜ ਨੱਪਦਾ ਨੱਪਦਾ ਸਿਨਮੇ ਵਿਚ ਜਾ ਵੜਿਆ। ਵਾਲਾਂ ਤੋਂ ਫ਼ੜ ਕੇ ਧੂਹ ਕੇ ਸਿਨਮੇ ਤੋਂ ਘਰ ਲੈ ਆਇਆ। ਇਸ ਘਟਨਾ ਤੋਂ ਬਾਦ ਉਸਨੇ ਤਹੱਈਆ ਕਰ ਲਿਆ ਕਿ ਅੱਜ ਜਿਹੜਾ ਪਿਉ ਉਸਨੂੰ ਫ਼ਿਲਮਾਂ ਵੇਖਣ ਤੋਂ ਰੋਕਦਾ ਹੈ ਇਹੀ ਪਿਉ ਉਸਦੀਆਂ ਫ਼ਿਲਮਾਂ ਇਸੇ ਸਿਨਮੇ ਵਿੱਚ ਵੇਖੇਗਾ। ਤੇ ਉਸਨੇ ਯੰਗਮੈਨ ਰਾਮਾ ਕ੍ਰਿਸ਼ਨਾ ਕਲੱਬ ਵਿਚ ਨਾਟਕ ਖੇਡਣੇ ਸ਼ੁਰੂ ਕਰ ਦਿੱਤੇ।

ਬੇਸ਼ੱਕ ਉਹ ਸ਼ੁਰੂ ਕਵਿਤਾ ਤੋਂ ਹੋਇਆ ਸੀ ਪਰ ਉਮਰ ਦੇ ਦੂਜੇ ਪੜਾਅ ਉੱਤੇ ਆ ਕੇ ਉਹ ਥੀਏਟਰ ਤੇ ਫ਼ਿਲਮਾਂ ਵੱਲ ਨੂੰ ਹੋ ਤੁਰਿਆ। ਉਸਨੂੰ ਕਵਿਤਾ ਨੇ ਤੁਰਨਾ ਸਿਖਾਇਆ ਪਰ ਰੰਗਮੰਚ ਨੇ ਦੌੜਨਾ। ਉਹਨੇ ਨਾ ਕੇਵਲ ਨਾਟਕ ਕੀਤੇ ਨੇ ਬਲਕਿ ਲਿਖੇ ਵੀ ਨੇ। ਗੁਰਦਿਆਲ ਸਿੰਘ ਜੈਤੋ ਦੇ ਨਾਟਕ 'ਸੂਰਜ ਦੀ ਉਡੀਕ' ਦੀ ਨਿਰਦੇਸ਼ਨਾ ਕਰਦਿਆਂ ਜਦੋਂ ਕਪੂਰ ਸਿੰਘ ਘੁੰਮਣ ਨੇ ਉਸਨੂੰ ਇਕ ਡਾਇਲਾਗ ਜੋ ਸਮੇਂ ਦੇ ਹਾਕਮ ਨੂੰ ਝੰਜੋੜਦਾ ਸੀ, ਕੱਟਣ ਲਈ ਕਿਹਾ ਤਾਂ ਉਸਨੇ ਮਨ੍ਹਾਂ ਕਰ ਦਿੱਤਾ। ਇਸੇ ਕਰਕੇ ਇਹ ਨਾਟਕ ਉਸ ਮੁਕਾਬਲੇ ਵਿਚ ਦੂਜੇ ਸਥਾਨ 'ਤੇ ਰਿਹਾ।

ਦੂਰਦਰਸ਼ਨ ਉੱਤੇ 1982 ਵਿਚ 'ਚਿੱਟਾ ਲਹੂ' ਨਾਲ ਉਸਨੇ ਅਦਾਕਾਰੀ ਦੇ ਖੇਤਰ ਵਿਚ ਪੈਰ ਜਮਾਉਣ ਵਾਲਾ ਸੁਰਜੀਤ ਫ਼ਿਲਮਾਂ ਵਿਚ ਕਿਸੇ ਦਾ ਦਾਰਜੀ ਹੈ ਤੇ ਕਿਸੇ ਦਾ ਮਾਮਾ। ਬੇਸ਼ੁਮਾਰ ਫ਼ਿਲਮਾਂ ਵਿਚ ਵੱਖ-ਵੱਖ ਭੂਮਿਕਾਵਾਂ ਕਰਨ ਦੇ ਬਾਵਜੂਦ ਉਸਨੂੰ ਮਾਨਸਿਕ ਸੰਤੁਸ਼ਟੀ ਉਦੋਂ ਮਿਲੀ ਜਦੋਂ ਪਿੱਛੇ ਜਿਹੇ ਪ੍ਰੀਤਨਗਰ ਵਿਖੇ ਬਣੀ ਨਵਤੇਜ ਸਿੰਘ ਦੀ ਕਹਾਣੀ 'ਬਸ਼ੀਰਾ' ਵਿੱਚ ਉਸਨੇ ਮੁੱਖ ਰੋਲ ਕੀਤਾ। ਰੱਤਿਕਾ ਸਿੰਘ ਦੀ ਨਿਰਦੇਸ਼ਨਾ ਵਿੱਚ ਬਣੀ ਇਸ ਸਾਹਿਤਕ ਫ਼ਿਲਮ ਨੇ ਨਾ ਸਿਰਫ਼ ਸੁਰਜੀਤ ਦੀ ਸਾਹਿਤਕ ਭੁੱਖ ਪੂਰੀ ਕੀਤੀ ਬਲਕਿ ਅਦਾਕਾਰੀ ਵਿਚ ਉਸਦੀ ਕਾਬਲੀਅਤ ਨੂੰ ਹੋਰ ਚਮਕਾਇਆ।



ਸਾਹਿਤਕ ਫ਼ਿਲਮਾਂ ਕਰਕੇ ਉਹ ਇਵੇਂ ਸੰਤੁਸ਼ਟ ਹੁੰਦਾ ਹੈ ਜਿਵੇਂ ਕਵਿਤਾ ਲਿਖ ਕੇ ਹੁੰਦਾ ਹੈ।

ਇਕ ਗੋਡੇ ਦੇ ਦਰਦ ਹੱਥੋਂ ਤੰਗ ਸੁਰਜੀਤ ਜਦੋਂ ਟੇਡਾ ਜਿਹਾ ਹੋ ਕੇ ਤੁਰਦਾ ਤਾਂ ਸਾਹਮਣੇ ਵਾਲੇ ਨੂੰ ਉਸਦੇ ਬੁਢਾਪੇ ਦੇ ਕਾਰਨ ਗੋਡਿਆਂ ਵਿਚ ਹੁੰਦੀ ਪੀੜ ਦਾ ਸ਼ੱਕ ਹੁੰਦਾ। ਪਰ ਜਦੋਂ ਉਹ ਕਿਸੇ ਦੇ ਇਸ ਭੈਂਮਸੇ ਨੂੰ ਸਮਝ ਜਾਂਦਾ ਤੇ ਇਸ ਡਰੋਂ ਕਿ ਕੋਈ ਉਸਦੇ ਗੋਡੇ ਬਹਿ ਜਾਣ ਦਾ ਭਰਮ ਨਾ ਪਾਲ਼ ਲਵੇ, ਉਹ ਆਪ ਹੀ ਦੱਸ ਦਿੰਦਾ ਕਿ ਇਹ ਸੱਟ ਉਸਨੂੰ ਮਾਹਾਰਾਜਾ ਰਣਜੀਤ ਸਿੰਘ ਸੀਰੀਅਲ ਦੀ ਸ਼ੂਟਿੰਗ ਕਰਦਿਆਂ ਲੱਗੀ ਸੀ। ਉਹ ਉਸ ਘੋੜੇ ਦਾ ਬਹੁਤ ਅਹਿਸਾਨਮੰਦ ਹੈ ਜਿਸ ਉੱਤੇ ਉਹ ਬੈਠਾ ਸੀ ਪਰ ਉਸਦੇ ਡਿੱਗ ਜਾਣ ਤੋਂ ਬਾਦ ਵੀ ਭੱਜਾ ਨਹੀਂ। ਨਹੀਂ ਤਾਂ ਉਹ ਉਸ ਵੇਲ਼ੇ ਨੂੰ ਯਾਦ ਕਰਕੇ ਕੰਬ ਜਾਂਦਾ ਹੈ ਜਦੋਂ ਉਹ ਘੋੜੇ ਤੋਂ ਡਿੱਗ ਕੇ ਬੇਹੋਸ਼ ਹੋ ਗਿਆ ਸੀ।

ਹੁਣ ਜਦੋਂ ਵੀ ਕਿਸੇ ਘੋੜੇ ਵਾਲੇ ਸੀਨ ਦੀ ਆਫ਼ਰ ਆਉਂਦੀ ਹੈ ਤਾਂ ਉਹ ਕੰਨਾਂ ਨੂੰ ਹੱਥ ਲਾਉਂਦਿਆਂ ਨਾਂਹ ਕਰ ਦਿੰਦਾ ਹੈ। ਬਤੌਰ ਅਧਿਆਪਕ ਤਲਵੰਡੀ ਮੋਹਰ ਸਿੰਘ ਤੋਂ ਕੈਰੀਅਰ ਸ਼ੁਰੂ ਕਰ ਕੇ ਸਰਕਾਰੀ ਸਕੂਲ ਬਾਹਮਣੀਵਾਲਾ ਤੋਂ ਸੇਵਾ ਮੁਕਤ ਹੋਣ ਵਾਲਾ ਸੁਰਜੀਤ,ਸਵੇਰੇ ਪੰਜਾਂ ਬਾਣੀਆਂ ਦਾ ਪਾਠ ਕਰਕੇ ਨਿਰਨੇ ਕਾਲਜੇ ਨਿੰਬੂ ਪਾਣੀ ਪੀਂਦਾ ਹੈ। ਪਤਨੀ ਦੀ ਮੌਤ ਤੋਂ ਬਾਦ ਉਹ ਬੇਸ਼ੱਕ ਇਕੱਲਾ ਹੋ ਗਿਆ ਹੈ ਪਰ ਉਸਦੇ ਬੱਚਿਆਂ ਨੇ ਉਸਨੂੰ ਕਦੀ ਵੀ ਇਕੱਲਤਾ ਮਹਿਸੂਸ ਨਹੀਂ ਹੋਣ ਦਿੱਤੀ। ਕਵਿਤਾ ਹਮੇਸ਼ਾਂ ਉਸਦੇ ਨਾਲ ਨਾਲ ਚੱਲਦੀ ਹੈ। ਉਸ ਸਾਰੀ ਉਮਰ ਕਵਿਤਾ ਲਿਖੀ ਪਰ ਉਮਰ ਦੇ ਆਥਣ ਵੇਲੇ ਆਪਣੇ ਕਵੀ ਪੁੱਤਰ ਡਾ.ਇੰਦਰਪ੍ਰੀਤ ਸਿੰਘ ਧਾਮੀ ਦੇ ਕਹਿਣ ਉੱਤੇ ਉਸਨੇ ਪ੍ਰੋ.ਅਤੈ ਸਿੰਘ ਦੀ ਸਲਾਹ ਨਾਲ ਕਿਤਾਬ ਛਪਵਾਈ ਹੈ-'ਮਾਰੂਥਲ ਵਿੱਚ ਵਹਿੰਦੀ ਨਦੀ' ਜਿਸ ਵਿੱਚ ਉਸਦਾ ਨਦੀ ਵਰਗਾ ਠਰ੍ਹੰਮੇ ਵਾਲਾ ਸੁਭਾਅ ਸਪੱਸ਼ਟ ਝਲਕਦਾ ਹੈ। •

## ਪੁਸਤਕ ਚਰਚਾ

'ਗਾਵੇ ਕੋਇਲ ਬਾਵਰੀ' ਪੰਜਾਬੀ ਦੀ ਇਕ ਉੱਭਰ ਰਹੀ ਸ਼ਾਇਰਾ ਕਮਲ ਦੀ ਪੰਜਵੀਂ ਕਾਵਿ ਰਚਨਾ ਹੈ। ਇਸ ਪੁਸਤਕ ਵਿਚ ਕਵਿਤਰੀ ਨੇ ਇਕ ਸੰਵੇਦਨਸ਼ੀਲ ਨਾਰੀ ਦੇ ਜੀਵਨ ਨਾਲ ਸਬੰਧਤ ਬਹੁਤ ਸਾਰੇ ਸਰੋਕਾਰਾਂ ਉੱਪਰ ਕਲਮ-ਅਜ਼ਮਾਈ ਕੀਤੀ ਹੈ। ਇਹ ਪੁਸਤਕ ਉਹ ਪਿਤਾ ਨੂੰ ਸਮਰਪਿਤ ਕਰਦੀ ਹੋਈ ਲਿਖਦੀ ਹੈ :

*ਪਰਮ ਪਿਤਾ!*
*ਜਦੋਂ ਤੂੰ ਬੇਟੀਆਂ ਦਾ ਬਾਪ ਬਣਿਆ*
*ਤਾਂ ਜ਼ਮਾਨੇ ਨਾਲ ਟੱਕਰ ਲਈ*
*ਜਿਗਰ ਦੀਆਂ ਬੋਟੀਆਂ ਨੂੰ*
*ਆਪਣੇ ਦਿਲ ਨਾਲ ਲਾ ਕੇ ਰੱਖਿਆ ਸੀ*
*ਤੇਰੀ ਬਖ਼ਸ਼ਿਸ ਦੀ ਬਾਰਿਸ਼*
*ਰੱਜ ਕੇ ਹੁੰਦੀ ਰਹੀ ਅਕਸਰ।*



| | |
|---|---|
| ਪੁਸਤਕ | ਗਾਵੇ ਕੋਇਲ ਬਾਵਰੀ |
| ਲੇਖਕ | ਕਮਲ |
| ਮੁੱਲ | 195 ਰੁਪਏ |
| ਪੰਨੇ | 104 |
| ਪ੍ਰਕਾਸ਼ਕ | ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ। |

ਇਸ ਸੰਗ੍ਰਹਿ ਵਿਚ ਕੁਜ ਪਾਬੰਦ ਅਤੇ ਖੁੱਲ੍ਹੀਆਂ ਕਵਿਤਾਵਾਂ ਦੇ ਨਾਲ-ਨਾਲ ਕਵਿੱਤਰੀ ਦੀਆਂ 15 ਗ਼ਜ਼ਲਾਂ ਵੀ ਸੰਗ੍ਰਹਿਤ ਹਨ। ਗ਼ਜ਼ਲ ਦੀ ਸਿਨਫ਼ ਕਾਫ਼ੀ ਮੁਸ਼ਕਿਲ ਹੁੰਦੀ ਹੈ ਪਰੰਤੂ ਕਮਲ ਨੇ ਇਸ ਨੂੰ ਬਾਖ਼ੂਬੀ ਨਿਭਾਇਆ ਹੈ। ਉਹ ਇਸ਼ਕ ਮਿਜ਼ਾਜੀ ਅਤੇ ਇਸ਼ਕ ਹਕੀਕੀ ਨੂੰ ਦੋ ਵੱਖ ਵੱਖ ਪੜਾਅ ਨਹੀਂ ਮੰਨਦੀ। ਇਹੀ ਕਾਰਨ ਹੈ ਕਿ ਉਸ ਦੀਆਂ ਗ਼ਜ਼ਲਾਂ ਅਤੇ ਗੀਤ ਮਾਅਫ਼ਤ ਨਾਲ ਭਰਪੂਰ ਹੋ ਗਏ ਹਨ। ਬੇਸ਼ਕ ਉਸ ਨੇ ਆਪਣੀਆਂ ਕਵਿਤਾਵਾਂ ਵਿਚ ਸਮਾਜਿਕ-ਆਰਥਿਕ ਮੁੱਦੇ ਵੀ ਉਠਾਏ ਹਨ ਪਰ ਮੂਲ ਰੂਪ ਵਿਚ ਉਹ ਮੁਹੱਬਤ ਦੀ ਸ਼ਾਇਰਾ ਹੈ। ਉਸ ਮੁਹੱਬਤ ਦੀ, ਜਿਸ ਤੋਂ ਅੱਜ ਦੇ ਪੰਜਾਬੀ ਲੋਕ ਗਾਫ਼ਲ ਬਣ ਚੁੱਕੇ ਹਨ। ਕੀ ਕਰਨ ਰੋਜ਼ਗਾਰ ਦੇ ਹੋਰ ਵਸੀਲੇ ਹੀ ਸਾਹ ਨਹੀਂ ਲੈਣ ਦਿੰਦੇ? ਪਰ ਸ਼ਾਇਰਾ ਉਨ੍ਹਾਂ ਨੂੰ ਇਹ ਦੱਸਣ ਦਾ ਚੇਤੰਨ ਉਦਮ ਕਰ ਰਹੀ ਹੈ ਕਿ ਮੁਹੱਬਤ ਤੋਂ ਬਿਨਾਂ ਮਨੁੱਖੀ ਜੀਵਨ ਦੇ ਕੋਈ ਅਰਥ ਨਹੀਂ ਹਨ। ਮੈਂ ਪੰਜਾਬੀ ਕਾਵਿ ਦੇ ਮੋਕਲੇ ਵਿਹੜੇ ਵਿਚ ਇਸ ਕਵਿਤਰੀ ਦਾ ਭਰਪੂਰ ਸਵਾਗਤ ਕਰਦਾ ਹਾਂ।

• ਬ੍ਰਹਮਜਗਦੀਸ਼ ਸਿੰਘ

ਸਾਂਝਾ ਝਰੋਖਾ ਬਜ਼ੁਰਗ ਸਾਹਿਤਕਾਰ ਗੁਰਮੇਲ ਸਿੰਘ ਬੈਨੀਪਾਲ ਤੇ ਰਘਬੀਰ ਸਿੰਘ ਭਰਤ ਦੀ ਸਾਂਝੀ ਪੁਸਤਕ ਹੈ। ਇਸ ਸਾਂਝੇ ਝਰੋਖੇ ਵਿਚ ਦੋਹਾਂ ਲੇਖਕਾਂ ਦੀਆਂ ਰਚਨਾਵਾਂ ਹਨ।। ਬੈਨੀਪਾਲ ਦੀਆਂ ਸਤਾਹਠ ਪੰਨੇ ਤਕ ਤੇਈ ਚੌਪਾਈਆਂ, ਦਸ ਮੌਲਿਕ ਕਹਾਣੀਆਂ ਤੇ ਤਿੰਨ ਅਨੁਵਾਦਿਤ ਕਹਾਣੀਆਂ ਹਨ। ਕਹਾਣੀਆ ਸੰਖੇਪ, ਇਕ ਪਰਤੀ, ਰੌਚਿਕ, ਕਥਾਰਸ ਭਰਪੂਰ ਤੇ ਪਰਿਵਾਰਕ ਸਮਾਜਿਕ ਮਸਲਿਆਂ ਦੀ ਬਾਤ ਪਾਉਂਦੀਆਂ ਹਨ। ਕਹਾਣੀ 'ਮੰਗਲ ਨਾਥ' ਦਾ ਪਾਤਰ ਸਾਧ ਬਣ ਕੇ ਵੀ ਜਵਾਨੀ ਉਮਰੇ ਔਰਤ ਵੱਲ ਖਿੱਚ ਰੱਖਦਾ ਹੈ। 'ਤੇਰਾ ਭਾਣਾ' ਦਾ ਰੇਸ਼ਮ ਸਿੰਘ ਵਿਦੇਸ਼ੋਂ ਆਏ ਪੁਤਰ ਦੀ ਮੌਤ ਦੇ ਗ਼ਮ ਵਿਚ ਹੈ। ਦਾਗ ਦਾ ਕਥਾਨਕ ਵੀ ਦੁਖਦਾਈ ਹੈ। ਨਨਾਣ ਭਰਜਾਈ ਵਿਚ ਪਿਆ ਦੁਖਦਾਈ ਵਿਛੋੜਾ ਹੈ। ਕਹਾਣੀਆਂ ਕਿਆਮਤ, ਫੈਸਲਾ, ਕੁਰਕੀ, ਗੁਰਗਾਬੀ ਜ਼ਿੰਦਗੀ ਦੀਆਂ ਵੱਖ-ਵੱਖ ਪਰਤਾਂ ਦੀਆਂ ਬਿਹਤਰੀਨ ਰਚਨਾਵਾਂ ਹਨ।



| | |
|---|---|
| ਪੁਸਤਕ | ਸਾਂਝਾ ਝਰੋਖਾ |
| ਲੇਖਕ | ਗੁਰਮੇਲ ਸਿੰਘ ਬੈਣੀਪਾਲ ਤੇ ਰਘਬੀਰ ਸਿੰਘ ਭਰਤ |
| ਮੁੱਲ | 200 ਰੁਪਏ |
| ਪੰਨੇ | 120 |
| ਪ੍ਰਕਾਸ਼ਕ | ਲਾਹੌਰ ਬੁਕਸ, ਲੁਧਿਆਣਾ। |

ਅਨੁਵਾਦਤ ਕਹਾਣੀਆਂ ਕੋਈ ਮਹਿਰਮ ਰਾਜ਼ ਨਾ ਮਿਲਦਾ, ਵਿੱਥਾਂ ਤੇ ਸਰਦਾਰਾ ਪੱਛਮੀ ਪੰਜਾਬ ਦੇ ਸਾਦ ਮੁਰਾਦੇ ਜੀਵਨ ਬਾਰੇ ਹਨ।।ਰਘਬੀਰ ਸਿੰਘ ਭਰਤ ਦੇ ਅਠਾਰਾਂ ਲੇਖ ਪੁਸਤਕ ਦਾ ਸ਼ਿੰਗਾਰ ਹਨ। ਇਨ੍ਹਾਂ ਵਿਚ ਮਾਂ ਦੀ ਪਰਿਵਾਰਕ ਮਹਾਨਤਾ, ਨੂੰਹ ਸੱਸ ਦੇ ਪਰਿਵਾਰਕ ਰਿਸ਼ਤੇ ਦੀ ਜ਼ਹੀਨ ਤੰਦ, ਬੱਚਿਆਂ ਦੀ ਸ਼ਖ਼ਸੀਅਤ ਵਿਚ ਮਾਪਿਆਂ ਦਾ ਯੋਗਦਾਨ, ਜਨਮ ਦਿਨ ਬੇਟੇ ਦਾ ਹੀ ਕਿਉਂ, ਧੀਆਂ ਦੀ ਸਮਾਜ ਨੂੰ ਦੇਣ, ਬਜ਼ੁਰਗਾਂ ਦੀ ਜ਼ਿੰਦਗੀ ਦੀ ਸ਼ਾਮ ਉਨ੍ਹਾਂ ਵਿਚ ਇਕੱਲਾਪਣ, ਗ੍ਰਹਿਸਥੀ ਜੀਵਨ ਦੀ ਸਫਲਤਾ ਦੇ ਗੁਰ, ਸਾਵੀ ਪੱਧਰੀ ਜ਼ਿੰਦਗੀ ਕਿਵੇਂ ਗੁਜ਼ਾਰੀਏ ਪੜ੍ਹ ਕੇ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਵਾਰਤਕ ਯਾਦ ਆਉਂਦੀ ਹੈ। ਸਮਾਜਿਕ ਮਸਲਿਆਂ ਬਾਰੇ ਲੇਖ ਨਸ਼ਿਆਂ, ਨੌਜਵਾਨ ਦੇ ਜੀਵਨ ਵਿਚ ਫਿਲਮਾਂ, ਇਤਿਹਾਸਕ ਲੇਖ ਹੋਲਾ ਮਹੱਲਾ ਤੇ ਚਮਕੌਰ ਸਾਹਿਬ ਤੋਂ ਮਾਛੀਵਾੜਾ ਤਕ ਦਾ ਦਸਵੇਂ ਪਾਤਸ਼ਾਹ ਦਾ ਸਫ਼ਰ ਪੜ੍ਹਨ ਵਾਲੇ ਹਨ।

ਪੁਸਤਕ ਦੀ ਮੁੱਲਵਾਨ ਸਮੱਗਰੀ ਬਾਰੇ ਡਾ. ਪਰਮਿੰਦਰ ਸਿੰਘ ਬੈਨੀਪਾਲ, ਕਹਾਣੀਕਾਰ ਤੇਲੂ ਰਾਮ ਕੁਹਾੜਾ, ਪ੍ਰਿੰਸੀਪਲ ਡਾ. ਰਾਜਿੰਦਰ ਪਾਲ ਕੌਰ ਤੇ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਦੇ ਬੇਸ਼ਕੀਮਤੀ ਵਿਚਾਰ ਪੁਸਤਕ ਦੀ ਆਭਾ ਵਿਚ ਵਾਧਾ ਕਰਦੇ ਹਨ। ਦੋਵੇਂ ਲੇਖਕਾਂ ਦਾ ਸੰਖੇਪ ਜੀਵਨ ਵੇਰਵਾ ਵੀ ਸ਼ਾਮਲ ਹੈ। ਪੁਸਤਕ ਦਾ ਨਿੱਘਾ ਸਵਾਗਤ ਹੈ।

• ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ

ਹੱਥਲਾ ਨਾਵਲ 'ਚਿੱਟੀਆਂ ਗਿਰਝਾਂ' ਡਾ ਕੰਵਰ ਜਸਮਿੰਦਰ ਪਾਲ ਸਿੰਘ ਦੀ ਪਠੇਲੀ ਨਾਵਲ ਰਚਨਾ ਹੈ। ਲੇਖਕ ਨੇ ਨਾਵਲ ਦੇ ਕਥਾਨਕ ਰਾਹੀਂ ਸਮਾਜ ਦੇ ਵਿਭਿੰਨ ਖੇਤਰਾਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਜਨ-ਸਾਧਾਰਨ ਤਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਨਾਵਲ ਵਿਚ ਦੋ ਧਿਰਾਂ ਇਕ ਸ਼ੋਸ਼ਕ ਅਤੇ ਦੂਜੀ ਸ਼ੋਸ਼ਤ ਭਾਵ ਇਕ ਲੁੱਟਣ ਵਾਲੀ ਅਤੇ ਦੂਜੀ ਲੁੱਟ ਸਹਿਣ ਵਾਲੀ। ਨਾਵਲ ਦੇ ਮੁੱਖ ਪਾਤਰ ਅਨੋਖ ਸਿੰਘ ਅਤੇ ਉਸ ਦਾ ਪੁੱਤਰ ਰਣਵੀਰ ਆਪਣੀ ਸਾਰੀ ਜ਼ਿੰਦਗੀ ਸ਼ੋਸ਼ਣ ਸਹਾਰਦੇ ਹਨ। ਅਨੋਖ ਸਿੰਘ ਆਪਣੇ ਪੁੱਤਰ ਨੂੰ ਮਹਿੰਗੇ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾ-ਲਿਖਾ ਕੇ ਕਿਸੇ ਮੁਕਾਮ 'ਤੇ ਪਹੁੰਚਾਉਣਾ ਚਾਹੁੰਦਾ ਹੈ ਤਾਂ ਜੋ ਉਹ ਇਕ ਨਮੂਨੇ ਦਾ ਨਾਗਰਿਕ ਬਣ ਸਕੇ। ਪਰ ਉਸਨੂੰ ਹਰ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ ਵਿਚ ਸ਼ੋਸ਼ਣ ਸਹਾਰਨਾ ਪੈਂਦਾ ਹੈ। ਫਿਰ ਉਸਦਾ ਪੁੱਤਰ ਰਣਬੀਰ ਆਪਣੀ ਮਿੱਤਰ ਕੁੜੀ ਹੱਥੋਂ ਲੁਟੀਂਦਾ ਹੈ। ਝੂਠੇ ਕੇਸ ਵਿਚੋਂ ਨਿਕਲਣ ਲਈ ਰਣਬੀਰ ਨੂੰ ਫਿਰ ਪੁਲਿਸ ਵਿਭਾਗ ਅਤੇ ਪੱਤਰਕਾਰ ਭਾਈਚਾਰੇ ਹੱਥੋਂ ਸ਼ੋਸ਼ਿਤ ਹੋਣਾ ਪੈਂਦਾ ਹੈ।

| | |
|---|---|
| ਪੁਸਤਕ | ਚਿੱਟੀਆਂ ਗਿਰਝਾਂ |
| ਲੇਖਕ | ਕੰਵਰ ਜਸਮਿੰਦਰ ਪਾਲ ਸਿੰਘ (ਡਾ) |
| ਮੁੱਲ | 250 ਰੁਪਏ |
| ਪੰਨੇ | 232 |
| ਪ੍ਰਕਾਸ਼ਕ | ਸੰਗਮ ਪਬਲੀਕੇਸ਼ਨਜ਼, ਪਟਿਆਲਾ। |

ਅਨੋਖ ਸਿੰਘ ਨੂੰ ਆਪਣੇ ਕਾਰੋਬਾਰ ਦੌਰਾਨ ਆਪਣੇ ਸਨੇਹੀ ਅਤੇ ਵਿਸ਼ਵਾਸਯੋਗ ਮਿੱਤਰਾਂ ਹੱਥੋ ਸ਼ੋਸ਼ਿਤ ਹੋਣਾ ਪੈਂਦਾ ਹੈ। ਪਿਉ-ਪੁੱਤਰ ਜ਼ਿੰਦਗੀ ਦੇ ਹਰ ਮੋੜ ਉੱਤੇ ਕਿਸੇ ਨਾ ਕਿਸੇ ਤਰ੍ਹਾਂ ਹਰ ਅਦਾਰੇ ਵੱਲੋਂ ਲੁਟੀਂਦੇ ਹਨ। ਉਨ੍ਹਾਂ ਨੂੰ ਆਪਣੀ ਹੋਂਦ ਬਚਾਈ ਰੱਖਣ ਲਈ ਹਰ ਖੇਤਰ ਵਿਚ ਦਲਾਲਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਲੇਖਕ ਨੇ ਲੋਕਤੰਤਰ ਅੰਦਰ ਫੈਲੇ ਭ੍ਰਿਸ਼ਟਤੰਤਰ ਦਾ ਬਾਖੂਬੀ ਚਿੱਤਰ ਖਿੱਚਿਆ ਹੈ।

ਨਾਵਲ ਦੀ ਕਹਾਣੀ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ ਕਿ ਵਿਸ਼ਵੀਕਰਨ ਦੇ ਪਰਿਵੇਸ਼ ਨਾਲ ਮਨੁੱਖ ਇਕ ਵਸਤੂ ਬਣ ਕੇ ਰਹਿ ਗਿਆ ਹੈ। ਮੰਡੀ, ਮੁਨਾਫਾ, ਵਪਾਰ ਅਤੇ ਜਿਨਸੀਕਰਨ ਨੂੰ ਵਿਸ਼ਵੀਕਰਨ ਵਿਚ ਕੇਂਦਰੀ ਸਥਾਨ ਹਾਸਲ ਹੈ। ਮਨੁੱਖੀ ਕਦਰਾਂ-ਕੀਮਤਾਂ, ਨੈਤਿਕਤਾ ਅਤੇ ਸਦਾਚਾਰ ਸਭ ਕੁੱਝ ਹਾਸ਼ੀਏ ਉੱਤੇ ਚਲਿਆ ਗਿਆ ਹੈ। ਫਲਸਰੂਪ ਹਿੰਸਾ, ਭ੍ਰਿਸ਼ਟਾਚਾਰ, ਅਨੈਤਿਕਤਾ ਹਰ ਖੇਤਰ ਵਿੱਚ ਭਾਰੂ ਹੋ ਗਿਆ ਹੈ। ਨਾਵਲ ਨੂੰ ਪੜ੍ਹਦਿਆਂ ਕੁਝ ਘਾਟਾਂ ਵੀ ਮਹਿਸੂਸ ਹੁੰਦੀਆਂ ਹਨ। ਇੰਝ ਜਾਪਦਾ ਹੈ ਕਿ ਨਾਵਲਕਾਰ ਪਾਤਰਾਂ ਅਤੇ ਪ੍ਰਸਥਿਤੀਆਂ ਨੂੰ ਆਪਣੀ ਮਰਜ਼ੀ ਅਨੁਸਾਰ ਮੋੜ ਲੈਂਦਾ ਹੈ ਅਤੇ ਬਹੁਤੀ ਥਾਈਂ ਆਪ ਬੋਲਦਾ ਹੈ। ਕਿਤੇ-ਕਿਤੇ ਲੇਖਕ ਦਾ ਨਾਵਲੀ ਬਿਰਤਾਂਤ ਵਿਚ ਆਪ ਪਰਿਵੇਸ਼ ਕਰਨਾ ਰੜਕਦਾ ਹੈ। ਪਰ ਪਲੇਠਾ ਨਾਵਲ ਹੋਣ ਕਰਕੇ ਕੁੱਝ ਹੱਦ ਤਕ ਇਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਸਕਦਾ ਹੈ।

• ਅਵਤਾਰ ਸਿੰਘ ਪਤੰਗ

ਰਾਮ ਸਰੂਪ ਅਣਖੀ ਨੇ ਪੰਜਾਬੀ ਗ਼ਲਪ ਸਾਹਿਤ ਵਿਚ ਬਹੁਤ ਸਾਰੀਆਂ ਨਵੀਆਂ ਸੰਭਾਵਨਾਵਾਂ ਨੂੰ ਉਘਾੜਿਆ ਹੈ। ਭਾਵੇਂ ਉਹ ਕਹਾਣੀਆਂ ਲਿਖਦਾ ਰਿਹਾ ਜਾਂ ਨਾਵਲ, ਸਭਨਾਂ ਰਚਨਾਵਾਂ ਦੀ ਧਰਾਤਲ-ਭੂਮੀ 'ਚ ਉਸਨੇ ਪੰਜਾਬੀ ਜਨ-ਜੀਵਨ ਦੇ ਅਛੋਪਲੇ ਪੱਖਾਂ ਦਾ ਯਥਾਰਥਕ ਨਿਰੂਪਣ ਕੀਤਾ। ਵੱਖ-ਵੱਖ ਵਿਦਵਾਨਾਂ ਵੱਲੋਂ ਖੋਜ-ਪੱਧਤੀ ਜਾਂ ਡਿਗਰੀ ਪ੍ਰਾਪਤੀ ਦੀ ਪ੍ਰਸੰਗਿਕਤਾ 'ਚ ਜੋ ਲਿਖਿਆ ਗਿਆ, ਮਹੱਤਵਪੂਰਨ ਸਿੱਟਿਆਂ ਦਾ ਲਖਾਇਕ ਰਿਹਾ ਹੈ। ਇਸੇ ਲੜੀ ਦੇ ਅੰਤਰਗਤ ਡਾ. ਕਮਲਪ੍ਰੀਤ ਕੌਰ ਨੇ ਕੇਵਲ ਤੇ ਕੇਵਲ ਇਕ ਨਾਵਲ 'ਕੋਠੇ ਖੜਕ ਸਿੰਘ' ਨੂੰ ਆਧਾਰ ਬਣਾ ਕੇ ਰਾਮ ਸਰੂਪ ਅਣਖੀ ਦੀ ਸਮੁੱਚੀ ਗਾਲਪਨਿਕ ਦ੍ਰਿਸ਼ਟੀ ਨੂੰ ਸੰਖੇਪਤਾ 'ਚ ਪ੍ਰਗਟਾ ਦਿੱਤਾ ਹੈ। ਮੂਲ ਰੂਪ ਵਿਚ ਇਹ ਨਾਵਲ ਕਿਸਾਨੀ ਤੇ ਕਿਰਤੀ ਸ਼੍ਰੇਣੀ ਦੇ ਸਮਾਜਕ, ਸਭਿਆਚਾਰਕ ਅਤੇ ਲੋਕਧਰਾਈ ਜੀਵਨ-ਸ਼ੈਲੀ ਦੀਆਂ ਸਥਾਪਨਾਵਾਂ, ਜੀਵਨ ਵਰਤਾਰੇ ਵਿਚੋਂ ਉਪਜੇ ਸੰਤਾਪਾਂ, ਝਗੜੇ-ਝੇੜਿਆਂ ਅਤੇ ਖ਼ਾਸ ਕਰਕੇ ਆਰਥਿਕ ਵਖਰੇਵਿਆਂ ਵਿਚੋਂ ਉਪਜੀਆਂ ਉਪਸਥਿਤੀਆਂ ਦੇ ਸੁਖਾਂਤ ਨਾਲੋਂ ਵੱਧ ਦੁਖਾਂਤਿਕ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਹੈ ਜਿਸ ਨੂੰ ਲੇਖਿਕਾ ਨੇ ਗੰਭੀਰਤਾ ਸਹਿਤ ਸਮਝ ਕੇ ਇਸ ਪੁਸਤਕ ਜ਼ਰੀਏ ਪਾਠਕਾਂ ਦੇ ਸਨਮੁੱਖ ਕੀਤਾ ਹੈ।



| | |
|---|---|
| ਪੁਸਤਕ | 'ਕੋਠੇ ਖੜਕ ਸਿੰਘ' ਵਿਚ ਮਨੁੱਖੀ... |
| ਲੇਖਿਕਾ | ਕਮਲਪ੍ਰੀਤ ਕੌਰ |
| ਮੁੱਲ | 150 ਰੁਪਏ |
| ਪੰਨੇ | 88 |
| ਪ੍ਰਕਾਸ਼ਕ | ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ। |

ਲੇਖਿਕਾ ਨੇ ਸਮਾਜਕ ਅਤੇ ਮਨੋਵਿਗਿਆਨਕ ਪੱਧਰ 'ਤੇ ਪੱਸਰ ਚੁੱਕੇ ਰਿਸ਼ਤਿਆਂ ਵਿਚ ਜੋ ਤਰੇੜਾਂ ਆ ਰਹੀਆਂ ਹਨ ਅਤੇ ਰਾਜਸੀ ਵਰਤਾਰਾ ਉਨ੍ਹਾਂ ਤਰੇੜਾਂ ਨੂੰ ਕਿਵੇਂ ਆਪਣੇ ਹਿੱਤ 'ਚ ਵਰਤ ਕੇ ਹਾਸਿਲ ਗ੍ਰਹਿਣ ਕਰਨਾ ਚਾਹੁੰਦਾ ਹੈ, ਉਸ ਬਾਬਤ ਵੀ ਅਣਖੀ ਦੀ ਜੁਗਤ ਨੂੰ ਭਲੀ ਭਾਂਤੀ ਸਮਝਿਆ ਹੈ। ਘਰ, ਪਰਿਵਾਰ ਅਤੇ ਪੰਚਾਇਤਾਂ ਦੇ ਮਾਨਦੰਡਾਂ ਤੋਂ ਇਲਾਵਾ ਪੇਂਡੂ ਜੀਵਨ-ਸ਼ੈਲੀ ਦੇ ਆਂਤਰਿਕ ਅਤੇ ਬਾਹਰੀ ਭਾਵਾਂ ਨੂੰ ਪ੍ਰਗਟ ਕਰਦੇ ਸਮੇਂ ਝੰਡਾ ਸਿੰਘ, ਨਾਜ਼ਰ ਬੱਕਰੀਆਂ ਵਾਲਾ, ਹਰਨਾਮੀ, ਪ੍ਰੀਤਮ, ਪਾਖਰ ਆਦਿ ਪਾਤਰਾਂ ਦੇ ਚਰਿੱਤਰ ਨੂੰ ਜਿਸ ਸੰਦਰਭ ਵਿਚ ਅਣਖੀ ਨੇ ਚਿਤਰਣਾ ਚਾਹਿਆ ਸੀ ਉਸਦੀ ਲੇਖਿਕਾ ਨੇ ਖੂਬ ਪਛਾਣ ਕੀਤੀ ਹੈ ਅਤੇ ਹੋਰ ਅਨੇਕਾਂ ਪਾਤਰਾਂ ਦੇ ਆਲੋਚਨਾਤਮ ਪ੍ਰਗਟਾਵੇ ਜ਼ਰੀਏ ਇਸ ਪੁਸਤਕ ਵਿਚ ਪੇਸ਼ ਕਰਕੇ ਰਾਮ ਸਰੂਪ ਅਣਖੀ ਦੀ ਨਾਵਲੀ-ਪ੍ਰਤਿਭਾ ਨੂੰ ਖੂਬ ਉਘਾੜਿਆ ਹੈ। ਇਹੋ ਇਸ ਪੁਸਤਕ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

• ਡਾ. ਜਗੀਰ ਸਿੰਘ ਨੂਰ

# ਭਾਰਤ ਨਾਲ ਖਾੜਕੂਆਂ ਦੀ ਜਾਣਕਾਰੀ ਸਾਂਝੀ ਕਰਨ ਲਈ ਕੈਨੇਡਾ ਰਾਜ਼ੀ



ਔਟਵਾ: ਜੂਨ 2023 'ਚ ਕੈਨੇਡਾ 'ਚ ਖ਼ਾਲਿਸਤਾਨੀ ਸਮਰਥਕ ਹਰਦੀਪ ਸਿੰਘ ਨਿੱਜਰ ਦੇ ਕਤਲਕਾਂਡ ਮਗਰੋਂ ਕੈਨੇਡਾ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਕਤਲ ਦਾ ਇਲਜ਼ਾਮ ਸ਼ਰੇਆਮ ਭਾਰਤ ਸਰਕਾਰ ਅਤੇ ਏਜੰਸੀਆਂ 'ਤੇ ਲਗਾਇਆ ਸੀ। ਉਸ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਕਾਫ਼ੀ ਲੰਬੇ ਸਮੇਂ ਤਕ ਤਨਾਅ ਦਾ ਮਾਹੌਲ ਬਣਿਆ ਰਿਹਾ। ਜਦੋਂ ਇਸ ਮਾਮਲੇ ਨੂੰ ਤਕਰੀਬਨ ਦੋ ਸਾਲ ਬੀਤ ਚੁੱਕੇ ਹਨ, ਕੈਨੇਡਾ ਤੇ ਭਾਰਤ ਸਰਕਾਰ ਨੇ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਾਈਮ ਨੂੰ ਘਟਾਉਣ ਲਈ ਇੱਕ ਨਵੀਂ ਪਣਾਲੀ ਸ਼ੁਰੂ ਕਰਨ ਦੀ ਤਿਆਰੀ ਸ਼ੁਰੂ ਕੀਤੀ ਹੈ। ਇਸ ਕਦਮ ਨਾਲ ਦੋਵਾਂ ਦੇਸ਼ਾਂ ਵਿਚਾਲੇ ਵਿਗੜੇ ਹੋਏ ਸਬੰਧਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਇੱਕ ਨਵੀਂ ਦਿਸ਼ਾ ਮਿਲ ਸਕਦੀ ਹੈ।

ਇਸ ਪ੍ਰਣਾਲੀ ਅਨੁਸਾਰ ਹੁਣ ਦੋਵੇਂ ਦੇਸ਼ ਖਾੜਕੂਵਾਦ, ਵੱਖਵਾਦੀ ਪ੍ਰਕਿਰਿਆਵਾਂ, ਇੰਟੈਲੀਜੈਂਸ ਆਦਿ ਦੀ ਜਾਣਕਾਰੀ ਇੱਕ-ਦੂਜੇ ਨਾਲ ਸਾਂਝੀਆਂ ਕਰਨਗੇ। ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਇਸ ਪ੍ਰਕਿਰਿਆ 'ਤੇ ਹਾਲੇ ਵਿਚਾਰ-ਚਰਚਾ ਕੀਤੀ ਜਾ ਰਹੀ ਹੈ, ਅਤੇ ਇਸ ਬਾਰੇ **G-7** ਮੀਟਿੰਗ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਿਚਾਲੇ ਗੱਲਬਾਤ ਵੀ ਹੋਈ।

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚਾਲੇ ਹੋਈ ਇਹ ਮੁਲਾਕਾਤ ਕਈ ਮਾਇਨਿਆਂ ਨਾਲ ਖਾਸ ਰਹੀ ਕਿਉਂਕਿ ਇਸ ਮੀਟਿੰਗ ਦੌਰਾਨ ਦੁਵੱਲੇ ਅਤੇ ਵਿਸ਼ਵ ਪੱਧਰੀ ਮੁੱਦਿਆਂ 'ਤੇ ਚਰਚਾ ਵੀ ਕੀਤੀ ਗਈ।

ਜ਼ਿਕਰਯੋਗ ਹੈ ਕਿ ਦੋਹਾਂ ਦੇਸ਼ਾਂ ਦੇ ਸਬੰਧ ਓਦੋਂ ਤਨਾਅਪੂਰਨ ਹੋ ਗਏ ਸਨ ਜਦੋਂ ਸਾਲ 2023 'ਚ ਬ੍ਰਿਟਿਸ਼ ਕੋਲੰਬੀਆ ਦੇ ਇੱਕ ਗੁਰਦੁਆਰਾ ਸਾਹਿਬ ਦੇ ਬਾਹਰ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਜਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਮਗਰੋਂ ਮਾਹੌਲ ਓਦੋਂ ਜ਼ਿਆਦਾ ਗਰਮਾ ਗਿਆ ਜਦੋਂ ਉਸ ਕਤਲ ਦਾ ਜ਼ਿੰਮੇਵਾਰ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਨੂੰ ਠਹਿਰਾ ਦਿੱਤਾ।

ਉਸ ਤੋਂ ਬਾਅਦ ਕੈਨੇਡੀਅਨ ਪੁਲੀਸ ਨੇ ਵੀ ਕੈਨੇਡਾ 'ਚ ਸਿੱਖਾਂ ਦੇ ਕਤਲ ਅਤੇ ਤੰਗ-ਪਰੇਸ਼ਾਨ ਕਰਨ ਦਾ ਇਲਜ਼ਾਮ ਭਾਰਤ 'ਤੇ ਲਗਾਇਆ ਸੀ। ਦੋਹਾਂ ਦੇਸ਼ਾਂ ਵਿਚਾਲੇ ਤਲਖ਼ੀ ਐਨੀ ਵੱਧ ਗਈ ਸੀ ਕਿ ਕੈਨੇਡਾ ਨੇ ਭਾਰਤ ਅਤੇ ਭਾਰਤ ਨੇ ਕੈਨੇਡਾ ਦੇ ਡਿਪਲੋਮੈਟਾਂ ਨੂੰ ਦੇਸ਼ ਛੱਡਣ ਦੇ ਹੁਕਮ ਦੇ ਦਿੱਤੇ ਸਨ।

ਹੁਣ ਬੀਤੇ ਕੁਝ ਸਮੇਂ ਦੌਰਾਨ ਦੋਵਾਂ ਦੇਸ਼ਾਂ ਦੇ ਸਬੰਧ ਪੱਟੜੀ 'ਤੇ ਆ ਰਹੇ ਹਨ, ਅਤੇ ਪ੍ਰਧਾਨ ਮੰਤਰੀ ਕਾਰਨੀ ਨੇ ਨਰੇਂਦਰ ਮੋਦੀ ਨੂੰ **G-7** ਮੀਟਿੰਗ 'ਚ ਆਉਣ ਦਾ ਸੱਦਾ ਦੇ ਕੇ ਸਬੰਧ ਸੁਧਾਰਨ ਵਲ ਇੱਕ ਹੋਰ ਕਦਮ ਵਧਾਇਆ ਸੀ। ਹੁਣ ਉਮੀਦ ਹੈ ਕਿ ਖਾੜਕੂਵਾਦ ਅਤੇ ਕ੍ਰਾਈਮ ਸਬੰਧੀ ਜਾਣਕਾਰੀਆਂ ਇੱਕ-ਦੂਜੇ ਨਾਲ ਸਾਂਝੀਆਂ ਕਰ ਕੇ ਦੋਵਾਂ ਦੇਸ਼ਾਂ ਵਿਚਾਲੇ ਹੋਰ ਸਬੰਧ ਹੋਰ ਮਜ਼ਬੂਤ ਹੋਣਗੇ ਅਤੇ ਦੋਵਾਂ ਦੇਸ਼ਾਂ 'ਚ ਹੋਣ ਵਾਲੇ ਕ੍ਰਾਈਮ ਦੀ ਦਰ ਨੂੰ ਵੀ ਘਟਾਇਆ ਜਾ ਸਕੇਗਾ।

## ਕੈਨੇਡਾ 'ਚ ਆਪਣਾ ਹੀ ਬੱਚਾ ਅਗਵਾ ਕਰ ਕੇ ਭਾਰਤ ਭੱਜਣ ਵਾਲਾ ਕੈਨੇਡਾ ਵਾਪਸੀ 'ਤੇ ਗ੍ਰਿਫ਼ਤਾਰ



ਵੈਨਕੂਵਰ: ਬੀਤੇ ਵਰ੍ਹੇ ਜੁਲਾਈ ਮਹੀਨੇ 'ਚ ਆਪਣੇ ਹੀ ਤਿੰਨ ਸਾਲ ਦੇ ਬੱਚੇ ਨੂੰ ਅਗਵਾ ਕਰ ਕੇ ਭਾਰਤ ਭੱਜੇ ਪਿਤਾ ਨੂੰ ਬੀਤੇ ਦਿਨ ਟੋਰੌਂਟੋ ਹਵਾਈ ਅੱਡੇ 'ਤੇ ਉਤਰਦਿਆਂ ਹੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਕਪਿਲ ਸੁਨਕ (48) ਅਤੇ ਕੈਮਿਲਾ ਵਿਲੌਸ ਦਾ ਕਈ ਸਾਲ ਪਹਿਲਾਂ ਵਿਆਹ ਹੋਇਆ ਸੀ ਜਿਨ੍ਹਾਂ ਦਾ ਇੱਕ ਪੁੱਤਰ ਵੈਲਨਟੀਨੋ ਹੈ, ਪਰ ਦੋ ਸਾਲ ਪਹਿਲਾਂ ਦੋਵਾਂ ਦੇ ਵਿਆਹੁਤਾ ਸਬੰਧ ਵਿਗੜ ਗਏ ਜਿਸ ਦੌਰਾਨ ਅਦਾਲਤ ਨੇ ਉਨ੍ਹਾਂ ਦੇ ਕੇਸ ਸਬੰਧੀ ਫ਼ੈਸਲੇ ਤਕ ਬੱਚਾ ਮਾਂ ਦੇ ਸਪੁਰਦ ਕਰ ਦਿੱਤਾ ਸੀ, ਅਤੇ ਸੁਨਕ 'ਤੇ ਬੱਚੇ ਤੋਂ ਦੂਰ ਰਹਿਣ ਦੀ ਪਬੰਦੀ ਵੀ ਲਗਾ ਦਿੱਤੀ ਸੀ।

ਇਸ ਦੌਰਾਨ ਸੁਨਕ ਨੇ ਪਿਛਲੇ ਸਾਲ ਜੁਲਾਈ ਮਹੀਨੇ 'ਚ ਬੱਚੇ ਨੂੰ ਕੇਅਰ ਸੈਂਟਰ ਤੋਂ ਅਗਵਾ ਕਰ ਲਿਆ ਅਤੇ ਭਾਰਤ ਲੈ ਗਿਆ। ਜਿਸ ਤੋਂ ਬਾਅਦ ਜਨਵਰੀ ਕੈਮਿਲਾ ਉਨ੍ਹਾਂ ਦੀ ਭਾਲ ਲਈ ਭਾਰਤ ਗਈ ਅਤੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਕੇਸ ਕਰਨ ਉਪਰੰਤ ਬੱਚਾ ਆਪਣੀ ਕਸਟੱਡੀ 'ਚ ਲੈ ਕੇ ਕੈਨੇਡਾ ਵਾਪਿਸ ਆ ਗਈ। ਉਧਰ ਕੈਨੇਡਾ ਪੁਲੀਸ ਵਲੋਂ ਸੁਨਕ ਵਿਰੁੱਧ ਅਗਵਾ ਦਾ ਮਾਮਲਾ ਦਰਜ ਕੀਤਾ ਹੋਇਆ ਸੀ। ਬੀਤੇ ਦਿਨ ਜਿਵੇਂ ਹੀ ਉਹ ਵਾਪਿਸ ਕੈਨੇਡਾ ਪਹੁੰਚਿਆ ਤਾਂ ਬਾਰਡਰ ਸੁਰੱਖਿਆ ਏਜੰਸੀ ਵਲੋਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ।

## 54 ਫ਼ੀਸਦੀ ਬਜ਼ੁਰਗਾਂ 'ਚ ਉਦਾਸੀ ਅਤੇ ਇਕੱਲਾਪਨ ਸਭ ਤੋਂ ਆਮ ਭਾਵਨਾਵਾਂ

ਨਵੀਂ ਦਿੱਲੀ: ਇੱਕ ਸਰਵੇਖਣ ਰਿਪੋਰਟ ਮੁਤਾਬਿਕ ਲਗਭਗ 54 ਫ਼ੀਸਦੀ ਬਜ਼ੁਰਗ ਬੁਢਾਪੇ ਨੂੰ



ਨਕਾਰਾਤਮਕ ਭਾਵਨਾਵਾਂ ਨਾਲ ਜੋੜਦੇ ਹਨ ਜਿਸ 'ਚ ਇਕੱਲਾਪਨ (47 ਫ਼ੀ ਸਦੀ) ਸੱਭ ਤੋਂ ਆਮ ਭਾਵਨਾ ਹੈ। ਹੈੱਲਪਏਜ ਇੰਡੀਆ ਅਧਿਐਨ ਅਕਸਰ ਪਰਿਵਾਰਕ ਗੱਲਬਾਤ ਦੇ ਬਾਵਜੂਦ ਭਾਰਤ ਦੀ ਬਜ਼ੁਰਗ ਅਤੇ ਨੌਜਵਾਨ ਪੀੜ੍ਹੀ ਵਿਚਾਲੇ ਵੱਧ ਰਹੀ ਦੂਰੀ ਨੂੰ ਉਜਾਗਰ ਕਰਦੀ ਹੈ। ਬਜ਼ੁਰਗ ਅਕਸਰ ਬੁਢਾਪੇ ਨੂੰ ਇਕੱਲੇਪਨ ਅਤੇ ਘਟਦੇ ਆਦਰ ਨਾਲ ਜੋੜਦੇ ਹਨ, ਨੌਜਵਾਨ ਉਨ੍ਹਾਂ ਦੀ ਬੁੱਧੀ ਦੀ ਪ੍ਰਸ਼ੰਸਾ ਕਰਦੇ ਹਨ, ਪਰ ਉਨ੍ਹਾਂ ਦੇ ਭਾਵਨਾਤਮਕ ਸੰਕਟ ਨੂੰ ਬਹੁਤ ਹੀ ਘੱਟ ਸਮਝਦੇ ਹਨ।

ਡਿਜੀਟਲ ਵੰਡ ਰਿਸ਼ਤਿਆਂ ਨੂੰ ਹੋਰ ਗੁੰਝਲਦਾਰ ਬਣਾ ਰਹੀ ਹੈ। ਬਜ਼ੁਰਗ ਤਕਨਾਲੋਜੀ ਨਾਲ ਜੁੜੇ ਰਹਿਣ ਲਈ ਸੰਘਰਸ਼ ਕਰਦੇ ਹਨ, ਅਤੇ ਨੌਜਵਾਨ ਬੇਚੈਨ ਹੋ ਰਹੇ ਹਨ ਹਾਲਾਂਕਿ ਦੋਵੇਂ ਪੀੜ੍ਹੀਆਂ ਇਕੱਲੇਪਨ, ਮਾੜੀ ਸਿਹਤ ਅਤੇ ਵਿੱਤੀ ਅਸੁਰੱਖਿਆ ਤੋਂ ਡਰਦੀਆਂ ਹਨ। ਨੌਜਵਾਨ ਪੀੜ੍ਹੀ ਰਸਮੀ ਬਜ਼ੁਰਗਾਂ ਦੀ ਦੇਖਭਾਲ ਦੇ ਵਿਕਲਪਾਂ ਲਈ ਵਧੇਰੇ ਖੁੱਲ੍ਹੀ ਹੈ।

ਰਿਪੋਰਟ 'ਚ ਤੁਰੰਤ ਕਾਰਵਾਈ ਕਰਨ, ਹਮਦਰਦੀ-ਨਿਰਮਾਣ ਪ੍ਰੋਗਰਾਮਾਂ, ਡਿਜੀਟਲ ਸਿਖਲਾਈ ਪਹਿਲਕਦਮੀਆਂ ਅਤੇ ਅੰਤਰ-ਪੀੜ੍ਹੀ ਆਦਾਨ-ਪ੍ਰਦਾਨ ਦੀ ਵਕਾਲਤ ਕਰਨ ਦੀ ਮੰਗ ਕੀਤੀ ਗਈ ਹੈ ਤਾਂ ਜੋ ਇਸ ਪਾੜੇ ਨੂੰ ਪੂਰਾ ਕੀਤਾ ਜਾ ਸਕੇ ਅਤੇ ਮਜ਼ਬੂਤ ਸਬੰਧਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

## ਡੈਨਮਾਰਕ ਹੈ ਦੁਨੀਆਂ ਦਾ ਸਭ ਤੋਂ ਖ਼ੁਸ਼ਹਾਲ ਦੇਸ਼

ਕੋਪਨਹੇਗਨ: ਇੱਕ ਪਾਸੇ ਜਿੱਥੇ ਪੱਛਮੀ ਦੇਸ਼ਾਂ 'ਚ ਖ਼ੁਸ਼ੀ ਘਟਦੀ ਜਾ ਰਹੀ ਹੈ ਉੱਥੇ ਡੈਨਮਾਰਕ ਹਰ ਸਾਲ ਦੁਨੀਆਂ ਦੇ ਸਭ ਤੋਂ ਖ਼ੁਸ਼ਹਾਲ ਦੇਸ਼ਾਂ ਦੀ ਸੂਚੀ 'ਚ ਸਭ ਤੋਂ ਉੱਪਰ ਹੁੰਦਾ ਹੈ। ਇਸ ਦਾ ਇੱਕ ਕਾਰਨ ਇਸ ਦੇ ਸਖ਼ਤ ਪਰਵਾਸ ਨਿਯਮ ਹਨ। ਦਰਅਸਲ 2015 'ਚ ਯੌਰਪ 'ਚ ਸ਼ਰਣਾਰਥੀ ਸੰਕਟ ਦੌਰਾਨ 21 ਹਜ਼ਾਰ ਸ਼ਰਣਾਰਥੀ ਡੈਨਮਾਰਕ ਆਏ ਸਨ। ਫ਼ਿਰ ਲੋਕਾਂ ਨੂੰ ਡਰ ਸੀ ਕਿ ਇਹ ਪਰਵਾਸੀ ਉਨ੍ਹਾਂ ਦੇ ਦੇਸ਼ ਦੀ ਭਲਾਈ ਪ੍ਰਣਾਲੀ 'ਤੇ ਬੋਝ ਪਾ ਸਕਦੇ ਹਨ। ਉਸ ਤੋਂ ਬਾਅਦ ਡੈਨਮਾਰਕ ਨੇ ਪਰਵਾਸ ਸੰਬੰਧੀ ਸਖਤ ਨੀਤੀਆਂ ਅਪਨਾਈਆਂ ਜਿਵੇਂ ਕਿ ਬੁਰਕੇ 'ਤੇ ਪਾਬੰਦੀ, ਅਤੇ ਪਰਵਾਸੀਆਂ ਲਈ ਡੈਨਿਸ਼ ਭਾਸ਼ਾ ਦੀ ਲਾਜ਼ਮੀ ਸਿੱਖਿਆ। ਸਾਲ 2018 'ਚ ਐਂਟੀ-ਗੇਟੋ ਲਾਅ ਲਿਆਂਦਾ ਗਿਆ ਜਿਸ ਦਾ ਉਦੇਸ਼ ਕੁਝ ਖੇਤਰਾਂ 'ਚ ਵਿਦੇਸ਼ੀਆਂ ਨੂੰ 30% ਤੋਂ ਘੱਟ ਕਰਨਾ ਸੀ। ਡੈਨਿਸ਼ ਪ੍ਰਧਾਨ ਮੰਤਰੀ ਮੈਟੇ ਫ਼ਰੈਡਰਿਕਸਨ ਦੀ ਸਰਕਾਰ ਨੇ ਸ਼ਰਣਾਰਥੀ ਅਰਜ਼ੀਆਂ ਨੂੰ 90% ਘਟਾ ਦਿੱਤਾ ਹੈ। ਇਸ ਦਾ ਉਦੇਸ਼ ਕੱਟੜਪੰਥੀ ਸੱਜੇ-ਪੱਖੀ ਪਾਰਟੀਆਂ ਦੇ ਵਾਧੇ ਨੂੰ ਰੋਕਣਾ ਹੈ।

ਡੈਨਮਾਰਕ ਦੀ ਖ਼ੁਸ਼ਹਾਲੀ ਦਾ ਕਾਰਨ ਮੁਫ਼ਤ ਸਿਹਤ ਸੰਭਾਲ, ਮੁਫ਼ਤ ਉਚ ਸਿੱਖਿਆ ਅਤੇ ਬਜ਼ੁਰਗਾਂ ਲਈ ਘਰ ਦੀ ਦੇਖਭਾਲ ਵਰਗੀਆਂ ਸਹੂਲਤਾਂ ਹਨ। ਡੈਨਮਾਰਕ 'ਚ ਟੈਕਸ ਬਹੁਤ ਜ਼ਿਆਦਾ ਹਨ, ਪਰ ਲੋਕ ਉਨ੍ਹਾਂ ਨੂੰ ਖ਼ੁਸ਼ੀ ਨਾਲ ਅਦਾ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਸਰਕਾਰ ਉਨ੍ਹਾਂ ਦੇ ਪੈਸੇ ਸਹੀ ਤਰੀਕੇ ਨਾਲ ਖ਼ਰਚ ਕਰ ਰਹੀ ਹੈ। ਇੱਥੇ ਭ੍ਰਿਸ਼ਟਾਚਾਰ ਬਹੁਤ ਘੱਟ ਹੈ ਅਤੇ ਸਰਕਾਰੀ ਪ੍ਰਣਾਲੀ 'ਚ ਪਾਰਦਰਸ਼ਤਾ ਹੈ। ਡੈਨਿਸ਼ ਸਮਾਜ 'ਚ ਵਿਸ਼ਵਾਸ ਦੀ ਇੱਕ ਡੂੰਘੀ ਜੜ੍ਹ ਹੈ। ਇੱਥੇ ਬੱਚੇ 8-9 ਸਾਲ ਦੀ ਉਮਰ 'ਚ ਜਨਤਕ ਆਵਾਜਾਈ ਦੇ ਸਾਧਨਾ 'ਚ ਇਕੱਲੇ ਯਾਤਰਾ ਕਰਦੇ ਹਨ। ਸਕੂਲਾਂ 'ਚ ਬੱਚਿਆਂ ਨੂੰ ਗਣਿਤ ਅਤੇ ਭਾਸ਼ਾ ਦੇ ਨਾਲ-ਨਾਲ ਸਮਾਜਕ ਨਿਯਮ ਵੀ ਸਿਖਾਏ ਜਾਂਦੇ ਹਨ ਜਿਵੇਂ ਕਿ ਵਾਰੀ-ਵਾਰੀ ਕੰਮ ਕਰਨਾ ਅਤੇ ਦੂਜਿਆਂ ਦੀ ਮਦਦ ਕਰਨਾ।

## ਰੋਜ਼ੀ-ਰੋਟੀ ਚਲਾਉਣ ਲਈ ਕੁਝ ਤਾਂ ਕਰਨਾ ਜ਼ਰੂਰੀ ਹੈ - ਸਿੱਧੂ

ਅੰਮ੍ਰਿਤਸਰ: ਕਪਿਲ ਸ਼ਰਮਾ ਸ਼ੋਅ ਨਾਲ ਮੁੜ ਜੁੜਨ ਤੋਂ ਬਾਅਦ ਪਹਿਲੀ ਵਾਰ ਅੰਮ੍ਰਿਤਸਰ ਪਰਤੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਰੋਜ਼ੀ-ਰੋਟੀ ਚਲਾਉਣ ਵਾਸਤੇ ਕੁਝ ਤਾਂ ਕਰਨਾ ਜ਼ਰੂਰੀ ਹੈ। ਉਹ ਇੱਥੇ ਕੁਈਨਜ਼ ਰੋਡ 'ਤੇ ਸਥਿਤ ਇੱਕ ਟੀ-ਸਟਾਲ ਵਿਖੇ ਪੁੱਜੇ ਹੋਏ ਸਨ ਜਿੱਥੇ ਉਨ੍ਹਾਂ ਆਮ ਲੋਕਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਮੀਡੀਆ ਨਾਲ ਗ਼ੈਰ-ਰਸਮੀ ਗੱਲਬਾਤ ਦੌਰਾਨ ਸ੍ਰੀ ਸਿੱਧੂ ਨੇ ਆਖਿਆ, "ਇਹ ਮੇਰਾ ਕੋਈ ਨਵਾਂ ਅਵਤਾਰ ਨਹੀਂ। ਮੈਂ ਪਹਿਲਾਂ ਵੀ ਇਹ ਕੰਮ ਕਰ ਚੁੱਕਾ ਹਾਂ, ਅਤੇ ਹੁਣ ਘਰ ਦੀ ਰੋਜ਼ੀ-ਰੋਟੀ ਚਲਾਉਣ ਲਈ ਮੁੜ ਇਹ ਕੰਮ ਕਰਨ ਜਾ ਰਿਹਾ ਹਾਂ। ਮੈਂ ਹਮੇਸ਼ਾ ਹੱਕ ਹਲਾਲ ਦੀ ਕਮਾਈ ਕੀਤੀ ਹੈ। ਸਿਆਸਤ



'ਚੋਂ ਕੁਝ ਕਮਾਇਆ ਨਹੀਂ ਸਗੋਂ ਗੁਆਇਆ ਹੀ ਹੈ। ਨਾ ਕੋਈ ਦੁਕਾਨ ਬਣਾਈ ਅਤੇ ਨਾ ਹੀ ਕੋਈ ਖੱਡ ਖ਼ਰੀਦੀ।"

ਆਪਣਾ ਇੱਕ ਨਿੱਜੀ ਤਜਰਬਾ ਸਾਂਝਾ ਕਰਦਿਆਂ ਸਿੱਧੂ ਨੇ ਦੱਸਿਆ ਕਿ ਹੁਣ ਜਦੋਂ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਕੈਂਸਰ ਨਾਲ ਜੂਝ ਰਹੀ ਸੀ, ਅਤੇ ਉਨ੍ਹਾਂ ਦਾ ਇਲਾਜ ਕਰਵਾਉਣਾ ਸੀ ਤਾਂ ਉਨ੍ਹਾਂ ਕੋਲ ਐਨੀ ਕੁ ਮਾਇਆ ਵੀ ਨਹੀਂ ਸੀ ਕਿ ਉਹ ਉਨ੍ਹਾਂ ਨੂੰ ਵਿਦੇਸ਼ ਇਲਾਜ ਲਈ ਲਿਜਾ ਸਕਦੇ, ਇਸ ਲਈ ਹੁਣ ਉਨ੍ਹਾਂ ਨੇ ਮੁੜ ਤੋਂ ਇਹ ਕੰਮ ਸ਼ੁਰੂ ਕੀਤਾ ਹੈ। ਹੁਣ ਉਹ ਕ੍ਰਿਕਟ ਕੁਮੈਂਟਰੀ ਵੀ ਕਰ ਰਹੇ ਹਨ, ਅਤੇ ਕਈ ਹੋਰ ਟਾਕ ਸ਼ੋਅਜ਼ ਵੀ ਕਰਦੇ ਰਹਿੰਦੇ ਹਨ ਜਿੱਥੇ ਉਹ ਆਪਣੀ ਮਰਜ਼ੀ ਦੇ ਮਾਲਕ ਹੁੰਦੇ ਹਨ, ਅਤੇ ਸਵੈ-ਨਿਰਭਰ ਰਹਿੰਦੇ ਹਨ। ਸਿਆਸਤ ਦੇ ਤਜਰਬੇ ਤੋਂ ਕੁਝ ਨਿਰਾਸ਼ ਦਿਖਾਈ ਦੇ ਰਹੇ ਸਿੱਧੂ ਨੇ ਆਖਿਆ ਕਿ ਉਨ੍ਹਾਂ ਦਾ ਮਿਸ਼ਨ ਸਿਆਸਤ ਹੈ ਅਤੇ ਇਸ਼ਕ ਪੰਜਾਬ ਹੈ ਜਿਸ ਲਈ ਉਹ ਕੁਝ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੀਤੀਆਂ 'ਚ ਸੁਧਾਰ ਲਿਆਉਣ ਅਤੇ ਪੰਜਾਬ ਦੇ ਲੋਕਾਂ ਦੇ ਭਲੇ ਲਈ ਆਪਣੇ ਵਲੋਂ ਵੱਡੇ ਯਤਨ ਕੀਤੇ ਹਨ ਪਰ ਕੁਝ ਨਹੀਂ ਬਦਲਿਆ ਹੈ। ਉਨ੍ਹਾਂ ਆਖਿਆ, "ਜਦੋਂ ਤੁਸੀਂ ਕਿਸੇ ਪਾਰਟੀ ਨਾਲ ਜੁੜਦੇ ਹੋ ਤਾਂ ਉੱਥੇ ਤੁਹਾਡੇ ਉੱਪਰ ਬੈਠਾ ਇੱਕ ਬੌਸ ਵੀ ਹੁੰਦਾ ਹੈ।"

ਪੰਜਾਬ ਦੀ ਮੌਜੂਦਾ ਸਿਆਸੀ ਅਤੇ ਆਰਥਿਕ ਸਥਿਤੀ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਸਾਬਕਾ ਸੰਸਦ ਮੈਂਬਰ ਨੇ ਕਿਹਾ ਕਿ ਪਿਛਲੇ 30 ਸਾਲਾਂ ਤੋਂ ਮਾਫ਼ੀਆ ਦੀ ਸਰਪ੍ਰਸਤੀ ਕੀਤੀ ਜਾ ਰਹੀ। ਕਿਸੇ ਵੀ ਸਿਆਸਤਦਾਨ ਨੇ ਕੋਈ ਨੀਤੀ ਨਹੀਂ ਬਦਲੀ ਤਾਂ ਲੋਕਾਂ ਦੀ ਜ਼ਿੰਦਗੀ ਕਿਵੇਂ ਬਦਲੇਗੀ। ਹਰੇਕ ਕੋਈ ਆਉਂਦਾ ਹੈ, ਅਤੇ ਆਪਣਾ ਹਿਸਾ ਲੈ ਕੇ ਪਿੱਛੇ ਹਟ ਜਾਂਦਾ ਹੈ। ਕਰਜ਼ੇ ਲੈ ਕੇ ਸਰਕਾਰਾਂ ਨੂੰ ਚਲਾਇਆ ਜਾ ਰਿਹਾ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਗੱਲ 'ਤੇ ਸੰਤੁਸ਼ਟ ਪ੍ਰਗਟਾਈ ਕਿ ਉਨ੍ਹਾਂ ਨੇ ਨਾ ਤਾਂ ਆਪਣੇ ਜ਼ਮੀਰ ਨਾਲ ਤੇ ਨਾ ਹੀ ਕਿਰਦਾਰ ਨਾਲ ਕੋਈ ਸਮਝੌਤਾ ਕੀਤਾ ਹੈ।

## ਸਿਆਸਤ ਦੇ ਨਾਲ-ਨਾਲ ਟਰੰਪ ਨੇ ਕਮਾਏ $600 ਮਿਲੀਅਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦਾ ਸਿਆਸਤ ਦੇ ਨਾਲ-ਨਾਲ ਕਾਰੋਬਾਰ ਵੀ ਖ਼ੂਬ ਵੱਧ-ਫ਼ੁਲ ਰਿਹਾ ਹੈ। ਉਨ੍ਹਾਂ ਦੀ ਕਮਾਈ ਹੁਣ ਅਮਰੀਕਾ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਹੁਣੇ ਜਿਹੇ ਜਨਤਕ ਕੀਤੀ ਗਈ ਇਸ ਫ਼ਾਇਨੈਂਸ਼ੀਅਲ ਡਿਸਕਲੋਯਰ ਰਿਪੋਰਟ ਅਨੁਸਾਰ ਟਰੰਪ ਨੇ ਸਾਲ 2024 ਦੌਰਾਨ ਕ੍ਰਿਪਟੋਕਰੰਸੀ, ਰੀਅਲ ਐਸਟੇਟ, ਗੌਲਫ਼ ਕਲੱਬਾਂ, ਬ੍ਰੈਂਡਿਡ ਉਤਪਾਦਾਂ ਅਤੇ ਕੌਮਾਂਤਰੀ ਸੌਦਿਆਂ ਰਾਹੀਂ 600 ਮਿਲੀਅਨ ਡਾਲਰ ਤੋਂ ਜ਼ਿਆਦਾ ਦੀ ਕਮਾਈ ਕੀਤੀ ਹੈ। ਰਿਪੋਰਟ 'ਚ ਉਨ੍ਹਾਂ ਕੋਲ ਘੱਟੋ-ਘੱਟ 1.6 ਅਰਬ ਡਾਲਰ ਦੀ ਜਾਇਦਾਦ ਹੋਣ ਦੀ ਗੱਲ ਕਹੀ ਗਈ ਹੈ। ਇਹ ਘੱਟੋ-ਘੱਟ ਅਨੁਮਾਨ ਹੈ ਕਿਉਂਕਿ ਜ਼ਿਆਦਾਤਰ ਅੰਕੜਿਆਂ ਲਈ ਘੱਟੋ-ਘੱਟ ਗਿਣਤੀ ਨੂੰ ਹੀ ਅਨੁਮਾਨ 'ਚ ਸ਼ਾਮਿਲ ਕੀਤਾ ਗਿਆ ਹੈ।



ਡੀ. ਡਬਲਿਊ. ਪੋਰਟਲ ਨੇ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਦੀ ਕਾਰੋਬਾਰੀ ਕਮਾਈ 'ਚ ਸਭ ਤੋਂ ਨਵਾਂ ਤੇ ਤੇਜ਼ੀ ਨਾਲ ਵਧਦਾ ਹੋਇਆ ਸਰੋਤ ਕ੍ਰਿਪਟੋ ਵਿਖਾਇਆ ਗਿਆ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਵਰਲਡ ਲਿਬਰਟੀ ਫ਼ਾਇਨੈਂਸ਼ਲ ਨਾਂ ਦੀ ਇੱਕ ਡੀਸੈਂਟਰਲਾਈਜ਼ਡ ਫ਼ਾਇਨੈਂਸ ਕੰਪਨੀ ਤੋਂ ਉਨ੍ਹਾਂ ਨੂੰ 57.35 ਮਿਲੀਅਨ ਡਾਲਰ ਦੀ ਆਮਦਨ ਟੋਕਨ ਵਿਕਰੀ ਰਾਹੀਂ ਹੋਈ। ਇਸ ਦੇ ਨਾਲ ਹੀ ਉਨ੍ਹਾਂ ਕੋਲ ਕੰਪਨੀ 'ਚ 15.75 ਅਰਬ ਗਵਰਨੈਂਸ ਟੋਕਨ ਵੀ ਹਨ।

ਇਸ ਤੋਂ ਇਲਾਵਾ ਇਸ ਸਾਲ ਦੇ ਸ਼ੁਰੂ 'ਚ ਟਰੰਪ ਵਲੋਂ ਲੌਂਚ ਕੀਤਾ ਗਿਆ ਇੱਕ ਮੀਮ ਕੁਆਇਨ ਟਰੰਪ ਡਾਲਰ ਇਕੱਲਾ ਹੀ 320 ਮਿਲੀਅਨ ਡਾਲਰ ਦੀ ਕਮਾਈ ਕਰ ਚੁੱਕਾ ਹੈ, ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਉਸ 'ਚ ਟਰੰਪ ਦੀ ਹਿੱਸੇਦਾਰੀ ਕਿੰਨੀ ਹੈ ਜਾਂ ਇਹ ਮਾਲੀਆ ਟਰੰਪ ਦੇ ਕੰਟਰੋਲ ਵਾਲੀਆਂ ਸੰਸਥਾਵਾਂ ਅਤੇ ਭਾਈਵਾਲਾਂ ਵਿਚਾਲੇ ਕਿਵੇਂ ਵੰਡਿਆ ਗਿਆ ਹੈ। ਖ਼ਬਰ ਏਜੰਸੀ ਰੌਇਟਰਜ਼ ਨੇ ਇੱਕ ਵਿਸ਼ਲੇਸ਼ਣ ਤੋਂ ਬਾਅਦ ਲਿਖਿਆ ਕਿ ਇਹ ਸਪੱਸ਼ਟ ਹੈ ਕਿ ਡਿਜੀਟਲ ਜਾਇਦਾਦਾਂ ਦੀ ਦੁਨੀਆਂ 'ਚ ਟਰੰਪ ਪਰਿਵਾਰ ਨੇ ਅਚਾਨਕ ਵੱਡੀ ਛਾਲ ਮਾਰੀ ਹੈ।

ਔਬਜ਼ਰਵਰਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਵਲੋਂ ਕ੍ਰਿਪਟੋ 'ਤੇ ਅਪਨਾਈਆਂ ਗਈਆਂ ਨੀਤੀਆਂ ਉਨ੍ਹਾਂ ਕਾਰੋਬਾਰਾਂ ਲਈ ਫ਼ਾਇਦੇਮੰਦ ਸਾਬਿਤ ਹੋਈਆਂ ਹਨ ਜਿਨ੍ਹਾਂ ਨਾਲ ਟਰੰਪ ਜਾਂ ਉਨ੍ਹਾਂ ਦੇ ਪਰਿਵਾਰ ਦਾ ਸਬੰਧ ਹੈ। ਇਸ ਕਾਰਨ ਇੱਕ ਵਾਰ ਫ਼ਿਰ ਰਾਸ਼ਟਰਪਤੀ ਦੀਆਂ ਨਿੱਜੀ ਜਾਇਦਾਦਾਂ ਅਤੇ ਸਰਕਾਰੀ ਨੀਤੀ ਨਿਰਧਾਰਣ ਵਿਚਾਲੇ ਹਿੱਤਾਂ ਦੇ ਟਕਰਾਅ ਦੇ ਦੋਸ਼ ਉਭਰ ਕੇ ਸਾਹਮਣੇ ਆਏ ਹਨ।

ਟਰੰਪ ਦੇ ਵਿੱਤੀ ਸਾਮਰਾਜ ਦੀ ਨੀਂਹ ਅੱਜ ਵੀ ਰੀਅਲ ਐਸਟੇਟ ਅਤੇ ਗੌਲਫ਼ ਰੀਜ਼ੌਰਟਸ ਹਨ। ਰਿਪੋਰਟ ਅਨੁਸਾਰ ਫ਼ਲੌਰੀਡਾ 'ਚ ਸਥਿਤ ਉਨ੍ਹਾਂ ਦੇ ਤਿੰਨ ਪ੍ਰਮੁੱਖ ਗੌਲਫ਼ ਰੀਜ਼ੋਰਟਾਂ ਜੁਪਿਟਰ, ਡੋਰਲ ਅਤੇ ਵੈਸਟ ਪਾਮ ਬੀਚ ਅਤੇ ਨਿੱਜੀ ਕਲੱਬ ਮਾਰ-ਏ-ਲਾਗੋ ਨੇ ਮਿਲ ਕੇ 217.7 ਮਿਲੀਅਨ ਡਾਲਰ ਤੋਂ ਵੱਧ ਦੀ ਆਮਦਨ ਦਿੱਤੀ ਹੈ। ਇਕੱਲੇ ਟਰੰਪ ਨੈਸ਼ਨਲ ਡੋਰਲ ਤੋਂ ਉਨ੍ਹਾਂ ਨੂੰ 110.4 ਮਿਲੀਅਨ ਡਾਲਰ ਦੀ ਕਮਾਈ ਹੋਈ ਹੈ ਜੋ ਕਿਸੇ ਇੱਕ ਜਾਇਦਾਦ ਤੋਂ ਹੋਣ ਵਾਲੀ ਸਭ ਤੋਂ ਵੱਡੀ ਆਮਦਨ ਹੈ।

ਟਰੰਪ ਨੇ ਕੌਮਾਂਤਰੀ ਪੱਧਰ 'ਤੇ ਵੀ ਕਈ ਸੌਦਿਆਂ ਤੋਂ ਮੋਟੀ ਕਮਾਈ ਕੀਤੀ ਹੈ। ਵੀਅਤਨਾਮ ਦੇ ਇੱਕ ਪ੍ਰੌਜੈਕਟ ਤੋਂ ਉਨ੍ਹਾਂ ਨੂੰ ਪੰਜ ਮਿਲੀਅਨ ਡਾਲਰਾਂ ਦੀ ਲਾਇਸੈਂਸ ਫ਼ੀਸ, ਭਾਰਤ 'ਚ ਇੱਕ ਰੀਅਲ ਐਸਟੇਟ ਡੀਲ ਤੋਂ 10 ਮਿਲੀਅਨ ਡਾਲਰਾਂ ਦੀ ਫ਼ੀਸ ਅਤੇ ਦੁਬਈ ਦੇ ਇੱਕ ਆਲੀਸ਼ਾਨ ਪ੍ਰੌਜੈਕਟ ਤੋਂ ਲਗਭਗ 16 ਮਿਲੀਅਨ ਡਾਲਰਜ਼ ਦੀ ਰੌਇਲਟੀ ਆਮਦਨ ਹੋਈ ਹੈ। ਇਹ ਅੰਕੜੇ ਦੱਸਦੇ ਹਨ ਕਿ ਟਰੰਪ ਬ੍ਰੈਂਡ ਅੱਜ ਵੀ ਵੈਸ਼ਵਿਕ ਬਾਜ਼ਾਰ 'ਚ ਇੱਕ ਕਾਰੋਬਾਰੀ ਤਾਕਤ ਬਣਿਆ ਹੋਇਆ ਹੈ, ਅਤੇ ਡੌਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਵੀ ਉਸ ਦਾ ਅਸਰ ਘੱਟ ਨਹੀਂ ਹੋਇਆ।

## 36 ਹੋਰ ਦੇਸ਼ਾਂ ਦੀ ਅਮਰੀਕਾ 'ਚ ਐਂਟਰੀ ਹੋਵੇਗੀ ਬੰਦ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਿਦੇਸ਼ੀਆਂ ਦੀ ਐਂਟਰੀ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਜਾ ਰਹੇ ਹਨ। 12 ਦੇਸ਼ਾਂ 'ਤੇ ਯਾਤਰਾ ਪਾਬੰਦੀ ਲਗਾਉਣ ਮਗਰੋਂ ਉਹ ਇਸ ਸੂਚੀ ਦਾ ਵਿਸਥਾਰ ਕਰਨਾ ਚਾਹੁੰਦੇ ਹਨ ਜਿਸ ਨਾਲ 36 ਹੋਰ ਦੇਸ਼ਾਂ ਦੇ ਨਾਗਰਿਕਾਂ 'ਤੇ ਅਮਰੀਕਾ 'ਚ ਦਾਖਲ ਹੋਣ 'ਤੇ ਪਾਬੰਦੀ ਲੱਗ ਸਕਦੀ ਹੈ। ਇਸ ਸੂਚੀ 'ਚ ਭਾਰਤ ਦੇ ਇੱਕ ਹੋਰ ਗੁਆਂਢੀ ਦੇਸ਼ ਭੂਟਾਨ ਦਾ ਨਾਮ ਵੀ ਹੈ। ਉਂਝ ਪ੍ਰਭਾਵਿਤ ਦੇਸ਼ਾਂ ਦੀ ਸੂਚੀ 'ਚ ਕਈ ਅਫ਼ਰੀਕੀ, ਕੈਰੇਬੀਅਨ ਅਤੇ ਮੱਧ ਏਸ਼ੀਆਈ ਦੇਸ਼ ਸ਼ਾਮਿਲ ਹਨ।




ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅੰਦਰੂਨੀ ਜਾਣਕਾਰੀ ਅਨੁਸਾਰ ਇਹ ਕਦਮ ਦੇਸ਼ ਨੂੰ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ੀ ਅਤਿਵਾਦੀਆਂ ਤੋਂ ਬਚਾਉਣ ਲਈ ਚੁੱਕਿਆ ਜਾ ਰਿਹਾ ਹੈ। ਇਸ ਮਹੀਨੇ ਦੇ ਸ਼ੁਰੂ 'ਚ ਟਰੰਪ ਨੇ 12 ਦੇਸ਼ਾਂ ਦੇ ਨਾਗਰਿਕਾਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਦਾ ਆਦੇਸ ਜਾਰੀ ਕੀਤਾ ਸੀ ਜਿਸ 'ਚ ਅਫ਼ਗ਼ਾਨਿਸਤਾਨ ਅਤੇ ਮਿਆਨਮਾਰ ਵੀ ਸ਼ਾਮਿਲ ਸਨ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਦਸਤਖ਼ਤ ਕੀਤੇ ਗਏ ਇਸ ਪੱਤਰ ਵਿਹਾਰ 'ਚ ਇਨ੍ਹਾਂ 36 ਦੇਸ਼ਾਂ ਬਾਰੇ ਇੱਕ ਦਰਜਨ ਚਿੰਤਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਕੇਬਲ 'ਚ ਕਿਹਾ ਗਿਆ ਹੈ ਕਿ ਜੇਕਰ ਇਹ ਦੇਸ਼ 60 ਦਿਨਾਂ ਦੇ ਅੰਦਰ ਨਿਰਧਾਰਤ ਮਾਪਦੰਡਾਂ ਅਤੇ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ ਤਾਂ ਉਨ੍ਹਾਂ ਦੇ ਨਾਗਰਿਕਾਂ ਦੇ ਦਾਖਲੇ 'ਤੇ ਪੂਰੀ ਜਾਂ ਅੰਸਕ ਪਾਬੰਦੀ ਲਗਾਈ ਜਾ ਸਕਦੀ ਹੈ। ਦਾ ਵਾਸ਼ਿੰਗਟਨ ਪੋਸਟ ਨੇ ਸਭ ਤੋਂ ਪਹਿਲਾਂ ਇਸ ਪੱਤਰ ਵਿਹਾਰ ਬਾਰੇ ਜਾਣਕਾਰੀ ਦਿੱਤੀ।

ਵਿਦੇਸ਼ ਵਿਭਾਗ ਨੇ ਚਿੰਤਾ ਜ਼ਾਹਿਰ ਕੀਤੀ ਕਿ ਕੁਝ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੀ ਭਰੋਸੇਯੋਗ ਤਰੀਕੇ ਨਾਲ ਪਛਾਣ ਨਹੀਂ ਕਰਦੀਆਂ। ਕੁਝ ਦੇਸ਼ਾਂ ਦੇ ਪਾਸਪੋਰਟਾਂ ਦੀ ਸੁਰੱਖਿਆ ਵੀ ਸ਼ੱਕੀ ਹੈ।

ਇਸ ਤੋਂ ਇਲਾਵਾ ਕੁਝ ਦੇਸ਼ ਆਪਣੇ ਨਾਗਰਿਕਾਂ ਨੂੰ ਵਾਪਿਸ ਲੈਣ 'ਚ ਸਹਿਯੋਗ ਨਹੀਂ ਕਰਦੇ ਜਿਨ੍ਹਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਗਿਆ ਹੈ। ਕਈ ਦੇਸ਼ਾਂ ਦੇ ਨਾਗਰਿਕ ਆਪਣੇ ਅਮਰੀਕੀ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਰਹਿ ਰਹੇ ਹਨ। ਪੱਤਰ ਵਿਹਾਰ 'ਚ ਇਹ ਵੀ ਕਿਹਾ ਗਿਆ ਹੈ ਕਿ ਕੁਝ ਦੇਸ਼ਾਂ ਦੇ ਨਾਗਰਿਕ ਅਮਰੀਕਾ 'ਚ ਅਤਿਵਾਦੀ ਗਤੀਵਿਧੀਆਂ, ਯਹੂਦੀ-ਵਿਰੋਧੀ ਜਾਂ ਅਮਰੀਕਾ ਵਿਰੋਧੀ ਗਤੀਵਿਧੀਆਂ 'ਚ ਸ਼ਾਮਿਲ ਰਹੇ ਹਨ।

**ਸੰਭਾਵਿਤ ਅਮਰੀਕੀ ਯਾਤਰਾ ਪਾਬੰਦੀ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੀ ਸੂਚੀ:** ਅੰਗੋਲਾ, ਐਂਟੀਗੁਆ ਅਤੇ ਬਾਰਬੂਡਾ, ਬੇਨਿਨ, ਭੂਟਾਨ, ਬੁਰਕੀਨਾ ਫ਼ਾਸੋ, ਕਾਬੋ ਵਰਡੇ, ਕੰਬੋਡੀਆ, ਕੈਮਰੂਨ, ਕੋਟ ਡਿਵੁਆਰ, ਕੌਂਗੋ ਲੋਕਤੰਤਰੀ ਗਣਰਾਜ, ਜਿਬੂਤੀ, ਡੋਮਿਨੀਕਾ, ਮਿਸਰ, ਇਥੋਪੀਆ, ਗੈਬੋਨ, ਗੈਂਬੀਆ, ਘਾਨਾ, ਕਿਰਗਿਸਤਾਨ, ਲਾਈਬੇਰੀਆ, ਨਿਊਤੀਆ, ਮਾਲਾਵੀ, ਨਿਊਰਟੀ, ਮਾਲਾਵੀ ਸੇਂਟ ਲੂਸ਼ੀਆ, ਸਾਓ ਟੋਮੇ ਅਤੇ ਪ੍ਰਿੰਸੀਪੇ, ਸੈਨੇਗਲ, ਦੱਖਣੀ ਸੂਡਾਨ, ਸੀਰੀਆ, ਤਨਜ਼ਾਨੀਆ, ਟੋਂਗਾ, ਟੂਵਾਲੂ, ਯੂਗਾਂਡਾ, ਵੈਨੂਆਟੂ, ਜਾਂਬੀਆ, ਜਿੰਬਾਬਵੇ, ਆਦਿ।

# ਚੁਣੌਤੀਆਂ ਦੇ ਸਪੁਰਦ ਪੰਜਾਬ ਦੀ ਕਿਰਸਾਨੀ



• ਦਿਨੇਸ਼ ਦਮਾਥੀਆ
94177-14390



*ਖੇਤੀ ਪੈਦਾਵਾਰ ਤੋਂ ਬਾਅਦ ਲਾਗਤ ਅਨੁਸਾਰ ਮੁੱਲ ਨਾ ਮਿਲਣਾ, ਮੰਡੀਕਰਨ ਦੇ ਨਾਕਸ ਪ੍ਰਬੰਧ, ਕਰਜ਼ਿਆਂ ਦਾ ਵਧਦਾ ਹੋਇਆ ਬੋਝ, ਮੌਸਮੀ ਤਬਦੀਲੀਆਂ ਆਦਿ ਸਮੱਸਿਆਵਾਂ ਨੇ ਪੰਜਾਬ ਦੇ ਕਿਸਾਨਾਂ ਸਾਹਮਣੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ...*

ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ ਅਤੇ ਇਸ ਦਾ ਸਾਡੀ ਆਰਥਿਕਤਾ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਕਿਸਾਨ ਦੀ ਅਣਥੱਕ ਮਿਹਨਤ ਸਦਕਾ ਹੀ ਉਹ ਖੇਤੀ ਵਿੱਚੋਂ ਚਾਰ ਪੈਸੇ ਕਮਾ ਰਿਹਾ ਹੈ। ਛੋਟੇ ਕਿਸਾਨਾਂ ਲਈ ਤਾਂ ਹੁਣ ਖੇਤੀ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ। ਕਿਸਾਨ ਖੇਤੀ ਖੇਤਰ 'ਚ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ 'ਚ ਬਿਲਕੁਲ ਬੇਬਸ ਦਿਖਾਈ ਦੇਣ ਲੱਗਾ ਹੈ। ਖੇਤੀ ਜਿਣਸਾਂ ਦੀ ਪੈਦਾਵਾਰ ਉਪਰੰਤ ਕਿਸਾਨ ਨੂੰ ਸਹੀ ਭਾਅ ਨਹੀਂ ਮਿਲਦਾ ਜਿਸ ਨਾਲ ਉਹ ਖੇਤੀ ਵਿਚ ਬਹੁਤ ਅਸੰਤੁਸ਼ਟ ਹੈ। ਫ਼ਸਲਾਂ ਨੂੰ ਲੱਗਣ ਵਾਲੇ ਕੀੜੇ ਤੇ ਬਿਮਾਰੀਆਂ ਵੀ ਉਸ ਨੂੰ ਖੇਤੀ ਛੱਡਣ ਲਈ ਮਜਬੂਰ ਕਰ ਰਹੇ ਹਨ। ਖੇਤੀ 'ਚ ਵਧ ਰਹੇ ਖ਼ਰਚਿਆਂ ਕਾਰਨ ਕਿਸਾਨ ਬੈਂਕਾਂ ਤੇ ਸ਼ਾਹੂਕਾਰਾਂ ਦੇ ਕਰਜ਼ਿਆਂ 'ਚ ਇਸ ਤਰ੍ਹਾਂ ਫਸ ਜਾਂਦਾ ਹੈ ਕਿ ਉਹ ਸਾਰੀ ਉਮਰ ਕਰਜ਼ੇ ਦੀਆਂ ਕਿਸ਼ਤਾਂ ਮੋੜਦਾ ਅੰਤ ਆਤਮ-ਹੱਤਿਆ ਵਰਗਾ ਭਿਆਨਕ ਕਦਮ ਚੁੱਕਣ ਲਈ ਮਜਬੂਰ ਹੋ ਰਿਹਾ ਹੈ।

## ਸਰਕਾਰੀ ਸਹੂਲਤਾਂ ਤੋਂ ਵਾਂਝੇ ਛੋਟੇ ਕਿਸਾਨ

ਖੇਤੀ ਮਸ਼ੀਨਰੀ ਦੀ ਗੱਲ ਕਰੀਏ ਤਾਂ ਹਰ ਕਿਸਾਨ ਲਈ ਖੇਤੀ ਮਸ਼ੀਨਰੀ ਖ਼ਰੀਦਣਾ ਸੰਭਵ ਨਹੀਂ ਹੋ ਸਕਦਾ। ਬਿਨਾਂ ਖੇਤੀ ਮਸ਼ੀਨਰੀ ਦੇ ਉਹ ਖੇਤੀ ਨੂੰ ਸਮੇਂ ਮੁਤਾਬਕ ਨਹੀਂ ਕਰ ਸਕਦਾ ਤੇ ਨਾਕਾਮੀ ਵੱਲ ਵਧਣ ਲਗਦਾ ਹੈ। ਇਸ ਗੱਲ ਵਿਚ ਦੋ ਰਾਏ ਨਹੀਂ ਕਿ ਖੇਤੀ ਮਾਹਿਰ ਅਤੇ ਵਿਗਿਆਨੀ ਵੀ ਇਸ ਮਾਮਲੇ 'ਚ ਛੋਟੇ ਕਿਸਾਨ ਦੀ ਬਾਂਹ ਫੜਨ ਤੋਂ ਨਾਕਾਮ ਰਹੇ ਹਨ। ਵੱਡੇ ਕਿਸਾਨਾਂ ਨੂੰ ਸਰਕਾਰੀ ਸਹੂਲਤਾਂ ਦੇ ਕੇ ਉਹ ਜ਼ਿਆਦਾ ਖ਼ੁਸ਼ ਹੁੰਦੇ ਹਨ। ਇਸ ਲਈ ਛੋਟੇ ਕਿਸਾਨਾਂ ਤਕ ਆਧੁਨਿਕ ਤਕਨੀਕਾਂ ਨਹੀਂ ਪਹੁੰਚਦੀਆਂ ਤੇ ਉਹ ਗ਼ਰੀਬ ਤੋਂ ਗ਼ਰੀਬ ਹੁੰਦੇ ਜਾ ਰਹੇ ਹਨ। ਇਹ ਤਾਂ ਸਧਾਰਣ ਕਿਸਾਨ ਦੀ ਗੱਲ ਹੈ ਪਰ ਜਿਹੜੇ ਕਿਸਾਨ ਪੰਜਾਬ ਦੇ ਬਹੁਤੇ ਪੱਛੜੇ ਹੋਏ ਤੇ ਸਰਹੱਦੀ ਇਲਾਕਿਆਂ 'ਚ ਰਹਿੰਦੇ ਹਨ ਉਨ੍ਹਾਂ ਲਈ ਤਾਂ ਸਰਕਾਰੀ ਖੇਤੀ ਸਹੂਲਤਾਂ ਨਾਮਾਤਰ ਹੀ ਹਨ। ਇਸ ਗੱਲ ਵਿਚ ਕੋਈ ਝੂਠ ਨਹੀਂ ਕਿ ਸਰਕਾਰ ਦਾ ਪੰਜਾਬ ਦੀ ਕਿਰਸਾਨੀ ਤੇ ਕਿਸਾਨ ਵੱਲ ਧਿਆਨ ਬਹੁਤ ਘੱਟ ਹੈ। ਕਿਸਾਨ ਵੀ ਹੁਣ ਪਹਿਲਾਂ ਵਾਂਗ ਖੇਤੀ ਆਮਦਨ 'ਚ ਵਾਧਾ ਨਹੀਂ ਕਰ ਪਾ ਰਹੇ। ਹੁਣ ਪੁਰਾਤਨ ਖੇਤੀ ਨੂੰ ਛੱਡਕੇ ਕਿਸਾਨਾਂ ਨੂੰ ਪ੍ਰੋਸੈਸਿੰਗ ਵੱਲ ਆਉਣ ਦੀ ਲੋੜ ਹੈ। ਇਸ ਤੋਂ ਇਲਾਵਾ ਖੇਤੀਬਾੜੀ ਵਿਚ ਫ਼ਸਲੀ ਵਿਭਿੰਨਤਾ ਅਪਨਾਉਣਾ ਵੀ ਕਿਸਾਨ ਲਈ ਬਹੁਤਾ ਸਾਰਥਕ ਸਿੱਧ ਨਹੀਂ ਹੋ ਰਿਹਾ। ਇਸ ਲਈ ਕਿਸਾਨਾਂ ਨੂੰ ਮੰਡੀਕਾਰੀ ਦੇ ਤੌਰ ਤਰੀਕਿਆਂ ਨੂੰ ਬਦਲਣ ਦੀ ਜ਼ਰੂਰਤ ਹੈ।

## ਆਮਦਨ ਤੇ ਖ਼ਰਚਿਆਂ 'ਚ ਸਮਤੋਲ

*ਜਿਹੜੇ ਉੱਦਮੀ ਕਿਸਾਨ ਲੀਹ ਤੋਂ ਹਟ ਕੇ ਖੇਤੀ ਕਰਦੇ ਹਨ ਤੇ ਨਵੇਂ ਕੀਰਤੀਮਾਨ ਪੈਦਾ ਕਰ ਰਹੇ ਹਨ, ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਕਿਸਾਨਾਂ ਨੂੰ ਸਨਮਾਨਿਤ ਤੇ ਉਤਸ਼ਾਹਿਤ ਕਰੇ। ਮਿੱਟੀ ਅਤੇ ਪਾਣੀ ਦੀ ਪਰਖ ਨਾ ਕਰਵਾਉਣਾ ਵੀ ਵਧੇਰੇ ਕਿਸਾਨਾਂ ਦੀ ਕਾਮਯਾਬੀ ਦੇ ਰਾਹ 'ਚ ਵੱਡੀ ਰੁਕਾਵਟ ਹੈ। ਇਸ ਲਈ ਵਿਭਾਗ ਦੀ ਮਦਦ ਲੈਣਾ ਜ਼ਰੂਰੀ ਹੈ। ਵਧ ਰਹੇ ਖੇਤੀ ਖ਼ਰਚੇ ਵੀ ਕਿਸਾਨਾਂ ਲਈ ਵੱਡੀ ਚੁਣੌਤੀ ਹਨ। ਕਿਸਾਨਾਂ ਦਾ ਵਿਦੇਸ਼ਾਂ ਵੱਲ ਵਧਦਾ ਰੁਝਾਨ ਵੀ ਖੇਤੀ ਦੇ ਵਿਕਾਸ ਨੂੰ ਪਿਛਾਂਹ ਖਿੱਚ ਰਿਹਾ ਹੈ। ਖੇਤੀਬਾੜੀ ਖ਼ਰਚਿਆਂ ਤੇ ਆਮਦਨ 'ਚ ਸਮਤੋਲ ਰੱਖਣ ਲਈ ਵਹੀ ਖਾਤਾ ਲਗਾ ਕੇ ਹਿਸਾਬ ਰੱਖਣਾ ਸਮੇਂ ਦੀ ਮੁੱਖ ਲੋੜ ਹੈ। ਰਵਾਇਤੀ ਖੇਤੀ ਨੂੰ ਛੱਡ ਕੇ ਕੁਝ ਨਵੀਆਂ ਫ਼ਸਲੀ ਦੀ ਖੇਤੀ ਕੀਤੀ ਜਾ ਸਕਦੀ ਹੈ। ਮੰਗ ਅਨੁਸਾਰ ਹੀ ਜਿਣਸਾਂ ਦੀ ਖੇਤੀ ਕੀਤੀ ਜਾਵੇ ਤਾਂ ਜੋ ਸੁਚੱਜੇ ਮੰਡੀਕਰਨ ਨੂੰ ਯਕੀਨੀ ਬਣਾਇਆ ਜਾ ਸਕੇ। ਕਿਸਾਨਾਂ ਨੂੰ ਖੇਤੀ ਖੇਤਰ ਦੀਆਂ ਚੁਣੌਤੀਆਂ ਦਾ ਹਿੰਮਤ ਤੇ ਮਿਹਨਤ ਨਾਲ ਸਾਹਮਣਾ ਕਰਨ ਦੀ ਲੋੜ ਹੈ।*

## ਦੂਜਿਆਂ ਦੀ ਸਫਲਤਾ ਤੋਂ ਸਿੱਖਣ ਦੀ ਲੋੜ

ਸਰਕਾਰ ਨੂੰ ਖੇਤੀ ਨੀਤੀਆਂ ਬਣਾਉਣ ਸਮੇਂ ਜਿਣਸਾਂ ਦੇ ਸੁਚੱਜੇ ਮੰਡੀਕਰਨ ਲਈ ਵੀ ਯੋਗ ਉਪਰਾਲੇ ਕਰਨੇ ਚਾਹੀਦੇ ਹਨ। ਕਿਸਾਨ ਚਾਹੇ ਤਾਂ ਆਪਣੀ ਖੇਤੀ ਜਿਸਣ ਨੂੰ ਵੇਚਣ ਤੇ ਸਹੀ ਮੁੱਲ ਲੈਣ ਲਈ ਆਪਣੀ ਮੰਡੀ ਬਣਾਉਣ ਲਈ ਕੋਸ਼ਿਸ਼ ਕਰ ਸਕਦਾ ਹੈ। ਪੰਜਾਬ ਦਾ ਕਿਸਾਨ ਹਮੇਸ਼ਾ ਖੇਤੀ ਸਮੱਸਿਆਵਾਂ 'ਚ ਘਿਰਿਆ ਰਿਹਾ ਹੈ ਤੇ ਇਨ੍ਹਾਂ ਖੇਤੀ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਕਿਰਸਾਨੀ ਨਾਲ ਜੁੜੀ ਨਵੀਂ ਪੀੜ੍ਹੀ ਵਿਚ ਹੱਥੀਂ ਮਿਹਨਤ ਕਰਨ ਦਾ ਰੁਝਾਨ ਵੀ ਘਟ ਰਿਹਾ ਹੈ। ਇਸੇ ਲਈ ਉਹ ਸਹਾਇਕ ਧੰਦਿਆਂ ਨੂੰ ਵੀ ਘੱਟ ਅਪਣੇ ਰਹੇ ਹਨ ਅਤੇ ਕਣਕ-ਝੋਨੇ ਦੀ ਰਵਾਇਤੀ ਫ਼ਸਲੀ ਚੱਕਰ 'ਚੋਂ ਨਹੀਂ ਨਿਕਲ ਰਹੇ। ਖੇਤੀ ਲਈ ਮਜ਼ਦੂਰਾਂ ਅਤੇ ਕਾਮਿਆਂ ਉੱਪਰ ਨਿਰਭਰ ਕਰਨ ਦੀ ਥਾਂ ਹੱਥੀਂ ਕੰਮ ਕਰਨ ਨੂੰ ਪਹਿਲ ਸਾਡੇ ਕਦਮਾਂ ਨੂੰ ਸਫਲਤਾ ਵੱਲ ਲੈ ਕੇ ਜਾਵੇਗੀ। ਵੇਖਣ 'ਚ ਆਇਆ ਹੈ ਕਿ ਖੇਤੀ ਮਸਲਿਆਂ ਦੇ ਹੱਲ ਲਈ ਕਿਸਾਨ ਇਕ-ਦੂਜੇ ਨਾਲ ਸਲਾਹ ਮਸ਼ਵਰਾ ਕਰਨ 'ਚ ਵੀ ਵਿਸ਼ਵਾਸ ਨਹੀਂ ਰੱਖ ਰਿਹਾ। ਦੂਜੇ ਕਿਸਾਨਾਂ ਦੀ ਕਾਮਯਾਬੀ ਤੋਂ ਸਿੱਖਣਾ ਵੀ ਅਜੋਕੀ ਖੇਤੀ ਲਈ ਵਧੀਆ ਉਪਰਾਲਾ ਸਾਬਤ ਹੋ ਸਕਦਾ ਹੈ। ਔਰਤਾਂ ਦਾ ਵੀ ਖੇਤੀਬਾੜੀ ਵਿਚ ਬਹੁਤ ਘੱਟ ਯੋਗਦਾਨ ਹੈ। ਉਨ੍ਹਾਂ ਨੂੰ ਵੀ ਖੇਤੀਬਾੜੀ ਵੱਲ ਆਉਣ ਦੀ ਲੋੜ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਵੀ ਖੇਤੀਬਾੜੀ 'ਚ ਰੁਝਾਨ ਦਿਖਾਉਣਾ ਜ਼ਰੂਰੀ ਹੈ। •

# ਫਲਦਾਰ ਬੂਟਿਆਂ 'ਚ ਸੂਖ਼ਮ ਤੱਤਾਂ ਦੀ ਘਾਟ



ਜਿਹੜੇ ਖ਼ੁਰਾਕੀ ਤੱਤਾਂ ਦੀ ਬੂਟਿਆਂ ਨੂੰ ਬਹੁਤ ਘੱਟ ਮਾਤਰਾ 'ਚ ਲੋੜ ਪੈਂਦੀ ਹੈ, ਉਨ੍ਹਾਂ ਨੂੰ ਸੂਖ਼ਮ, ਲਘੂ ਜਾਂ ਛੋਟੇ ਤੱਤ ਆਖਦੇ ਹਨ। ਇਨ੍ਹਾਂ ਤੱਤਾਂ ਦੀ ਸ਼੍ਰੇਣੀ ਵਿਚ ਜ਼ਿੰਕ, ਲੋਹਾ, ਮੈਂਗਨੀਜ, ਮੌਲੀਬਡੀਨਮ, ਤਾਂਬਾ, ਬੋਰੋਨ ਤੇ ਕਲੋਰੀਨ ਆਉਂਦੇ ਹਨ। ਸੂਖ਼ਮ ਤੱਤ ਵੀ ਬੂਟਿਆਂ ਦੇ ਸਹੀ ਵਿਕਾਸ, ਪੈਦਾਵਾਰ ਤੇ ਗੁਣਵੱਤਾ ਲਈ ਓਨੇਂ ਹੀ ਮਹੱਤਵਪੂਰਨ ਹਨ ਜਿੰਨੇ ਕਿ ਮੁੱਖ ਤੱਤ। ਸੂਖ਼ਮ ਤੱਤਾਂ ਦੀ ਘਾਟ ਦੇ ਮੁੱਖ ਕਾਰਨ ਖਾਦਾਂ ਦੀ ਸੁਚੱਜੀ ਵਰਤੋਂ ਨਾ ਕਰਨਾ, ਖ਼ੁਰਾਕੀ ਤੱਤਾਂ ਦੀ ਘਾਟ ਜਾਂ ਸਹੀ ਪੂਰਤੀ ਨਾ ਕਰਨਾ ਅਤੇ ਬੂਟਿਆਂ ਦੀ ਹਲਕੀਆਂ ਜ਼ਮੀਨਾਂ 'ਚ ਕਾਸ਼ਤ ਕਰਨਾ ਹੈ। ਪੰਜਾਬ ਵਿਚ ਲੋਹੇ ਅਤੇ ਜ਼ਿੰਕ ਦੀ ਕਮੀ ਜ਼ਿਆਦਾਤਰ ਪਾਈ ਜਾਂਦੀ ਹੈ। ਮੈਂਗਨੀਜ, ਮੌਲੀਬਡੀਨਮ, ਤਾਂਬਾ, ਬੋਰੋਨ ਆਦਿ ਸੂਖ਼ਮ ਤੱਤਾਂ ਦੀ ਕਮੀ ਕਿਤੇ-ਕਿਤੇ ਹੀ ਪਾਈ ਜਾਂਦੀ ਹੈ। ਇਸ ਦੀ ਰੋਕਥਾਮ ਲਈ ਖ਼ਾਸ ਪ੍ਰਬੰਧਨ ਅਭਿਆਸ ਅਪਨਾਉਣ ਦੀ ਲੋੜ ਹੈ। ਪੰਜਾਬ ਵਿਚ ਜ਼ਿਆਦਾਤਰ ਬਾਗ਼ਬਾਨ ਸਿਫ਼ਾਰਸ਼ ਕੀਤੇ ਮੁੱਖ ਤੱਤਾਂ ਵੱਲ ਹੀ ਧਿਆਨ ਦਿੰਦੇ ਹਨ ਅਤੇ ਬੂਟਿਆਂ ਨੂੰ ਸੂਖ਼ਮ ਤੱਤ ਨਹੀਂ ਪਾਉਂਦੇ, ਜਿਸ ਨਾਲ ਫਲਦਾਰ ਬੂਟਿਆਂ 'ਚ ਸੂਖ਼ਮ ਤੱਤਾਂ ਦੀ ਘਾਟ ਆ ਜਾਂਦੀ ਹੈ। ਇਹ ਘਾਟ ਬੂਟਿਆਂ ਦੇ ਵਿਕਾਸ, ਪੈਦਾਵਰ ਤੇ ਫਲਾਂ ਦੀ ਗੁਣਵੱਤਾ ਤੇ ਮਾੜਾ ਅਸਰ ਪਾਉਂਦੀ ਹੈ। ਫਲਦਾਰ ਬੂਟਿਆਂ ਵਿਚ ਇਨ੍ਹਾਂ ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ ਤੇ ਇਨ੍ਹਾਂ ਨੂੰ ਠੀਕ ਕਰਨ ਲਈ ਯੋਗ ਇਲਾਜ ਇਸ ਪ੍ਰਕਾਰ ਹੈ :

### ਜ਼ਿੰਕ ਦੀ ਘਾਟ

**ਨਿੰਬੂ ਜਾਤੀ ਦੇ ਫਲ** : ਨਵੇਂ ਪੂਰੇ ਵਧੇ ਹੋਏ ਪੱਤਿਆਂ ਉੱਤੇ ਰੰਗ-ਬਰੰਗੇ ਧੱਬੇ ਪੈ ਜਾਂਦੇ ਹਨ। ਸਿਖ਼ਰਲੇ ਪੱਤੇ ਛੋਟੇ ਅਤੇ ਨੇੜੇ-ਨੇੜੇ ਰਹਿ ਜਾਂਦੇ ਹਨ। ਫਲਾਂ ਵਾਲੀਆਂ ਅੱਖਾਂ ਬਹੁਤ ਘਟ ਜਾਂਦੀਆਂ ਹਨ। ਜ਼ਿੰਕ ਦੀ ਘਾਟ ਪੂਰੀ ਕਰਨ ਲਈ ਰੋਗੀ ਦਰੱਖ਼ਤਾਂ ਉੱਤੇ (4.70 ਗ੍ਰਾਮ ਪ੍ਰਤੀ ਲੀਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ। ਇਹ ਛਿੜਕਾਅ ਚੂਨੇ ਤੋਂ ਬਿਨਾਂ ਬਹਾਰ ਦੀ ਫੋਟ ਨੂੰ ਅਖ਼ੀਰ ਅਪ੍ਰੈਲ ਵਿਚ ਅਤੇ ਗਰਮੀਆਂ ਦੀ ਫੋਟ ਨੂੰ ਅੱਧ ਅਗਸਤ ਵਿਚ ਕਰੋ। ਛਿੜਕਾਅ ਉਦੋਂ ਕਰਨਾ ਚਾਹੀਦਾ ਹੈ ਜਦੋਂ ਭਰਪੂਰ ਪੱਤੇ ਨਿਕਲੇ ਹੋਣ। ਬੋਰਡੋ ਮਿਸ਼ਰਣ ਅਤੇ ਜ਼ਿੰਕ ਸਲਫੇਟ ਦੇ ਛਿੜਕਾਅ ਦਾ ਆਪਸ ਵਿਚ ਇਕ ਹਫ਼ਤੇ ਦਾ ਫ਼ਰਕ ਜ਼ਰੂਰ ਰੱਖੋ।

**ਅਮਰੂਦ** : ਜ਼ਿੰਕ ਦੀ ਘਾਟ ਨਾਲ ਅਮਰੂਦ ਦੇ ਪੱਤਿਆਂ ਦਾ ਅਕਾਰ ਛੋਟਾ ਤੇ ਮੋਟੀਆਂ ਲਕੀਰਾਂ ਦੇ ਵਿਚਾਲੇ ਦਾ ਰੰਗ ਪੀਲਾ ਤੇ ਫਿੱਕਾ ਪੀਲਾ ਹੋ ਜਾਂਦਾ ਹੈ। ਪੱਤਿਆਂ ਦਾ ਵਾਧਾ ਰੁਕ ਜਾਂਦਾ ਹੈ ਤੇ ਸ਼ਾਖਾਂ ਚੋਟੀ ਤੋਂ ਥੱਲੇ ਵੱਲ ਨੂੰ ਮਰਨੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਘਾਟ ਨੂੰ ਇਕ ਕਿੱਲੋ ਜ਼ਿੰਕ ਸਲਫੇਟ+ਅੱਧਾ ਕਿੱਲੋ ਅਣਬੁਝੇ ਚੂਨੇ ਦਾ 100 ਲੀਟਰ ਪਾਣੀ ਵਿਚ ਘੋਲ ਤਿਆਰ ਕਰ ਕੇ ਛਿੜਕਾਅ ਕਰਨ ਨਾਲ ਪੂਰਾ ਕੀਤਾ ਜਾ ਸਕਦਾ ਹੈ। ਜੂਨ ਤੋਂ ਸਤੰਬਰ ਵਿਚ ਪੰਦਰਾਂ ਦਿਨ ਦੇ ਵਕਫ਼ ਨਾਲ ਅਜਿਹੇ ਦੋ-ਤਿੰਨ ਛਿੜਕਾਅ ਕਰੋ।

**ਨਾਸ਼ਪਾਤੀ** : ਨਾਸ਼ਪਾਤੀ ਉੱਪਰ ਜ਼ਿੰਕ ਦੀ ਘਾਟ ਨਾਲ ਨਵੇਂ ਪੱਤਿਆਂ ਵਿਚ ਮੋਟੀਆਂ ਨਾੜਾ ਦੇ ਵਿਚਕਾਰਲਾ ਹਿੱਸਾ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ। ਪੱਤਿਆਂ ਦਾ ਅਕਾਰ ਛੋਟਾ ਰਹਿ ਜਾਂਦਾ ਹੈ ਤੇ ਉਹ ਉੱਪਰ ਵੱਲ ਨੂੰ ਕੱਪ ਦੀ ਤਰ੍ਹਾਂ ਮੁੜਨੇ ਸ਼ੁਰੂ ਹੋ ਜਾਂਦੇ ਹਨ। ਇਸ ਘਾਟ ਨੂੰ ਦੂਰ ਕਰਨ ਲਈ 3 ਕਿੱਲੋ ਜ਼ਿੰਕ ਸਲਫੇਟ+1.5 ਕਿੱਲੋ ਅਣਬੁਝਿਆ ਚੂਨਾ 500 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਦੋ-ਤਿੰਨ ਵਾਰ 7 ਤੋਂ 10 ਦਿਨਾਂ ਦੇ ਅੰਤਰ 'ਤੇ ਕਰੋ।

**ਅਲੂਚਾ** : ਹਲਕੀਆਂ ਜ਼ਮੀਨਾਂ ਵਿਚ ਲੱਗੇ ਅਲੂਚੇ ਦੇ ਬਾਗ਼ਾਂ 'ਚ ਬੂਟਿਆਂ 'ਚ ਗਰਮੀਆਂ ਅਤੇ ਵਰਖਾ ਰੁੱਤ ਦੌਰਾਨ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਂਦੀਆਂ ਹਨ। ਟਹਿਣੀਆਂ ਦੇ ਉੱਪਰਲੇ ਪੱਤੇ ਛੋਟੇ ਅਕਾਰ ਦੇ, ਤਿੱਖੇ ਤੇ ਨਾੜੀਆਂ ਵਿਚਕਾਰ ਪੀਲੇ ਨਜ਼ਰ ਆਉਂਦੇ ਹਨ। ਟਹਿਣੀ ਦੀ ਟੀਸੀ ਦੇ ਸਿਰਿਆਂ 'ਤੇ ਉੱਗੇ ਪੱਤੇ ਸੰਘਣੇ ਫੁੱਲ ਘੇਰੇ ਵਿਚ ਹੁੰਦੇ ਹਨ। ਜੇ ਜ਼ਿੰਕ ਦੀ ਘਾਟ ਜ਼ਿਆਦਾ ਸਮਾਂ ਰਹੇ ਤਾਂ ਟਹਿਣੀਆਂ ਦੀਆਂ ਟੀਸੀਆਂ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਫਲ ਸਖ਼ਤ ਤੇ ਛੋਟੇ ਰਹਿ ਜਾਂਦੇ ਹਨ। ਇਸ ਤੱਤ ਦੀ ਘਾਟ ਨੂੰ ਪੂਰਾ ਕਰਨ ਲਈ 3 ਕਿੱਲੋ ਜ਼ਿੰਕ ਸਲਫੇਟ, ਡੇਢ ਕਿੱਲੋ ਅਣਬੁਝਿਆ ਚੂਨਾ 500 ਲੀਟਰ ਪਾਣੀ 'ਚ ਘੋਲ ਕੇ ਇਕ ਏਕੜ 'ਚ ਲੱਗੇ ਬੂਟਿਆਂ ਉੱਪਰ ਉਸ ਸਮੇਂ ਕਰੋ, ਜਦੋਂ ਬੂਟੇ ਉੱਪਰ ਜ਼ਿੰਕ ਤਤ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ।

### ਲੋਹੇ ਦੀ ਘਾਟ

**ਨਾਸ਼ਪਾਤੀ** : ਨਾਸ਼ਪਾਤੀ 'ਚ ਲੋਹੇ ਦੀ ਘਾਟ ਟੀਸੀ ਦੇ ਪੱਤਿਆ 'ਤੇ ਆਉਂਦੀ ਹੈ। ਇਸ ਕਾਰਨ ਪੱਤਿਆਂ ਦੀਆਂ ਸਾਰੀਆਂ ਨਾੜਾ ਗੂੜ੍ਹੇ ਰੰਗ ਦੀਆਂ ਤੇ ਬਾਕੀ ਹਿੱਸਾ ਪੀਲਾ ਹੋ ਜਾਂਦਾ ਹੈ। ਇਹ ਘਾਟ ਦੂਰ ਕਰਨ ਲਈ 300 ਗ੍ਰਾਮ ਫੈਰਸ ਸਲਫੇਟ (0.3 ਫ਼ੀਸਦੀ) ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**ਆੜੂ** : ਹਲਕੀਆਂ ਰੇਤਲੀਆਂ ਤੇ ਵੱਧ ਪੀਐੱਚ ਵਾਲੀਆਂ ਜ਼ਮੀਨਾਂ 'ਚ ਲੱਗੇ ਆੜੂ ਦੇ ਬਾਗ਼ਾਂ 'ਚ ਬੂਟਿਆਂ ਉੱਪਰ ਗਰਮੀਆਂ ਅਤੇ ਬਰਸਾਤ ਦੌਰਾਨ ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਆ ਜਾਂਦੀਆਂ ਹਨ। ਟੀਸੀ ਦੇ ਨਵੇਂ ਪੱਤਿਆਂ ਦੀਆਂ ਨਾੜੀਆਂ ਦੇ ਵਿਚਕਾਰਲੀ ਥਾਂ ਪੀਲੀ ਪੈ ਜਾਂਦੀ ਹੈ ਜਦਕਿ ਨਾੜੀਆਂ ਹਰੀਆਂ ਨਜ਼ਰ ਆਉਂਦੀਆਂ ਹਨ। ਗੰਭੀਰ ਹਾਲਤਾਂ ਵਿਚ ਨਵੇਂ ਪੱਤੇ ਬਿਲਕੁਲ ਚਿੱਟੇ-ਪੀਲੇ ਹੁੰਦੇ ਹਨ ਜੋ ਬਾਅਦ ਵਿਚ ਹਰੇ ਹੋ ਜਾਂਦੇ ਹਨ। ਲੋਹੇ ਦੀ ਘਾਟ ਦੀਆਂ ਇਹ ਨਿਸ਼ਾਨੀਆਂ ਮਾਰਚ ਦੇ ਦੂਜੇ ਪੰਦਰਵਾੜੇ ਵਿਚ ਪੱਤਿਆਂ 'ਤੇ ਪ੍ਰਗਟ ਹੁੰਦੀਆਂ ਹਨ ਅਤੇ ਮਗਰੋਂ ਤੇਜ਼ੀ ਨਾਲ ਵਧਦੀਆਂ ਹਨ। ਇਹ ਘਾਟ ਬੂਟਿਆਂ ਉੱਪਰ 0.3 ਫ਼ੀਸਦੀ ਫੈਰਸ ਸਲਫੇਟ ਦੇ ਘੋਲ ਦਾ ਛਿੜਕਾਅ ਅਪ੍ਰੈਲ-ਜੂਨ ਅਤੇ ਅਗਸਤ-ਸਤੰਬਰ ਵਿਚ ਕਰ ਕੇ ਪੂਰੀ ਕੀਤੀ ਜਾਂਦੀ ਹੈ। •

# ਤੁੜਾਈ ਉਪਰੰਤ ਲੀਚੀ ਦੀ ਸਾਂਭ-ਸੰਭਾਲ ਤੇ ਮੰਡੀਕਰਨ



• ਬੀ.ਵੀ.ਸੀ ਮਹਾਜਨ, ਨਵਪ੍ਰੇਮ ਸਿੰਘ

ਲੀਚੀ ਦੇ ਫਲ ਦੀ ਚੀਨ, ਭਾਰਤ, ਥਾਈਲੈਂਡ, ਮੇਦਾਸਕਾਰ, ਆਸਟ੍ਰੇਲੀਆ, ਦੱਖਣੀ ਅਫਰੀਕਾ, ਮੋਰਾਸ਼ੀਅਸ, ਤਾਈਵਾਨ, ਇਜ਼ਰਾਈਲ ਤੇ ਅਮਰੀਕਾ ਵਿਚ ਵਪਾਰਕ ਤੌਰ ਤੇ ਪੈਦਾਵਾਰ ਕੀਤੀ ਜਾਂਦੀ ਹੈ। ਭਾਰਤ ਵਿਚ ਬਿਹਾਰ, ਤ੍ਰਿਪੁਰਾ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਸੂਬਿਆਂ ਵਿਚ ਇਸ ਦੀ ਕਾਸ਼ਤ ਕੀਤੀ ਜਾ ਰਹੀ ਹੈ। ਪੰਜਾਬ ਵਿਚ ਪਠਾਨਕੋਟ, ਗੁਰਦਾਸਪੁਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਕਰੀਬ 2,708 ਹੈਕਟੇਅਰ ਖੇਤਰ ਰਕਬੇ 'ਚ ਲੀਚੀ ਦੀ ਖੇਤੀ ਕੀਤੀ ਜਾ ਰਹੀ ਹੈ, ਜਿਸ ਤੋਂ 43,958 ਮੀਟਰਿਕ ਟਨ ਉਤਪਾਦਨ ਅਤੇ ਪੈਦਾਵਾਰ 16.2 ਮੀਟਰਿਕ ਟਨ ਪ੍ਰਤੀ ਹੈਕਟੇਅਰ ਹੈ। ਪੰਜਾਬ ਵਿਚ ਮੁੱਖ ਤੌਰ 'ਤੇ 'ਦੇਹਰਾਦੂਨ', 'ਕਲਕੱਤਾ' ਅਤੇ 'ਸੀਡਲੈੱਸ ਲੇਟ' ਕਿਸਮਾਂ ਦੀ ਕਾਸ਼ਤ ਕੀਤੀ ਜਾਂਦੀ ਹੈ।

ਲੀਚੀ ਪੌਸਟਿਕ ਫਲ ਹੈ, ਜਿਸ ਵਿਚ ਵਿਟਾਮਿਨ-ਸੀ, ਪ੍ਰੋਟੀਨ, ਖਣਿਜਾਂ ਦੇ ਨਾਲ-ਨਾਲ ਭਰਪੂਰ ਮਾਤਰਾ ਵਿਚ ਰੇਸ਼ੇ, ਐਂਟੀ-ਆਕਸੀਡੈਂਟ ਹੁੰਦੇ ਹਨ। ਹਾਲ ਹੀ ਵਿਚ ਪੰਜਾਬ ਸਰਕਾਰ ਨੇ ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ 'ਚ ਲੀਚੀ ਅਸਟੇਟ ਵੀ ਸਥਾਪਿਤ ਕੀਤੀ ਹੈ ਜੋ ਕਿ ਲੀਚੀ ਅਧੀਨ ਬਾਗ਼ਾਂ ਦਾ ਰਕਬਾ, ਉਤਪਾਦਨ ਤੇ ਦੂਰ ਦੁਰਾਡੇ ਦੇ ਸ਼ਹਿਰਾਂ ਵਿਚ ਲੀਚੀ ਦੇ ਮੰਡੀਕਰਨ ਨੂੰ ਉਤਸ਼ਾਹਿਤ ਕਰਨ 'ਚ ਅਹਿਮ ਭੂਮਿਕਾ ਨਿਭਾਏਗੀ। ਸਥਾਨਕ ਅਤੇ ਅੰਤਰਰਾਸ਼ਟਰੀ ਮੰਡੀਆਂ ਵਿਚ ਲੀਚੀ ਦੀ ਉਭਰਦੀ ਹੋਈ ਮੰਗ ਕਾਰਨ ਇਸ ਦਾ ਭੰਡਾਰਨ ਕਰਨ ਲਈ ਢੁਕਵੀਆਂ ਤਕਨੀਕਾਂ ਵਿਕਸਿਤ ਕੀਤੇ ਜਾਣ ਉੱਪਰ ਜਿੱਥੇ ਜ਼ੋਰ ਦਿੱਤਾ ਜਾ ਰਿਹਾ ਹੈ ਉੱਥੇ ਕਿਸਾਨਾਂ ਨੂੰ ਜਾਗਰੂਕ ਕੀਤੇ ਜਾਣ ਦੀ ਵੀ ਲੋੜ ਹੈ।

### ਤੁੜਾਈ

ਲੀਚੀ ਬੂਟੇ ਉੱਪਰ ਪੱਕਣ ਵਾਲਾ ਫਲ ਹੈ ਅਤੇ ਇਸ ਦੀ ਤੁੜਾਈ ਆਮ ਤੌਰ 'ਤੇ ਲਾਲ ਰੰਗ, ਫਲ ਦੇ ਆਕਾਰ ਅਤੇ ਮਿਠਾਸ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਪੰਜਾਬ ਵਿਚ ਲੀਚੀ ਦੀ 'ਦੇਹਰਾਦੂਨ' ਕਿਸਮ ਦੇ ਪੱਕਣ ਦਾ ਸਮਾਂ ਜੂਨ ਦਾ ਦੂਜਾ ਹਫ਼ਤਾ ਹੈ ਜਦਕਿ 'ਕਲਕੱਤੀਆ' ਅਤੇ 'ਸੀਡਲੈੱਸ' ਕਿਸਮਾਂ ਜੂਨ ਦੇ ਤੀਜੇ ਹਫ਼ਤੇ ਤੁੜਾਈ ਲਈ ਤਿਆਰ ਹੁੰਦੀਆਂ ਹਨ। ਇਹ ਕਿਸਮਾਂ ਆਮਤੌਰ 'ਤੇ ਫੁੱਲ ਉਪਰੰਤ 55 ਤੋਂ 75 ਦਿਨਾਂ 'ਚ ਪੱਕ ਜਾਂਦੀਆਂ ਹਨ। ਲੀਚੀ ਦੀ ਤੁੜਾਈ ਗੁੱਛੇ ਸਮੇਤ ਟਾਹਣੀਆਂ ਅਤੇ ਕੁਝ ਪੱਤੇ ਰੱਖ ਕੇ ਕੀਤੀ ਜਾਂਦੀ ਹੈ। ਤੁੜਾਈ ਦੌਰਾਨ ਧਿਆਨ ਰੱਖਣਾ ਚਾਹੀਦਾ ਹੈ ਕਿ ਇਸ ਦਾ ਰੰਗ ਪੂਰਾ ਬਣਿਆ ਹੋਵੇ ਤੇ ਬਾਹਰਲੀ ਛਿੱਲ ਵਿਕਸਿਤ ਹੋਵੇ। ਦੂਰ-ਦਰਾਡੇ ਦੀਆਂ ਮੰਡੀਆਂ ਲਈ ਇਸ ਦੀ ਤੁੜਾਈ ਉਸ ਵੇਲੇ ਕਰੋ ਜਦ ਇਸ ਦੀ ਮਿਠਾਸ 17 ਤੋਂ 18 ਫ਼ੀਸਦੀ ਅਤੇ ਖੱਟਾਸ 0.3 ਤੋਂ 0.4 ਫ਼ੀਸਦੀ ਹੋਵੇ। ਤੁੜਾਈ ਉਪਰੰਤ ਧਿਆਨ ਰੱਖਿਆ ਜਾਵੇ ਕਿ ਫਲ ਜ਼ਮੀਨ ਉੱਪਰ ਅਤੇ ਧੁਪ ਵਿਚ ਨਾ ਰੱਖਿਆ ਜਾਵੇ।

### ਦਰਜਾਬੰਦੀ

ਲੀਚੀ ਦੀ ਦਰਜਾਬੰਦੀ ਫਲ ਦੇ ਆਕਾਰ ਜਾਂ ਵਜ਼ਨ ਦੇ ਆਧਾਰ 'ਤੇ ਕੀਤੀ ਜਾਂਦੀ ਹੈ। 25 ਤੋਂ 30 ਗ੍ਰਾਮ ਦੇ ਲੀਚੀ ਦੇ ਫਲ ਨੂੰ ਉੱਚ ਦਰਜੇ ਦਾ ਮੰਨਿਆ ਜਾਂਦਾ ਹੈ। ਧਿਆਨ ਰੱਖੋ ਕਿ ਮਾਰਕੀਟਿੰਗ ਅਤੇ ਨਿਰੀਖਣ ਡਾਇਰੈਕਟੋਰੇਟ ਵੱਲੋਂ ਸੁਝਾਏ ਗਏ ਦਰਜਾਬੰਦੀ ਦੇ ਮਾਪਦੰਡਾਂ ਨੂੰ ਅਪਣਾ ਕੇ ਤੁਸੀਂ ਬਿਹਤਰ ਮਾਰਕੀਟਿੰਗ ਕਰ ਕੇ ਹੀ ਚੰਗਾ ਮੁਨਾਫ਼ਾ ਕਮਾ ਸਕਦੇ ਹੋ।

### ਡੱਬਾਬੰਦੀ

ਲੀਚੀ ਬਹੁਤ ਨਾਜ਼ੁਕ ਫਲ ਹੈ ਅਤੇ ਇਸ ਦੀ ਬਾਹਰਲੀ ਛਿੱਲ ਤੋੜਨ ਉਪਰੰਤ ਇਸ ਦਾ ਗੁੱਦਾ ਜਲਦੀ ਹੀ ਭੂਰਾ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਦਾ ਮੁੱਖ ਕਾਰਨ ਪੋਲੀਫਿਨੋਲ ਔਕਸੀਡੇਸ ਪ੍ਰਕਿਰਿਆ ਕਰਕੇ ਹੈ ਅਤੇ ਇਸ ਦੇ ਰੰਗ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਜਾਂਦੀ ਹੈ, ਜਿਸ ਦਾ ਇਸ ਦੀ ਕੀਮਤ ਉੱਪਰ ਮਾੜਾ ਅਸਰ ਪੈਂਦਾ ਹੈ। ਲੀਚੀ ਦੇ ਫਲ ਨੂੰ ਆਮ ਤੌਰ 'ਤੇ ਜੂਟ ਦੀਆਂ ਪੱਲੀਆਂ ਵਿਚ ਮੰਡੀ 'ਚ ਲਿਜਾਈ ਜਾਂਦੀ ਹੈ, ਜਿਸ ਨਾਲ ਉਸ ਦੀ ਮੰਡੀਕਰਨ ਦੀ ਕੀਮਤ ਤੇ ਉਮਰ ਵਿਚ ਗਿਰਾਵਟ ਆ ਜਾਂਦੀ ਹੈ। ਪੰਜਾਬ ਹਾਰਟੀਕਲਚਰਲ ਪੋਸਟ-ਹਾਰਵੈਸਟ ਟੈਕਨਾਲੋਜੀ ਸੈਂਟਰ (PHPTC) ਦੁਆਰਾ ਤਿਆਰ ਕੀਤੇ ਗਏ 2, 4 ਤੇ 10 ਕਿੱਲੋ ਦੇ ਕੋਰੂਗੇਟੇਡ ਫਾਈਬਰ ਬੋਰਡ ਬਕਸਿਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਲੀਚੀ ਦੀ ਡੱਬਾਬੰਦ ਮਾਰਕੀਟਿੰਗ ਲਈ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਬਕਸਿਆਂ ਵਿਚ ਡੱਬਾਬੰਦ ਕੀਤੇ ਫਲਾਂ ਦੀ ਗੁਣਵੱਤਾ ਕਾਇਮ ਰਹਿੰਦੀ ਹੈ। •

### ਭੰਡਾਰਨ

*ਫਲਾਂ ਦੀ ਤੁੜਾਈ ਤੋਂ ਬਾਅਦ ਢੁਕਵੇਂ ਤਾਪਮਾਨ 2-3 ਡਿਗਰੀ ਤਾਪਮਾਨ ਅਤੇ 90-95 ਫ਼ੀਸਦੀ ਨਮੀ 'ਤੇ ਸਟੋਰ ਕੀਤਾ ਜਾਣਾ ਚਾਹੀਦਾ ਹੈ। ਕਮਰੇ ਦੇ ਤਾਪਮਾਨ 'ਤੇ ਲੀਚੀ ਦੇ ਭੰਡਾਰਨ ਦਾ ਸਮਾਂ ਸਿਰਫ਼ 2-3 ਦਿਨ ਤੋਂ ਵੀ ਘੱਟ ਹੈ। ਇਸ ਵਿਧੀ ਨਾਲ ਸਟੋਰ ਕੀਤੇ ਫਲ ਦੀ ਕੀਮਤ ਮੰਡੀ ਵਿਚ ਵਧ ਜਾਂਦੀ ਹੈ ਅਤੇ ਇਸ ਨੂੰ 7-12 ਦਿਨ ਲਈ ਸਟੋਰ ਕੀਤਾ ਜਾ ਸਕਦਾ ਹੈ।*



### ਮੰਡੀਕਰਨ

*ਲੀਚੀ ਨੂੰ ਤੋੜਨ ਦਾ ਸਮਾਂ ਤਕਰੀਬਨ ਦੋ ਮਹੀਨੇ ਹੈ, ਜਿਸ ਕਾਰਨ ਮੰਡੀਆਂ ਵਿਚ ਜ਼ਿਆਦਾ ਫਲ ਆਉਣ ਨਾਲ ਮੰਡੀਕਰਨ ਸਬੰਧੀ ਸਮੱਸਿਆਵਾਂ ਆਉਂਦੀਆਂ ਹਨ। ਭਾਰਤੀ ਮੰਡੀਆਂ ਵਿਚ ਆਮਤੌਰ 'ਤੇ ਫਲ ਗੁੱਛਿਆਂ ਵਿਚ ਹੀ ਵੇਚਿਆ ਜਾਂਦਾ ਹੈ। ਬਾਗ਼ਬਾਨ ਤੁੜਾਈ ਤੋਂ ਪਹਿਲਾਂ ਸਾਰਾ ਬਾਗ਼ ਠੇਕੇ 'ਤੇ ਦੇ ਦਿੰਦੇ ਹਨ, ਇਸ ਤੋਂ ਬਾਅਦ ਸਾਰਾ ਕੰਮਕਾਜ, ਜਿਵੇਂ ਕਿ ਤੁੜਾਈ, ਡੱਬਾਬੰਦੀ, ਢੋਆ-ਢੁਆਈ ਆਦਿ ਆੜ੍ਹਤੀਆਂ ਦੀ ਸਹਾਇਤਾ ਨਾਲ ਸੰਪੂਰਨ ਕੀਤਾ ਜਾਂਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ 80-90 ਫ਼ੀਸਦੀ ਤੋਂ ਵਧੇਰੇ ਉਤਪਾਦਕ ਤੁੜਾਈ ਸਮੇਂ ਠੇਕੇਦਾਰਾਂ ਨੂੰ ਫਲ ਵੇਚਣ ਨੂੰ ਤਰਜ਼ੀਹ ਦਿੰਦੇ ਹਨ। ਕਾਸ਼ਤਕਾਰਾਂ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਤੇ ਖਪਤਕਾਰਾਂ ਦੁਆਰਾ ਭੁਗਤਾਨ ਦਰਮਿਆਨ ਮੁਨਾਫ਼ੇ ਦਾ ਕਾਫ਼ੀ ਅੰਤਰ ਹੈ। ਠੇਕੇਦਾਰ ਜਾਂ ਕਮੀਸ਼ਨ ਏਜੰਟ ਲੀਚੀ ਦੇ ਮੰਡੀਕਰਨ 'ਚੋਂ ਵੱਧ ਤੋ ਵੱਧ ਮੁਨਾਫ਼ਾ ਕਮਾਉਂਦੇ ਹਨ। ਵਧੇਰੇ ਮੁਨਾਫ਼ੇ ਲਈ ਜ਼ਿਮੀਦਾਰਾਂ ਨੂੰ ਖ਼ੁਦ ਮੰਡੀਕਰਨ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ। ਕਿਸਾਨ ਸਹਿਕਾਰੀ ਗਰੁੱਪ ਬਣਾਉਣ ਦੇ ਨਾਲ-ਨਾਲ ਪੈਕ ਹਾਊਸ ਅਤੇ ਭੰਡਾਰਨ ਵਾਸਤੇ ਨਿੱਜੀ ਤੌਰ 'ਤੇ ਬੁਨਿਆਦੀ ਢਾਂਚਾ ਤਿਆਰ ਕਰਨ। ਬਾਗ਼ਬਾਨ ਨੈਸ਼ਨਲ ਹਾਰਟੀਕਲਚਰ ਬੋਰਡ ਤੇ ਸੰਗਠਿਤ ਬਾਗ਼ਬਾਨੀ ਵਿਕਾਸ ਮਿਸ਼ਨ ਵੱਲੋਂ ਪੈਕ ਹਾਊਸ, ਭੰਡਾਰਨ ਤੇ ਮੰਡੀਕਰਨ ਦਾ ਬੁਨਿਆਦੀ ਢਾਂਚਾ ਸਥਾਪਤ ਕਰਨ ਲਈ ਕਿਸਾਨਾਂ ਨੂੰ ਸਬਸਿਡੀ ਆਦਿ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।*



# ਖਾਦਾਂ ਦੀ ਸੰਤੁਲਿਤ ਵਰਤੋਂ ਤੇ ਮਿੱਟੀ ਪਰਖ ਦੀ ਅਹਿਮੀਅਤ

• ਸਤਪਾਲ ਸੈਣੀ, ਰਾਜਨ ਭੱਟ
94651-68676

ਰਸਾਇਣਕ ਖਾਦਾਂ ਦੀ ਸੰਤੁਲਿਤ ਤੇ ਸੁਚੱਜੀ ਵਰਤੋਂ ਲਈ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਇਹ ਪਤਾ ਹੋਵੇ ਕਿ ਉਸ ਦੀ ਜ਼ਮੀਨ ਵਿਚ ਖ਼ੁਰਾਕੀ ਤੱਤਾਂ ਦੀ ਮੌਜੂਦਗੀ ਦਾ ਪੱਧਰ ਕੀ ਹੈ। ਅਕਸਰ ਕਿਸਾਨ ਵੀਰ ਮਿੱਟੀ ਦੀ ਪਰਖ ਕਰਵਾਏ ਬਗ਼ੈਰ ਰਸਾਇਣਕ ਖਾਦਾਂ ਦੀ ਵਰਤੋਂ ਕਰਦੇ ਹਨ, ਜਿਸ ਨਾਲ ਕੀਮਤੀ ਖਾਦਾਂ ਦੀ ਵਰਤੋਂ ਬੇਲੋੜੀ ਵੱਧ ਜਾਂਦੀ ਹੈ। ਮਿੱਟੀ ਦੀ ਪਰਖ ਦੇ ਆਧਾਰ 'ਤੇ ਕਿਸਾਨ ਜ਼ਮੀਨ ਵਿਚ ਤੱਤਾਂ ਦੀ ਮੌਜੂਦਗੀ ਦੇ ਹਿਸਾਬ ਨਾਲ ਖਾਦਾਂ ਦੀ ਸੁਚੱਜੀ ਤੇ ਸੰਤੁਲਿਤ ਵਰਤੋਂ ਕੀਤੀ ਜਾ ਸਕਦੀ ਹੈ।

### ਨਾਈਟ੍ਰੋਜਨ ਦੀ ਵਰਤੋਂ

ਫ਼ਸਲਾਂ ਲਈ ਨਾਈਟ੍ਰੋਜਨ ਦੀ ਸਿਫ਼ਾਰਿਸ਼ ਮਿੱਟੀ 'ਚ ਮੌਜੂਦ ਜੀਵਕ ਕਾਰਬਨ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਜਿਹੜੀਆਂ ਜ਼ਮੀਨਾਂ 'ਚ ਜੀਵਕ ਕਾਰਬਨ 0.40 ਫ਼ੀਸਦੀ ਤੋਂ ਘੱਟ ਹੁੰਦਾ ਹੈ, ਉਸ ਨੂੰ ਨਾਈਟ੍ਰੋਜਨ ਦੀ ਘਾਟ ਵਾਲੀਆਂ ਜ਼ਮੀਨਾਂ ਆਖਦੇ ਹਨ ਅਤੇ ਜਿਹੜੀਆਂ ਜ਼ਮੀਨਾਂ ਵਿਚ ਇਹ ਮਾਤਰਾ 0.40 ਤੋਂ 0.75 ਫ਼ੀਸਦੀ ਹੁੰਦੀ ਹੈ, ਉਨ੍ਹਾਂ ਨੂੰ ਦਰਮਿਆਨੀਆਂ ਅਤੇ ਜਿਨ੍ਹਾਂ ਵਿਚ ਜੀਵਕ ਕਾਰਬਨ ਦੀ ਮਾਤਰਾ 0.75 ਫ਼ੀਸਦੀ ਤੋਂ ਵੱਧ ਹੋਵੇ ਉਨ੍ਹਾਂ ਨੂੰ ਭਾਰੀਆਂ ਜ਼ਮੀਨਾਂ ਆਖਦੇ ਹਨ।

ਘਾਟ ਵਾਲੀਆਂ ਜ਼ਮੀਨਾਂ ਵਿਚ ਨਾਈਟ੍ਰੋਜਨ ਖਾਦ ਦੀ ਮਾਤਰਾ ਦਰਮਿਆਨੇ ਜੀਵਕ ਕਾਰਬਨ ਵਾਲੀਆਂ ਜ਼ਮੀਨਾਂ ਨਾਲੋਂ 25 ਫ਼ੀਸਦੀ ਵੱਧ ਪਾਉਣੀ ਚਾਹੀਦੀ ਹੈ। ਇਸੇ ਤਰ੍ਹਾਂ 0.75 ਫ਼ੀਸਦੀ ਤੋਂ ਵੱਧ ਜੀਵਕ ਕਾਰਬਨ ਵਾਲੀਆਂ ਜ਼ਮੀਨਾਂ 'ਚ ਫ਼ਸਲਾਂ ਨੂੰ ਸਿਫ਼ਾਰਸ਼ ਨਾਈਟ੍ਰੋਜਨ ਖਾਦ ਦੀ ਮਾਤਰਾ, ਦਰਮਿਆਨੇ ਜੀਵਕ ਕਾਰਬਨ ਵਾਲੀਆਂ ਜ਼ਮੀਨਾਂ ਨਾਲੋਂ 25 ਫ਼ੀਸਦੀ ਘੱਟ ਪਾਉਣੀ ਚਾਹੀਦੀ ਹੈ।

ਕਲਰਾਠੀਆਂ ਜ਼ਮੀਨਾਂ, ਜਿਨ੍ਹਾਂ ਦਾ ਖ਼ਾਰੀ ਅੰਗ (ਪੀਐੱਚ) ਵੱਧ ਹੋਵੇ, ਉਨ੍ਹਾਂ ਵਿਚ ਫ਼ਸਲਾਂ ਨੂੰ ਸਧਾਰਨ ਜ਼ਮੀਨ ਨਾਲੋਂ 25 ਫ਼ੀਸਦੀ ਵੱਧ ਨਾਈਟ੍ਰੋਜਨ ਖ਼ਾਦ ਪਾਉਣੀ ਚਾਹੀਦੀ ਹੈ। ਇਸੇ ਤਰ੍ਹਾਂ ਚਿੱਟੇ ਕੱਲਰ ਵਾਲੀਆਂ ਜ਼ਮੀਨਾਂ, ਜਿਨ੍ਹਾਂ ਵਿਚ ਨਮਕੀਨ ਪਦਾਰਥ (ਇਲੈਕਟ੍ਰੀਕਲ ਕੰਡਕਟਿਵਿਟੀ) ਵੱਧ ਹੋਵੇ, ਉਨ੍ਹਾਂ ਵਿਚ ਸਧਾਰਨ ਜ਼ਮੀਨ ਨਾਲੋਂ 25 ਫ਼ੀਸਦੀ ਵੱਧ ਨਾਈਟ੍ਰੋਜਨ ਖਾਦ ਪਾਉਣੀ ਚਾਹੀਦੀ ਹੈ। ਨਾਈਟ੍ਰੋਜਨ ਦੀ ਵਰਤੋਂ ਹਮੇਸ਼ਾ 2-3 ਕਿਸ਼ਤਾਂ ਵਿਚ ਕਰਨੀ ਚਾਹੀਦੀ ਹੈ, ਜਿਵੇਂ ਅੱਧਾ ਹਿੱਸਾ ਬੀਜਾਈ ਵੇਲੇ ਤੇ ਅੱਧਾ ਪਹਿਲਾ ਪਾਣੀ ਲਾਉਣ ਸਮੇਂ। ਫ਼ਸਲਾਂ ਵਿਚ ਨਾਈਟ੍ਰੋਜਨ ਦੀ ਵਰਤੋਂ ਅਹਿਮ ਪੜਾਵਾਂ ਨੂੰ ਧਿਆਨ 'ਚ ਰੱਖਦਿਆਂ ਸਿਫ਼ਾਰਸ਼ ਕੀਤੇ ਸਮੇਂ 'ਤੇ ਕਰਨੀ ਹੀ ਲਾਹੇਵੰਦ ਰਹਿੰਦੀ ਹੈ।

### ਫਾਸਫੋਰਸ ਦੀ ਵਰਤੋਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਖੋਜ ਅਨੁਸਾਰ ਫ਼ਸਲਾਂ ਨੂੰ ਪਾਈ ਗਈ ਫਾਸਫੋਰਸ ਦਾ 25 ਫ਼ੀਸਦੀ ਹਿੱਸਾ ਹੀ ਫ਼ਸਲ ਦੁਆਰਾ ਵਰਤਿਆ ਜਾਂਦਾ ਹੈ ਤੇ ਬਾਕੀ ਜ਼ਮੀਨ ਵਿਚ ਅਗਲੀ ਫ਼ਸਲ ਲਈ ਬਚਿਆ ਰਹਿੰਦਾ ਹੈ, ਜੋ ਸਮੇਂ ਦੇ ਨਾਲ-ਨਾਲ ਫ਼ਸਲ ਨੂੰ ਮਿਲਦਾ ਰਹਿੰਦਾ ਹੈ। ਹਾੜ੍ਹੀ ਦੀਆਂ ਫ਼ਸਲਾਂ ਫਾਸਫੋਰਸ ਦੀ ਵਰਤੋਂ ਨੂੰ ਜ਼ਿਆਦਾ ਮੰਨਦੀਆਂ ਹਨ। ਇਸ ਲਈ ਜੇ ਹਾੜ੍ਹੀ ਦੀਆਂ ਫ਼ਸਲਾਂ ਵਿਚ ਸਿਫ਼ਾਰਿਸ਼ ਮੁਤਾਬਕ ਫਾਸਫੋਰਸ ਖਾਦ ਦੀ ਵਰਤੋਂ ਕੀਤੀ ਜਾਵੇ ਤਾਂ ਸਾਉਣੀ ਦੀਆਂ ਫ਼ਸਲਾਂ ਵਿਚ ਫਾਸਫੋਰਸ ਖਾਦ ਦੀ ਬੱਚਤ ਕੀਤੀ ਜਾ ਸਕਦੀ ਹੈ। ਸਾਉਣੀ ਵਿਚ ਤਾਪਮਾਨ ਤੇ ਨਮੀਂ ਵੱਧ ਹੋਣ ਕਾਰਨ ਜ਼ਮੀਨ 'ਚ ਬਚੀ ਹੋਈ ਫਾਸਫੋਰਸ ਘੁਲ ਕੇ ਫ਼ਸਲ ਨੂੰ ਮਿਲਦੀ ਰਹਿੰਦੀ ਹੈ ਜੋ ਸਾਉਣੀ ਦੀਆਂ ਫ਼ਸਲਾਂ ਦੀ ਜ਼ਰੂਰਤ ਪੂਰੀ ਕਰ ਦਿੰਦੀ ਹੈ।

ਜ਼ਮੀਨ 'ਚ ਉਪਲੱਬਧ ਫਾਸਫੋਰਸ ਦੇ ਆਧਾਰ 'ਤੇ ਜ਼ਮੀਨਾਂ ਨੂੰ ਚਾਰ ਸ਼੍ਰੇਣੀਆਂ 'ਚ ਰੱਖਿਆ ਗਿਆ ਹੈ। ਜ਼ਮੀਨਾਂ ਵਿਚ ਫਾਸਫੋਰਸ 5 ਕਿੱਲੋ/ਏਕੜ ਤੋਂ ਘੱਟ, 5 ਤੋਂ 9 ਕਿੱਲੋ, 9 ਤੋਂ 20 ਕਿੱਲੋ ਤੇ 20 ਕਿੱਲੋ ਤੋਂ ਵੱਧ ਵਾਲੀਆਂ ਜ਼ਮੀਨਾਂ ਨੂੰ ਕ੍ਰਮਵਾਰ ਘੱਟ, ਦਰਮਿਆਨੀਆਂ, ਵੱਧ ਅਤੇ ਬਹੁਤ ਜਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ ਕਿਹਾ ਜਾਂਦਾ ਹੈ। ਘੱਟ ਫਾਸਫੋਰਸ ਵਾਲੀਆਂ ਜ਼ਮੀਨਾਂ ਤੋਂ ਪੂਰਾ ਝਾੜ ਲੈਣ ਲਈ ਦਰਮਿਆਨੇ ਫ਼ਾਸਫ਼ੋਰਸ ਵਾਲੀਆਂ ਜ਼ਮੀਨਾਂ ਨਾਲੋਂ 25 ਫ਼ੀਸਦੀ ਵੱਧ ਤੇ ਵੱਧ ਫਾਸਫੋਰਸ ਵਾਲੀਆਂ ਜ਼ਮੀਨਾਂ 'ਚ 25 ਫ਼ੀਸਦੀ ਘੱਟ ਫਾਸਫੋਰਸ ਖਾਦ ਪਾਉਣੀ ਚਾਹੀਦੀ ਹੈ। ਬਹੁਤ ਜ਼ਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ 'ਚ ਫਾਸਫੋਰਸ ਬਿਲਕੁਲ ਨਹੀਂ ਪਾਉਣੀ ਚਾਹੀਦੀ। ਜ਼ਮੀਨ ਵਿਚਲੀ ਫਾਸਫੋਰਸ ਤੋਂ ਇਲਾਵਾ ਜੀਵਕ ਕਾਰਬਨ ਵੀ ਫ਼ਸਲਾਂ ਲਈ ਫਾਸਫੋਰਸ ਖਾਦ ਦੀ ਮਾਤਰਾ ਨੂੰ ਨਿਰਧਾਰਤ ਕਰਦੀ ਹੈ। ਫਾਸਫੋਰਸ ਫ਼ਸਲ ਦੀ ਬਿਜਾਈ ਸਮੇਂ ਡਰਿੱਲ ਕਰਨੀ ਚਾਹੀਦੀ ਹੈ। ਇਸ ਦੀ ਪੂਰਤੀ ਲਈ ਸਿੰਗਲ ਸੁਪਰਫਾਸਫ਼ੇਟ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ, ਕਿਉਂਕਿ ਇਸ ਵਿਚ ਗੰਧਕ ਵੀ ਹੁੰਦੀ ਹੈ। ਜੇਕਰ ਡੀਏਪੀ ਖਾਦ ਵਰਤਣੀ ਹੋਵੇ ਤਾਂ ਨਾਈਟ੍ਰੋਜਨ ਖਾਦ ਦੀ ਮਾਤਰਾ ਘਟਾ ਲੈਣੀ ਚਾਹੀਦੀ ਹੈ ਕਿਉਂਕਿ ਡੀਏਪੀ ਵਿਚ 46 ਫ਼ੀਸਦੀ ਫਾਸਫੋਰਸ ਅਤੇ 18 ਫ਼ੀਸਦੀ ਨਾਈਟ੍ਰੋਜਨ ਹੁੰਦੀ ਹੈ।



*ਮਿੱਟੀ ਦੀ ਪਰਖ ਕਰਵਾਏ ਬਗ਼ੈਰ ਰਸਾਇਣਕ ਖਾਦਾਂ ਦੀ ਵਰਤੋਂ ਨਾਲ ਜਿੱਥੇ ਖੇਤੀ ਖ਼ਰਚੇ ਵਧਦੇ ਹਨ ਉੱਥੇ ਇਹ ਖਾਦਾਂ ਮਨੁੱਖੀ ਸਿਹਤ ਤੇ ਵਾਤਾਵਰਨ ਲਈ ਵੀ ਘਾਤਕ ਸਿੱਧ ਹੁੰਦੀਆਂ ਹਨ। ਮਿੱਟੀ ਦੀ ਪਰਖ ਨਾਲ ਜ਼ਮੀਨ 'ਚ ਮੌਜੂਦ ਤੱਤਾਂ ਦੀ ਮੌਜੂਦਗੀ ਅਨੁਸਾਰ ਖਾਦਾਂ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ...*



### ਜ਼ਿੰਕ ਦੀ ਵਰਤੋਂ

ਸਾਉਣੀ ਦੀਆਂ ਫ਼ਸਲਾਂ ਜ਼ਿੰਕ ਨੂੰ ਵਧੇਰੇ ਮੰਨਦੀਆਂ ਹਨ। ਮਿੱਟੀ ਪਰਖ਼ ਮੁਤਾਬਕ ਜਿਨ੍ਹਾਂ ਜ਼ਮੀਨਾਂ 'ਚ ਜ਼ਿੰਕ 0.6 ਕਿੱਲੋ/ਏਕੜ ਤੋਂ ਘੱਟ ਹੋਵੇ ਉਨ੍ਹਾਂ ਨੂੰ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਆਖਦੇ ਹਨ। ਝੋਨੇ ਤੇ ਮੂੰਗਫ਼ਲੀ ਵਿਚ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ 'ਚ 25 ਕਿੱਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ (21 ਫ਼ੀਸਦੀ ਜ਼ਿੰਕ) ਜਾਂ 16 ਕਿੱਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ (33 ਫ਼ੀਸਦੀ ਜ਼ਿੰਕ) ਪ੍ਰਤੀ ਏਕੜ ਪਾਉਣਾ ਚਾਹੀਦਾ ਹੈ ਪਰ ਮੱਕੀ ਤੇ ਕਪਾਹ ਨੂੰ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ 'ਚ 10 ਕਿੱਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਜਾਂ 6.5 ਕਿੱਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ/ਏਕੜ ਕਾਫ਼ੀ ਹੈ। ਮੱਕੀ ਵਿਚ ਜੇ ਜ਼ਿੰਕ ਦੀ ਘਾਟ ਖੜ੍ਹੀ ਫ਼ਸਲ 'ਤੇ ਨਜ਼ਰ ਆਵੇ ਤਾਂ ਜ਼ਿੰਕ ਸਲਫ਼ੇਟ ਦਾ ਘੋਲ (1200 ਗ੍ਰਾਮ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਤੇ 600 ਗ੍ਰਾਮ ਅਣ-ਬੁਝਿਆ ਚੂਨਾ, 200 ਲਿਟਰ ਪਾਣੀ 'ਚ ਘੋਲ ਕੇ) ਦਾ ਛਿੜਕਾਅ ਕੀਤਾ ਜਾ ਸਕਦਾ ਹੈ। ਜੇ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ ਵਰਤਣਾ ਹੋਵੇ ਤਾਂ 750 ਗ੍ਰਾਮ ਜ਼ਿੰਕ ਸਲਫ਼ੇਟ+375 ਗ੍ਰਾਮ ਅਣਬੁਝਿਆ ਚੂਨਾ 200 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਕਲਰਾਠੀਆਂ ਜ਼ਮੀਨਾਂ 'ਚ ਜ਼ਿੰਕ ਦੀ ਵਰਤੋਂ ਤੋਂ ਪਹਿਲਾਂ ਮਿੱਟੀ ਦੀ ਪਰਖ਼ ਮੁਤਾਬਕ ਸਿਫ਼ਾਰਿਸ਼ ਮਾਤਰਾ 'ਚ ਜਿਪਸਮ ਪਾਉਣੀ ਜ਼ਰੂਰੀ ਹੈ।

### ਮੈਂਗਨੀਜ਼ ਦੀ ਵਰਤੋਂ

ਮੈਂਗਨੀਜ਼ ਦੀ ਘਾਟ ਹਾੜ੍ਹੀ ਦੀਆਂ ਫ਼ਸਲਾਂ-ਕਣਕ ਜਾਂ ਬਰਸੀਮ ਵਿਚ ਆਉਂਦੀ ਹੈ। ਜਿਨ੍ਹਾਂ ਰੇਤਲੀਆਂ ਜ਼ਮੀਨਾਂ 'ਚ ਲਗਾਤਾਰ ਕਈ ਸਾਲ ਤੋਂ ਕਣਕ-ਝੋਨਾ ਫ਼ਸਲੀ ਚੱਕਰ ਅਪਣਾਇਆ ਜਾ ਰਿਹਾ ਹੋਵੇ, ਉਨ੍ਹਾਂ ਜ਼ਮੀਨਾਂ 'ਚ ਇਸ ਤੱਤ ਦੀ ਘਾਟ ਕਣਕ ਵਿਚ ਆਮ ਆ ਜਾਂਦੀ ਹੈ। ਇਸੇ ਤਰ੍ਹਾਂ ਝੋਨੇ ਮਗਰੋਂ ਬਰਸੀਮ ਉੱਤੇ ਵੀ ਮੈਂਗਨੀਜ਼ ਦੀ ਘਾਟ ਦੇਖੀ ਗਈ ਹੈ। ਮਿੱਟੀ ਦੀ ਪਰਖ਼ ਅਨੁਸਾਰ ਜੇ ਜ਼ਮੀਨ 'ਚ ਉਪਲੱਬਧ ਮੈਂਗਨੀਜ਼ 3.5 ਕਿੱਲੋ/ਏਕੜ ਤੋਂ ਘੱਟ ਹੋਵੇ, ਤਾਂ ਇਸ ਤੱਤ ਦੀ ਘਾਟ ਇਨ੍ਹਾਂ ਫ਼ਸਲਾਂ 'ਚ ਆ ਜਾਂਦੀ ਹੈ। ਕਣਕ 'ਚ ਇਸ ਤੱਤ ਦੀ ਪੂਰਤੀ ਲਈ ਮੈਂਗਨੀਜ਼ ਸਲਫ਼ੇਟ ਦੇ 0.5 ਫ਼ੀਸਦੀ ਘੋਲ ਦੇ ਚਾਰ ਛਿੜਕਾਅ ਕਰਨੇ ਚਾਹੀਦੇ ਹਨ। ਪਹਿਲਾ ਛਿੜਕਾਅ ਫ਼ਸਲ ਨੂੰ ਪਹਿਲਾ ਪਾਣੀ ਲੱਗਣ ਤੋਂ 2-4 ਦਿਨ ਪਹਿਲਾਂ ਤੇ ਫਿਰ ਤਿੰਨ ਹੋਰ ਛਿੜਕਾਅ ਹਫ਼ਤੇ-ਹਫ਼ਤੇ ਦੇ ਵਕਫ਼ੇ ਤੇ ਚੰਗੀ ਧੁੱਪ ਵਾਲੇ ਦਿਨਾਂ 'ਚ ਕਰ ਕੇ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ। ਬਰਸੀਮ 'ਚ ਇਸ ਤੱਤ ਦੇ 2-3 ਛਿੜਕਾਅ ਕਾਫ਼ੀ ਹਨ। ਇਹ ਛਿੜਕਾਅ ਕਟਾਈ ਤੋਂ 2 ਹਫ਼ਤੇ ਬਾਅਦ ਕਰਨੇ ਚਾਹੀਦੇ ਹਨ। ਮੈਂਗਨੀਜ਼ ਸਲਫ਼ੇਟ ਦਾ ਹੀ ਹਮੇਸ਼ਾ ਛਿੜਕਾਅ ਕਰਨਾ ਚਾਹੀਦਾ ਹੈ। ਜ਼ਮੀਨ ਵਿਚ ਇਸ ਖਾਦ ਦੀ ਵਰਤੋਂ ਲਾਹੇਵੰਦ ਨਹੀਂ ਹੁੰਦੀ। •

### ਪੋਟਾਸ਼ ਦੀ ਵਰਤੋਂ

*ਪੋਟਾਸ਼ ਦੀ ਵਰਤੋਂ ਹਮੇਸ਼ਾ ਘਾਟ ਵਾਲੀਆਂ ਜ਼ਮੀਨਾਂ 'ਚ ਹੀ ਕਰਨੀ ਚਾਹੀਦੀ ਹੈ। ਇਸ ਦੀ ਘਾਟ ਆਮ ਤੌਰ 'ਤੇ ਪੰਜਾਬ ਦੇ ਕੰਢੀ ਖੇਤਰ (ਰੋਪੜ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਤੇ ਗੁਰਦਾਸਪੁਰ ਜ਼ਿਲ੍ਹਿਆਂ) ਵਿਚ ਆਉਂਦੀ ਹੈ। ਜਿਨ੍ਹਾਂ ਜ਼ਮੀਨਾਂ 'ਚ ਉਪਲੱਬਧ ਪੋਟਾਸ਼ੀਅਮ 55 ਕਿੱਲੋ/ਏਕੜ ਤੋਂ ਘੱਟ ਹੁੰਦਾ ਹੈ, ਨੂੰ ਘਾਟ ਵਾਲੀਆਂ ਤੇ ਜਿਨ੍ਹਾਂ ਵਿਚ 55 ਕਿੱਲੋ ਤੋਂ ਵੱਧ ਹੋਵੇ, ਉਨ੍ਹਾਂ ਨੂੰ ਵੱਧ ਪੋਟਾਸ਼ ਵਾਲੀਆਂ ਜ਼ਮੀਨਾਂ ਆਖਦੇ ਹਨ। ਪੋਟਾਸ਼ ਲਈ ਮਿਊਰੇਟ ਆਫ਼ ਪੋਟਾਸ਼ ਵਧੀਆ ਸਰੋਤ ਹੈ ਤੇ ਇਸ ਦੀ ਵਰਤੋਂ ਨਾਲ ਫ਼ਸਲਾਂ 'ਚ ਪੋਟਾਸ਼ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਪੋਟਾਸ਼ ਦੀ ਵਰਤੋਂ ਹਮੇਸ਼ਾ ਡਰਿੱਲ ਕਰ ਕੇ ਫ਼ਸਲ ਦੀ ਬਿਜਾਈ ਸਮੇਂ ਕਰਨੀ ਚਾਹੀਦੀ ਹੈ।*

### ਲੋਹੇ ਦੀ ਵਰਤੋਂ

*ਲੋਹੇ ਦੀ ਘਾਟ ਝੋਨਾ, ਮੱਕੀ ਤੇ ਕਮਾਦ ਦੀ ਫ਼ਸਲ 'ਤੇ ਉਦੋਂ ਆਉਂਦੀ ਹੈ ਜਦੋਂ ਜ਼ਮੀਨ 'ਚ ਮੌਜੂਦ ਲੋਹਾ 4.5 ਕਿੱਲੋ/ਏਕੜ ਤੋਂ ਘੱਟ ਹੋਵੇ। ਇਸ ਤੱਤ ਦੀ ਪੂਰਤੀ ਲਈ ਫ਼ੈਰਸ-ਸਲਫ਼ੇਟ ਖਾਦ ਦੇ 1.0 ਫ਼ੀਸਦੀ ਘੋਲ ਦਾ ਛਿੜਕਾਅ ਕਰਨਾ ਚਾਹੀਦਾ ਹੈ। ਦੋ-ਤਿੰਨ ਛਿੜਕਾਅ ਹਫ਼ਤੇ-ਹਫ਼ਤੇ ਦੇ ਵਕਫ਼ੇ 'ਤੇ ਕਰਨ ਨਾਲ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ। ਫ਼ੈਰਸ-ਸਲਫ਼ੇਟ ਦੀ ਵਰਤੋਂ ਜ਼ਮੀਨ ਵਿਚ ਨਹੀਂ ਕਰਨੀ ਚਾਹੀਦੀ ਸਗੋਂ ਛਿੜਕਾਅ ਹੀ ਕਰਨਾ ਚਾਹੀਦਾ ਹੈ।*

# ਡਵੀਜਨਲ ਕਮਿਸ਼ਨਰ ਵਿਨੈ ਬੁਬਲਾਨੀ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਕੰਮਾਂ ਦਾ ਜਾਇਜ਼ਾ

## ਘੱਗਰ, ਟਾਂਗਰੀ, ਵੱਡੀ ਤੇ ਛੋਟੀ ਨਦੀ ਸਮੇਤ ਸਾਰੀਆਂ ਨਹਿਰਾਂ, ਨਦੀਆਂ ਤੇ ਨਾਲਿਆਂ ਦੇ ਹੜ੍ਹ ਰੋਕੂ ਪ੍ਰਬੰਧਾਂ 'ਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ : ਵਿਨੈ ਬੁਬਲਾਨੀ

ਪਟਿਆਲਾ, 23 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਪਟਿਆਲਾ ਡਵੀਜਨ ਦੇ ਕਮਿਸ਼ਨਰ ਵਿਨੈ ਬੁਬਲਾਨੀ ਹੜ੍ਹਾਂ ਤੋਂ ਬਚਾਅ ਕਾਰਜਾਂ ਦਾ ਜਾਇਜ਼ਾ ਲੈਂਦੇ ਹੋਏ। ਉਨ੍ਹਾਂ ਨਾਲ ਨਜ਼ਰ ਆ ਰਹੇ ਹਨ ਏ.ਡੀ.ਸੀ. ਇਸ਼ਾ ਸਿੰਗਲ ਤੇ ਐਕਸੀਐਨ ਪ੍ਰਥਮ ਗੰਭੀਰ।

ਪਟਿਆਲਾ ਡਵੀਜਨ ਦੇ ਡਵੀਜਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਅੱਜ ਜ਼ਿਲ੍ਹੇ ਅੰਦਰ ਹੜ੍ਹਾਂ ਤੋਂ ਬਚਾਅ ਲਈ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਏ.ਡੀ.ਸੀ. (ਜ) ਇਸ਼ਾ ਸਿੰਗਲ, ਜਲ ਨਿਕਾਸ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਤੇ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਨਾਲ ਬੈਠਕ ਕਰਕੇ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸਾਰੇ ਐਸ.ਡੀ.ਐਮਜ ਤੇ ਤਹਿਸੀਲਦਾਰ ਆਪਣੇ ਹਲਕਿਆਂ ਦੇ ਸਬੰਧਤ ਵਿਧਾਇਕ ਤੇ ਮੰਤਰੀ ਸਾਹਿਬਾਨ ਤੇ ਹੋਰ ਚੁਣੇ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਹੜ੍ਹ ਸੰਭਾਵਤ ਇਲਾਕਿਆਂ ਦਾ ਦੌਰਾ ਕਰਕੇ ਰਿਪੋਰਟ ਦੇਣਗੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਜਿੱਥੇ ਹੜ੍ਹ ਦਾ ਪਾਣੀ ਆਇਆ ਸੀ, ਉਨ੍ਹਾਂ ਥਾਂਵਾਂ ਦਾ ਖਾਸ ਧਿਆਨ ਰੱਖਿਆ ਜਾਵੇ।

ਡਵੀਜਨਲ ਕਮਿਸ਼ਨਰ ਨੇ ਡਰੇਨੇਜ ਵਿਭਾਗ ਨੂੰ ਹਦਾਇਤ ਕੀਤੀ ਕਿ ਘੱਗਰ, ਟਾਂਗਰੀ, ਛੋਟੀ ਤੇ ਵੱਡੀ ਨਦੀਆਂ ਸਮੇਤ ਹੋਰ ਨਹਿਰਾਂ, ਨਦੀਆਂ ਤੇ ਨਾਲਿਆਂ ਦੀ ਸਫ਼ਾਈ ਸਮੇਤ ਹੜ੍ਹ ਰੋਕੂ ਪ੍ਰਬੰਧਾਂ 'ਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਮੌਨਸੂਨ ਦੇ ਮੱਦੇਨਜ਼ਰ ਹੜ੍ਹਾਂ ਵਰਗੀ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ ਅਤੇ ਉਹ ਖ਼ੁਦ ਆਪਣੀ ਡਵੀਜਨ ਦੇ ਸਾਰੇ ਜ਼ਿਲ੍ਹਿਆਂ, ਪਟਿਆਲਾ, ਲੁਧਿਆਣਾ, ਫ਼ਤਹਿਗੜ੍ਹ ਸਾਹਿਬ, ਸੰਗਰੂਰ, ਬਰਨਾਲਾ ਤੇ ਮਾਲੇਰਕੋਟਲਾ ਵਿੱਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਜਲਦੀ ਹੀ ਸਾਰੇ ਹੜ੍ਹ ਸੰਭਾਵਤ ਖੇਤਰਾਂ ਦਾ ਦੌਰਾ ਕਰਕੇ ਜਮੀਨੀ ਹਕੀਕਤਾਂ ਦਾ ਵੀ ਜਾਇਜ਼ਾ ਲੈਣਗੇ। ਵਿਨੈ ਬੁਬਲਾਨੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮਾਨਸੂਨ ਦੌਰਾਨ ਨਦੀਆਂ ਤੇ ਨਾਲਿਆਂ ਦੇ ਕੈਚਮੈਂਟ ਇਲਾਕੇ ਵਿੱਚ ਭਾਰੀ ਮੀਂਹ ਦੀ ਸੰਭਾਵਨਾਂ ਦੇ ਮੱਦੇਨਜ਼ਰ ਸੰਵੇਨਸ਼ੀਲ ਇਲਾਕਿਆਂ 'ਚ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਤਿਆਰੀਆਂ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤਾਂ ਆਪਣੇ ਸ਼ਹਿਰਾਂ 'ਚ ਸੀਵਰੇਜ ਤੇ ਨਿਕਾਸੀ ਨਾਲਿਆਂ ਦੀ ਸਫ਼ਾਈ ਕਰਵਾਕੇ ਰਿਪੋਰਟ ਸੌਂਪਣ। ਇਸ ਤੋਂ ਬਿਨ੍ਹਾਂ ਨਹਿਰੀ ਵਿਭਾਗ ਆਪਣੀਆਂ ਨਹਿਰਾਂ ਨੂੰ ਟੁੱਟਣ ਤੋਂ ਬਚਾਉਣ ਲਈ ਅਗੇਤੇ ਪ੍ਰਬੰਧ ਪੁਖ਼ਤਾ ਕਰਨਾ ਵੀ ਯਕੀਨੀ ਬਣਾਉਣ।

ਵਿਨੈ ਬੁਬਲਾਨੀ ਨੇ ਜਲ ਨਿਕਾਸ, ਸਿੰਚਾਈ, ਲੋਕ ਨਿਰਮਾਣ, ਮੰਡੀ ਬੋਰਡ, ਜਲ ਸਪਲਾਈ ਤੇ ਸੀਵਰੇਜ ਬੋਰਡ, ਸਥਾਨਕ ਸਰਕਾਰਾਂ ਸਮੇਤ ਹੋਰ ਸਬੰਧਤ ਵਿਭਾਗਾਂ ਦੇ ਕਮਿਉਨੀਕੇਸ਼ਨ ਪਲਾਨ ਤੇ ਹੜ੍ਹਾਂ ਤੋਂ ਬਚਾਅ ਲਈ ਯੋਜਨਾ ਸਮੇਤ ਭਾਰਤੀ ਫ਼ੌਜ, ਐਨ.ਡੀ.ਆਰ.ਐਫ, ਪੁਲਿਸ ਤੇ ਹੋਰ ਵਿਭਾਗਾਂ ਦੀ ਆਫ਼ਤ ਪ੍ਰਬੰਧਨ ਯੋਜਨਾ 'ਤੇ ਵੀ ਚਰਚਾ ਕੀਤੀ। ਉਨ੍ਹਾਂ ਨੇ ਡਰੇਨੇਜ ਵਿਭਾਗ ਨੂੰ ਨਦੀਆਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਖਾਸ ਕਰਕੇ ਜਿੱਥੇ ਪਹਿਲ੍ਹਾਂ ਟੁੱਟੇ ਬੰਨ੍ਹਾਂ ਦੀ ਮੁੜ ਤੋਂ ਨਜ਼ਰਸਾਨੀ ਕਰਨ ਦੇ ਵੀ ਨਿਰਦੇਸ਼ ਦਿੱਤੇ।

ਇਸ ਮੌਕੇ ਏ.ਡੀ.ਸੀ. ਇਸ਼ਾ ਸਿੰਗਲ ਨੇ ਉਨ੍ਹਾਂ ਨੂੰ ਦੱਸਿਆ ਕਿ ਜ਼ਿਲ੍ਹੇ ਵਿੱਚ ਹੜ੍ਹ ਕੰਟਰੋਲ ਰੂਮ 0175-2350550 ਕਾਰਜਸ਼ੀਲ ਹੈ। ਪ੍ਰਥਮ ਗੰਭੀਰ ਨੇ ਦੱਸਿਆ ਕਿ ਡਰੇਨੇਜ ਵਿਭਾਗ ਨੇ ਘੱਗਰ ਸਮੇਤ ਛੋਟੀ ਤੇ ਵੱਡੀ ਨਦੀ ਦੀ ਸਫ਼ਾਈ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਅਤੇ ਲੋੜ ਮੁਤਾਬਕ ਬੰਨ੍ਹਾਂ ਨੂੰ ਵੀ ਮਜ਼ਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਡੀ.ਆਰ.ਓ. ਨਵਦੀਪ ਸਿੰਘ ਨੇ ਕਿਹਾ ਕਿ ਡਵੀਜਨ ਕਮਿਸ਼ਨਰ ਦੇ ਹੁਕਮਾਂ ਮੁਤਾਬਕ ਸਮੂਹ ਮਾਲ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣਗੇ।

# ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਪਿੰਡ ਡਕਾਲਾ ਵਿਖੇ ਛੱਪੜ ਦੀ ਸਫ਼ਾਈ ਦੇ ਕੰਮ ਦਾ ਜਾਇਜ਼ਾ

ਸਮਾਣਾ/ਡਕਾਲਾ/ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਪਿੰਡ ਡਕਾਲਾ ਵਿਖੇ ਛੱਪੜ ਦੀ ਸਫ਼ਾਈ ਤੇ ਸੁੰਦਰੀਕਰਨ ਦੇ ਚੱਲ ਰਹੇ ਕੰਮ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਕਰਵਾਈ ਜਾ ਰਹੀ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਿੰਡਾਂ ਦੀ ਜੀਵਨ ਰੇਖਾ ਛੱਪੜਾਂ ਨੂੰ ਅਣਗੌਲਿਆ ਕੀਤਾ ਸੀ ਅਤੇ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਇਨ੍ਹਾਂ ਦੀ ਨਾ ਤਾਂ ਕੋਈ ਸਾਰ ਲਈ ਗਈ ਸੀ ਅਤੇ ਨਾ ਹੀ ਕੋਈ ਸਾਂਭ-ਸੰਭਾਲ ਕੀਤੀ ਗਈ ਸੀ। ਬਹੁਤੇ ਛੱਪੜਾਂ ਦੀ ਦਹਾਕਿਆਂ ਤੋਂ ਸਫ਼ਾਈ ਨਹੀਂ ਕੀਤੀ ਗਈ। ਅਜਿਹੇ ਛੱਪੜ ਓਵਰਫਲੋਅ ਹੋ ਜਾਂਦੇ ਹਨ ਤੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਬਦਬੂ ਆਉਂਦੀ ਹੈ ਅਤੇ ਮੱਛਰਾਂ ਤੇ ਬਿਮਾਰੀਆਂ ਦੀ ਭਰਮਾਰ ਹੋ ਜਾਂਦੀ ਹੈ ਪਰ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਨ੍ਹਾਂ ਹਾਲਾਤਾਂ ਨੂੰ ਬਦਲਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮਾਣਾ ਹਲਕੇ ਦੇ ਪਿੰਡਾਂ 'ਚ ਛੱਪੜਾਂ ਦੀ ਸਫ਼ਾਈ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਬਹੁਤ ਜਲਦੀ ਸਾਰੇ ਛੱਪੜਾਂ ਦੀ ਸਫ਼ਾਈ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੀ ਪ੍ਰਾਥਮਿਕਤਾ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਕਰਨਾ ਹੈ, ਜਿਸ ਤਹਿਤ ਪਿੰਡਾਂ ਦੇ ਛੱਪੜਾਂ ਦੀ ਮੁਰੰਮਤ, ਰੱਖ-ਰਖਾਅ ਅਤੇ ਸਾਂਭ-ਸੰਭਾਲ ਅਤੇ ਖੇਡ ਮੈਦਾਨਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਥਾਪਰ/ਸੀਚੇਵਾਲ ਮਾਡਲ ਰਾਹੀਂ ਪਿੰਡਾਂ ਵਿੱਚ ਸੀਵਰੇਜ ਟ੍ਰੀਟਮੈਂਟ ਸਹੂਲਤਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ।

# ਸਮਾਜ ਸੇਵੀ ਵੱਲੋਂ ਸਰਕਾਰੀ ਹਸਪਤਾਲ ਨੂੰ ਪੱਖੇ ਭੇਂਟ



ਮਾਛੀਵਾੜਾ ਸਾਹਿਬ, 23 ਜੂਨ
-ਸਤੀਸ਼ ਕੁਮਾਰ-
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਸੀ. ਐਚ. ਸੀ. ਮਾਛੀਵਾੜਾ ਸਾਹਿਬ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਸ਼ਹਿਰ ਮਾਛੀਵਾੜਾ ਸਾਹਿਬ ਦੇ ਉਘੇ ਸਮਾਜ ਸੇਵਕ ਧਰਮ ਪਾਲ ਜੈਨ ਵਲੋਂ ਸਰਕਾਰੀ ਹਸਪਤਾਲ ਮਾਛੀਵਾੜਾ ਸਾਹਿਬ ਨੂੰ 10 ਪੱਖੇ ਛੱਤ ਵਾਲੇ ਭੇਟ ਕੀਤੇ ਗਏ ਜੋ ਕਿ ਬਹੁਤ ਹੀ ਸ਼ਲਾਘਾ ਯੋਗ ਕਾਰਜ ਹੈ ਅਤੇ ਇਨ੍ਹਾਂ ਪੱਖਿਆਂ ਦੀ ਸਹੂਲਤ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਮਿਲੇਗੀ । ਡਾ. ਜਸਦੇਵ ਸਿੰਘ ਨੇ ਅੱਗੇ ਦੱਸਿਆ ਕਿ ਧਰਮ ਪਾਲ ਜੈਨ ਹਸਪਤਾਲ ਦੀ ਸੇਵਾ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਇਸ ਮੌਕੇ ਪਰਦੀਪ ਸਿੰਘ ਬਲਾਕ ਐਜੂਕੇਟਰ, ਪਰਮਵੀਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਮੇਲ, ਜਸਵੀਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਮੇਲ, ਮਨਿੰਦਰ ਸਿੰਘ ਕੰਪਿਊਟਰ ਓਪਰੇਟਰ, ਸਰਬਜੀਤ ਸਿੰਘ ਬੀ. ਐਸ. ਏ. ਅਤੇ ਦਫਤਰੀ ਅਮਲੇ ਤੋਂ ਬਵਦੀਪ ਕੌਰ ,ਗੁਰਪ੍ਰੀਤ ਕੌਰ ਅਤੇ ਸੁਸ਼ੀਲ ਕੁਮਾਰ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਆਰਥਿਕ ਜਨਗਣਨਾ 2025 ਦੀ ਤਿਆਰੀਆਂ ਦਾ ਜਾਇਜਾ ਲੈਣ ਲਈ ਏ.ਡੀ.ਸੀ. ਵੱਲੋਂ ਮੀਟਿੰਗ

ਪਟਿਆਲਾ, 23 ਜੂਨ/ਸੁਨੀਤਾ ਵਰਮਾ
-ਕੌਮੀ ਪੱਤ੍ਰਿਕਾ ਬਿਊਰੋ-

ਆਰਥਿਕ ਜਨਗਣਨਾ 2025 ਦੀ ਪ੍ਰਕ੍ਰਿਆ ਨੂੰ ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਮਰਿੰਦਰ ਸਿੰਘ ਟਿਵਾਣਾ ਨੇ ਜਾਇਜਾ ਬੈਠਕ ਕੀਤੀ। ਮੀਟਿੰਗ ਦਾ ਮੁੱਖ ਮੰਤਵ 2025 ਦੀ ਆਰਥਿਕ ਜਨਗਣਨਾ ਦੀ ਤਿਆਰੀਆਂ ਤੇ ਸਹਿਯੋਗ ਅਤੇ ਕਾਰਗੁਜ਼ਾਰੀ ਨੂੰ ਸੁਨਿਸ਼ਚਿਤ ਕਰਨਾ ਸੀ ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰਕ੍ਰਿਆ ਨਾਲ ਜ਼ਿਲ੍ਹੇ ਦੇ ਵਿਕਾਸ ਯੋਜਨਾਵਾਂ ਨੂੰ ਨਵੀਂ ਦਿਸ਼ਾ ਮਿਲੇਗੀ ਅਤੇ ਨਵੀਂ ਆਰਥਿਕ ਨੀਤੀਆਂ ਤਿਆਰ ਕਰਨ ਵਿੱਚ ਸਹਾਇਤਾ ਮਿਲੇਗੀ । ਉਹਨਾ ਕਿਹਾ ਕਿ ਇਹ ਗਣਨਾ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਲਈ ਜ਼ਿਲ੍ਹਾ ਅਤੇ ਬਲਾਕਾਂ ਵਿੱਚ ਵਧੇਰੇ ਜਾਣਕਾਰੀ ਪ੍ਰਦਾਨ ਕਰੇਗੀ , ਜਿਸ ਨਾਲ ਵਿਕਾਸ ਕਾਰਜਾਂ ਦੀ ਬਿਹਤਰ ਯੋਜਨਾ ਬਣਾਈ ਜਾ ਸਕੇਗੀ।

ਵਧੀਕ ਡਿਪਟੀ ਕਮਿਸ਼ਨਰ ਨੇ ਬੈਠਕ ਵਿੱਚ ਸ਼ਿਰਕਤ ਕਰਨ ਵਾਲੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਇਸ ਪ੍ਰਕ੍ਰਿਆ ਤੋ ਜਾਣੂ ਕਰਵਾਉਂਦਿਆਂ ਕਿਹਾ ਕਿ ਆਰਥਿਕ ਜਨਗਣਨਾ ਤੋਂ ਮਿਲਣ ਵਾਲੇ ਡਾਟੇ ਅਤੇ ਜਾਣਕਾਰੀ ਨਾਲ ਸਰਕਾਰ ਨੂੰ ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਵਿਕਾਸ ਕਾਰਜਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਮਿਲੇਗੀ ਕਿ ਕਿਹੜੇ ਖੇਤਰ ਵਿੱਚ ਕਿੰਨਾ ਵਿਕਾਸ ਹੋ ਰਿਹਾ ਹੈ ਅਤੇ ਕਿਹੜੇ ਖੇਤਰਾਂ ਵਿੱਚ ਵਧੇਰੇ ਧਿਆਨ ਦੀ ਲੋੜ ਹੈ। ਇਹ ਡਾਟਾ ਸਿਰਫ਼ ਸਰਕਾਰੀ ਨੀਤੀਆਂ ਲਈ ਹੀ ਨਹੀ, ਸਗੋਂ ਜਨਤਾ ਅਤੇ ਵਿਕਾਸ ਨਾਲ ਜੁੜੇ ਸਹਿਯੋਗੀਆਂ ਲਈ ਵੀ ਅਹਿਮ ਸਾਧਕ ਸਾਬਿਤ ਹੋਵੇਗਾ ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸਟਾਫ ਦੀਆਂ ਲਿਸਟਾਂ ਤਿਆਰ ਕਰਨ , ਜਿਲ੍ਹਾ ਅਤੇ ਬਲਾਕ ਪੱਧਰ ' ਤੇ ਮਾਸਟਰ ਟ੍ਰੇਨਰਾਂ ਦੀ ਨਿਯੁਕਤੀ ਕਰਨ ਅਤੇ ਨੋਡਲ ਅਫ਼ਸਰਾਂ ਨੂੰ ਨਿਯੁਕਤ ਕਰਨ ' ਤੇ ਚਰਚਾ ਕੀਤੀ । ਉਹਨਾ ਜ਼ਿਲ੍ਹਾ ਸਿਖਿਆ ਅਫਸਰ, ਈ.ਓਜ਼ ਅਤੇ ਬੀ.ਡੀ.ਪੀ.ਓਜ਼ ਨੂੰ ਵੀ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਲਈ ਹਦਾਇਤਾਂ ਦਿੱਤੀਆਂ ।

ਅਮਰਿੰਦਰ ਸਿੰਘ ਟਿਵਾਣਾ ਨੇ ਅਪੀਲ ਕੀਤੀ ਕਿ ਲੋਕ ਇਸ ਮਹੱਤਵਪੂਰਨ ਕਾਰਜ ਵਿੱਚ ਆਪਣੇ ਪੂਰੇ ਯੋਗਦਾਨ ਅਤੇ ਸਮਰਪਣ ਨਾਲ ਜ਼ਿਲ੍ਹੇ ਦੇ ਵਿਕਾਸ ਲਈ ਨਵੇਂ ਆਰਥਿਕ ਦਿਸ਼ਾ ਨਿਰਦੇਸ਼ਾਂ ਦੇ ਨਿਰਮਾਣ ਵਿੱਚ ਮਦਦ ਕਰਨ । ਉਹਨਾਂ ਕਿਹਾ ਕਿ ਜਨਗਣਨਾ ਤੋਂ ਪ੍ਰਾਪਤ ਜਾਣਕਾਰੀ ਨਾਲ ਹੀ ਅਸੀਂ ਆਪਣੇ ਵਧਦੇ ਹੋਏ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਸਕਾਂਗੇ ਅਤੇ ਵਿਕਾਸ ਦੇ ਨਵੇਂ ਰਾਹ ਖੋਲ ਸਕਾਂਗੇ । ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ ।

# ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਦੋ ਜ਼ਿਲ੍ਹਿਆਂ ਦੀ ਸਾਂਝੀ ਕਨਵੈਨਸ਼ਨ ਦੀਆਂ ਤਿਆਰੀਆਂ ਮੁਕੰਮਲ



ਅੰਮ੍ਰਿਤਸਰ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਸੂਬਾਈ ਆਗੂ ਕੁਲਵੰਤ ਮੱਲੂਨੰਗਲ, ਸੁਲੱਖਣ ਤੁੜ ਅਤੇ ਸਾਥੀ ਗੁਰਜੀਤ ਸਿੰਘ ਸੋਖੀ ਨੇ ਸਾਂਝੇ ਬਿਆਨ ਰਾਹੀ ਦੱਸਿਆ ਕਿ ਮਿਤੀ 23 ਜੂਨ ਦਿਨ ਐਤਵਾਰ ਨੂੰ ਛੇਹਰਟਾ ਦੇ ਇੰਡੀਆ ਗੇਟ ਵਿਖੇ ਨਸ਼ਾ, ਬੇਰੋਜ਼ਗਾਰੀ ਅਤੇ ਸਿਆਸੀ ਗੁੰਡਾਗਰਦੀ ਖਿਲਾਫ਼ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਰਨ ਤਾਰਨ ਦੀ ਸ਼ਾਂਝੀ ਕਨਵੈਨਸ਼ਨ ਜਿਸ ਵਿਚ ਵੱਡੀ ਗਿਣਤੀ 'ਚ ਨੌਜਵਾਨ ਸ਼ਾਮਿਲ ਹੋਣਗੇ, ਦੀਆਂ ਸਭ ਤਿਆਰੀਆਂ ਮੁਕੰਮਲ ਹੋ ਗਈਆਂ ਹਨ।

ਆਗੂਆਂ ਨੇ ਦੱਸਿਆ ਕਿ ਇਸ ਕਨਵੈਨਸ਼ਨ ਵਿਚ ਮੁੱਖ ਤੌਰ 'ਤੇ ਪੰਜਾਬ ਸਰਕਾਰ ਵੱਲੋਂ ਚਲਾਏ 'ਯੁੱਧ ਨਸ਼ੇ ਵਿਰੁੱਧ' 'ਤੇ ਚਰਚਾ ਕੀਤੀ ਜਾਵੇਗੀ ਅਤੇ ਬੇਰੋਜ਼ਗਾਰੀ ਦੀ ਮਾਰ ਝਲਦੇ ਨੌਜਵਾਨਾਂ ਨੂੰ ਲਾਮਬੰਦ ਕਰਕੇ ਸ਼ੰਘਰਸ਼ ਲਈ ਤਿਆਰ ਕੀਤਾ ਜਾਵੇਗਾ। ਮੱਲੂਨੰਗਲ, ਤੁੜ ਅਤੇ ਸੋਖੀ ਨੇ ਅੱਗੇ ਦੱਸਿਆ ਕਿ ਕਨਵੈਨਸ਼ਨ ਦੇ ਇੰਨ੍ਹਾਂ ਏਜੰਡਿਆਂ ਤੋਂ ਇਲਾਵਾ ਪੰਜਾਬ ਦੇ ਜੋ ਨੌਜਵਾਨ ਨਸ਼ੇ ਅਤੇ ਹੋਰ ਕੁਰੀਤੀਆਂ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਦੇ ਹਨ, ਸਰਕਾਰ ਅਤੇ ਵਿਧਾਇਕਾਂ ਵੱਲੋਂ ਉਨ੍ਹਾਂ ਦੀ ਆਵਾਜ਼ ਦੱਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਅਤੇ ਉਨ੍ਹਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਨੌਜਵਾਨਾਂ ਨੂੰ ਸਰਕਾਰਾਂ ਅਤੇ ਵਿਧਾਇਕਾਂ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਨੌਜਵਾਨ ਸਭਾ ਪੂਰਨ ਤੌਰ 'ਤੇ ਆਪਣੇ ਸਾਥੀਆਂ ਨਾਲ ਚਟਾਂਨ ਵਾਂਗ ਖੜੀ ਹੈ। ਪੰਜਾਬ ਦੇ ਸੂਬਾਈ ਆਗੂ ਕੁਲਵੰਤ ਮੱਲੂਨੰਗਲ, ਸੁਲੱਖਣ ਤੁੜ ਅਤੇ ਸਾਥੀ ਗੁਰਜੀਤ ਸਿੰਘ ਸੋਖੀ ਨੇ ਦੱਸਿਆ ਕਿ ਅੰਮ੍ਰਿਤਸਰ ਹਲਕਾ ਪੱਛਮੀ ਦੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਵੱਲੋਂ ਮਾਝੇ ਦੇ ਉੱਘੇ ਸਮਾਜ ਸੇਵਕ ਅਤੇ ਸੂਬਾਈ ਆਗੂ ਸਾਥੀ ਸਰਬਜੀਤ ਸਿੰਘ ਹੈਰੀ ਨੂੰ ਜੋ ਧਮਕੀਆਂ ਦਿੱਤੀਆਂ ਜਾ ਰਹੀਆ ਹਨ, ਉਸਦਾ ਇਸ ਕਨਵੈਨਸ਼ਨ ਵਿਚ ਤਿੱਖਾ ਵਿਰੋਧ ਕੀਤਾ ਜਾਵੇਗਾ ਅਤੇ ਛੇਹਰਟਾ ਖੇਤਰ ਵਿਚ ਉਕਤ ਵਿਧਾਇਕ ਖਿਲਾਫ ਰੋਹ ਭਰਪੂਰ ਮਾਰਚ ਕਰਕੇ ਹਲਕੇ ਦੇ ਲੋਕਾਂ ਨੂੰ ਲਾਮਬੰਧ ਕੀਤਾ ਜਾਵੇਗਾ।

# ਸੀ.ਐਮ. ਦੀ ਯੋਗਸ਼ਾਲਾ ਦੇ ਤਹਿਤ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਧੂਮਧਾਮ ਨਾਲ ਮਨਾਇਆ ਜਾਵੇਗਾ

ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਫਲੈਗਸ਼ਿਪ ਸਿਹਤ ਯੋਜਨਾ "ਸੀ.ਐਮ. ਦੀ ਯੋਗਸ਼ਾਲਾ" ਤਹਿਤ 23 ਜੂਨ 2025 ਨੂੰ ਅੰਤਰਰਾਸ਼ਟਰੀ ਯੋਗ ਦਿਵਸ ਸੂਬੇ ਪੱਧਰ 'ਚ ਉਤਸ਼ਾਹਪੂਰਨ ਢੰਗ ਨਾਲ ਮਨਾਇਆ ਜਾਵੇਗਾ। ਜ਼ਿਲ੍ਹਾ ਪ੍ਰਸ਼ਾਸਨ ਅਤੇ ਡਾਇਰੈਕਟੋਰੇਟ ਆਫ਼ ਆਯੁਰਵੇਦ ਦੀ ਸਰਗਰਮ ਭੂਮਿਕਾ ਨਾਲ ਇਹ ਸਮਾਗਮ ਹੋਣ ਜਾ ਰਿਹਾ ਹੈ।

ਪਟਿਆਲਾ ਜ਼ਿਲ੍ਹੇ ਵਿੱਚ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਜ਼ਿਲ੍ਹੇ ਦੇ ਸਾਰੇ ਬਲਾਕਾਂ, ਪਾਰਕਾਂ ਅਤੇ ਸਕੂਲਾਂ ਵਿੱਚ ਯੋਗ ਕਲਾਸਾਂ ਦੀਆਂ ਪ੍ਰਦਰਸ਼ਨੀਆਂ ਅਤੇ ਜਨ-ਜਾਗਰੂਕਤਾ ਸਮਾਰੋਹ ਰੱਖੇ ਗਏ ਹਨ। ਇਹ ਪ੍ਰਗਟਾਵਾਂ ਜ਼ਿਲ੍ਹਾ ਕੋਆਰਡੀਨੇਟਰ ਸੀ.ਐਮ ਦੀ ਯੋਗਸ਼ਾਲਾ ਰਜਿੰਦਰ ਸਿੰਘ ਨੇ ਕੀਤਾ।

ਉਨ੍ਹਾਂ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ ਤਹਿਤ ਸੈਂਕੜੇ ਯੋਗ ਟਰੇਨਰ ਵੱਲੋਂ ਪਟਿਆਲਾ ਦੇ ਵੱਖ ਵੱਖ ਥਾਵਾਂ 'ਤੇ ਬਲਾਕ ਪੱਧਰ ਤੇ ਸਵੇਰੇ 6 ਵਜੇ ਸਮੂਹਕ ਯੋਗ ਸ਼ਿਵਿਰ ਆਯੋਜਿਤ ਕੀਤੇ ਜਾਣਗੇ, ਜਿਸ ਵਿੱਚ ਆਮ ਲੋਕ, ਵਿਦਿਆਰਥੀ, ਸਿਹਤ ਕਰਮਚਾਰੀ, ਆਂਗਣਵਾੜੀ ਵਰਕਰ ਤੇ ਸਮਾਜਿਕ ਸੰਸਥਾਵਾਂ ਭਾਗ ਲੈਣਗੀਆਂ।

"ਸੀ.ਐਮ. ਦੀ ਯੋਗਸ਼ਾਲਾ" ਯੋਜਨਾ ਤਹਿਤ ਪਹਿਲਾਂ ਤੋਂ ਹੀ ਪਟਿਆਲਾ ਸਮੇਤ ਸੂਬੇ ਦੇ ਹਜ਼ਾਰਾਂ ਲੋਕ ਟੋਲ-ਫ਼ਰੀ ਨੰਬਰ 7669400500 ਜਾਂ cmdiyogshala.punjab.gov.in 'ਤੇ ਰਜਿਸਟਰ ਕਰਕੇ ਮੁਫ਼ਤ ਯੋਗ ਕਲਾਸਾਂ ਦਾ ਲਾਭ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਮੁੱਖ ਸਮਾਗਮ 23 ਜੂਨ ਨੂੰ ਸਵੇਰੇ 6 ਵਜੇ ਥਾਪਰ ਯੂਨੀਵਰਸਿਟੀ, ਪਟਿਆਲਾ ਵਿਖੇ ਹੋਣ ਜਾ ਰਿਹਾ ਹੈ, ਜਿਸ ਵਿੱਚ ਯੋਗ ਪ੍ਰੇਮੀ, ਜ਼ਿਲ੍ਹਾ ਪ੍ਰਸ਼ਾਸਨ, ਯੋਗ ਅਧਿਆਪਕ, ਵਿਦਿਆਰਥੀ ਅਤੇ ਆਮ ਨਾਗਰਿਕ ਵੱਡੀ ਗਿਣਤੀ ਵਿੱਚ ਹਿੱਸਾ ਲੈਣਗੇ।

ਇਸ ਤੋਂ ਇਲਾਵਾ, ਸੀ.ਐਮ ਦੀ ਯੋਗਸ਼ਾਲਾ ਵੱਲੋਂ ਪਟਿਆਲਾ ਦੇ ਹਰ ਇਕ ਬਲਾਕ ਵਿੱਚ ਵੀ ਯੋਗ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਹ ਸਮਾਗਮ ਬੀ.ਡੀ.ਪੀ.ਓ. ਦਫ਼ਤਰਾਂ ਅਤੇ ਐਡਮਨਿਸਟ੍ਰੇਸ਼ਨ ਟੀਮਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ।

ਰਜਿੰਦਰ ਸਿੰਘ ਨੇ ਦੱਸਿਆ ਕਿ 23 ਜੂਨ ਨੂੰ ਥਾਪਰ ਯੂਨੀਵਰਸਿਟੀ ਸਮੇਤ ਸਮਾਣਾ ਵਿਖੇ ਅਗਰਵਾਲ ਗਊਸ਼ਾਲਾ ਪਾਰਕ, ਪਾਤੜਾਂ ਵਿਖੇ ਮਾਡਲ ਟਾਊਨ ਪਾਰਕ ਵਾਰਡ ਨੰਬਰ 6, ਨਾਭਾ ਦੇ ਅਗਰਸੈਨ ਪਾਰਕ, ਲਛਮਣ ਨਗਰ, ਸਨੌਰ ਵਿਖੇ ਸ਼ਹੀਦ ਊਧਮ ਸਿੰਘ ਪਾਰਕ, ਰਾਜਪੁਰਾ ਵਿਖੇ ਸ਼ਹੀਦ ਭਗਤ ਸਿੰਘ ਪਾਰਕ, ਘਨੌਰ ਵਿਖੇ ਆਤਮਰਾਜ ਜੈਨ ਸਕੂਲ, ਓਲਡ ਏਜ਼ ਹੋਮ ਸਮੇਤ ਭਾਦਸੋਂ, ਸ਼ੁਤਰਾਣਾ ਤੇ ਘੱਗਾ ਵਿਖੇ ਵੀ ਕੌਮਾਂਤਰੀ ਯੋਗ ਦਿਵਸ ਮੌਕੇ ਸਮਾਗਮ ਕਰਵਾਏ ਜਾਣਗੇ।

ਇਨ੍ਹਾਂ ਸਮਾਗਮਾਂ ਵਿੱਚ ਸੀ.ਐਮ ਦੀ ਯੋਗਸ਼ਾਲਾ ਦੇ ਮੈਂਬਰਾਂ ਦੇ ਨਾਲ-ਨਾਲ ਜ਼ਿਲ੍ਹਾ ਪਟਿਆਲਾ ਦੇ ਹਰੇਕ ਨਿਵਾਸੀ ਲਈ ਖੁੱਲ੍ਹਾਂ ਸੱਦਾ ਹੈ। ਜਿਹੜੇ ਵੀ ਲੋਕ ਸਿਹਤਮੰਦ ਜੀਵਨ ਵੱਲ ਵਧਣਾ ਚਾਹੁੰਦੇ ਹਨ, ਉਹ ਇਸ ਯੋਗ ਦਿਵਸ 'ਤੇ ਯੋਗ ਸੈਸ਼ਨਾਂ ਵਿੱਚ ਸ਼ਾਮਲ ਹੋ ਸਕਦੇ ਹਨ। ਸੀ.ਐਮ ਦੀ ਯੋਗਸ਼ਾਲਾ ਦਾ ਉਦੇਸ਼ ਸਿਰਫ਼ ਯੋਗ ਸਿਖਾਉਣਾ ਨਹੀਂ, ਬਲਕਿ ਹਰ ਨਾਗਰਿਕ ਨੂੰ ਤੰਦਰੁਸਤ ਪੰਜਾਬ ਬਣਾਉਣ ਲਈ ਪ੍ਰੇਰਿਤ ਕਰਨਾ ਹੈ।

# ਹਰਿਆਣਾ ਦੇ ਮੁੱਖ ਸਕੱਤਰ ਰਸਤੋਗੀ ਦੇ ਅਹੁਦੇ ਦੀ ਮਿਆਦ 'ਚ ਇੱਕ ਸਾਲ ਦਾ ਵਾਧਾ

ਚੰਡੀਗੜ੍ਹ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਨੇ ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ ਦੇ ਅਹੁਦੇ ਦੀ ਮਿਆਦ ਵਿਚ ਇੱਕ ਸਾਲ ਦੇ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਵਾਧਾ 1 ਜੁਲਾਈ, 2025 ਤੋਂ 30 ਜੂਨ, 2026 ਤੱਕ ਅਮਲ ਵਿਚ ਰਹੇਗਾ।

ਕੇਂਦਰ ਸਰਕਾਰ ਦੇ ਅਮਲਾ ਅਤੇ ਸਿਖਲਾਈ ਵਿਭਾਗ ਹਰਿਆਣਾ ਸਰਕਾਰ ਨੂੰ ਕੇਂਦਰ ਦੇ ਇਸ ਫੈਸਲੇ ਦੀ ਜਾਣਕਾਰੀ ਦਿੱਤੀ ਹੈ। ਨਾਇਬ ਸੈਣੀ ਸਰਕਾਰ ਨੇ 30 ਜੂਨ ਨੂੰ ਸੇਵਾਮੁਕਤ ਹੋ ਰਹੇ ਰਸਤੋਗੀ ਲਈ ਵਾਧਾ ਮੰਗਿਆ ਸੀ।

ਇਸ ਵਾਧੇ ਨੇ 1990 ਬੈਚ ਦੇ ਚਾਰ ਅਧਿਕਾਰੀਆਂ ਅਤੇ ਰਸਤੋਗੀ ਦੇ ਬੈਚਮੇਟ ਤੇ 1991 ਬੈਚ ਦੇ ਪੰਜ ਅਧਿਕਾਰੀਆਂ ਦੀਆਂ ਮੁੱਖ ਸਕੱਤਰ ਬਣਨ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ। ਗੌਰਤਲਬ ਹੈ ਕਿ 1990 ਬੈਚ ਦੇ ਅਧਿਕਾਰੀ - ਸੁਧੀਰ ਰਾਜਪਾਲ, ਸੁਮਿਤਾ ਮਿਸ਼ਰਾ, ਆਨੰਦ ਮੋਹਨ ਸ਼ਰਨ ਤੇ ਰਾਜਾ ਸ਼ੇਖਰ ਵੁੰਦਰੂ ਅਤੇ 1991 ਬੈਚ ਦੇ ਅਧਿਕਾਰੀ - ਵਿਨੀਤ ਗਰਗ, ਅਨਿਲ ਮਲਿਕ, ਜੀ ਅਨੁਪਮਾ, ਏਕੇ ਸਿੰਘ ਅਤੇ ਅਭਿਲਕਸ਼ ਲੇਖੀ ਇਸ ਅਹੁਦੇ ਲਈ ਦੌੜ ਵਿੱਚ ਸਨ।

# WhatsApp 'ਤੇ ਹੋਰ ਚੈਨਲ ਅਤੇ ਕਾਰੋਬਾਰ ਲੱਭਣ ਵਿੱਚ ਤੁਹਾਡੀ ਮਦਦ ਕਰਨਾ

ਚੰਡੀਗੜ੍ਹ/ਲੁਧਿਆਣਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-




ਅੱਜ ਅਸੀਂ ਆਪਣੇ ਅੱਪਡੇਟ ਟੈਬ ਲਈ ਕੁਝ ਨਵੀਆਂ ਵਿਸ਼ੇਸ਼ਤਾਵਾਂ ਪੇਸ਼ ਕਰ ਰਹੇ ਹਾਂ, ਜੋ ਕਿ ਚੈਨਲ ਅਤੇ ਸਥਿਤੀ ਦੋਵਾਂ ਦਾ ਘਰ ਹੈ। ਅਸੀਂ ਪਿਛਲੇ ਦੋ ਸਾਲਾਂ ਤੋਂ ਇਸ ਟੈਬ ਨੂੰ WhatsApp 'ਤੇ ਕੁਝ ਨਵਾਂ ਖੋਜਣ ਲਈ ਜਗ੍ਹਾ ਬਣਾਉਣ ਲਈ ਕੰਮ ਕੀਤਾ ਹੈ ਅਤੇ ਹੁਣ ਇਸਨੂੰ ਇੱਕ ਦਿਨ ਵਿੱਚ 1.5 ਬਿਲੀਅਨ ਲੋਕ ਵਰਤਦੇ ਹਨ। ਅਸੀਂ ਉਤਸ਼ਾਹ ਤੋਂ ਉਤਸ਼ਾਹਿਤ ਹਾਂ ਅਤੇ ਅਸੀਂ ਪ੍ਰਸ਼ਾਸਕਾਂ, ਸੰਗਠਨਾਂ ਅਤੇ ਕਾਰੋਬਾਰਾਂ ਨੂੰ WhatsApp 'ਤੇ ਵਧਣ ਵਿੱਚ ਮਦਦ ਕਰਨਾ ਚਾਹੁੰਦੇ ਹਾਂ। ਅਸੀਂ ਇਹ ਤਿੰਨ ਤਰੀਕਿਆਂ ਨਾਲ ਕਰਾਂਗੇ: ਚੈਨਲ ਸਬਸਕ੍ਰਿਪਸ਼ਨ: ਤੁਸੀਂ ਮਹੀਨਾਵਾਰ ਫੀਸ ਲਈ ਵਿਸ਼ੇਸ਼ ਅਪਡੇਟਸ ਪ੍ਰਾਪਤ ਕਰਨ ਲਈ ਸਬਸਕ੍ਰਾਈਬ ਕਰਕੇ ਆਪਣੇ ਮਨਪਸੰਦ ਚੈਨਲ ਦਾ ਸਮਰਥਨ ਕਰਨ ਦੇ ਯੋਗ ਹੋਵੋਗੇ। ਪ੍ਰਚਾਰਿਤ ਚੈਨਲ : ਅਸੀਂ ਤੁਹਾਨੂੰ ਨਵੇਂ ਚੈਨਲ ਖੋਜਣ ਵਿੱਚ ਮਦਦ ਕਰਾਂਗੇ ਜੋ ਤੁਹਾਡੇ ਲਈ ਦਿਲਚਸਪ ਹੋ ਸਕਦੇ ਹਨ ਜਦੋਂ ਤੁਸੀਂ ਡਾਇਰੈਕਟਰੀ ਨੂੰ ਦੇਖ ਰਹੇ ਹੋਵੋਗੇ। ਪਹਿਲੀ ਵਾਰ, ਪ੍ਰਸ਼ਾਸਕਾਂ ਕੋਲ ਆਪਣੇ ਚੈਨਲ ਦੀ ਦਿੱਖ ਵਧਾਉਣ ਦਾ ਇੱਕ ਤਰੀਕਾ ਹੈ।

ਸਥਿਤੀ ਵਿੱਚ ਇਸ਼ਤਿਹਾਰ: ਤੁਸੀਂ ਇੱਕ ਨਵਾਂ ਕਾਰੋਬਾਰ ਲੱਭ ਸਕੋਗੇ ਅਤੇ ਉਹਨਾਂ ਨਾਲ ਸਥਿਤੀ ਵਿੱਚ ਪ੍ਰਮੋਟ ਕੀਤੇ ਜਾ ਰਹੇ ਉਤਪਾਦ ਜਾਂ ਸੇਵਾ ਬਾਰੇ ਆਸਾਨੀ ਨਾਲ ਗੱਲਬਾਤ ਸ਼ੁਰੂ ਕਰ ਸਕੋਗੇ। ਇਹ ਨਵੇਂ ਫੀਚਰ ਸਿਰਫ਼ ਅੱਪਡੇਟ ਟੈਬ 'ਤੇ ਦਿਖਾਈ ਦੇਣਗੇ, ਤੁਹਾਡੀਆਂ ਨਿੱਜੀ ਚੈਟਾਂ ਤੋਂ ਦੂਰ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਸਿਰਫ਼ ਦੋਸਤਾਂ ਅਤੇ ਅਜ਼ੀਜ਼ਾਂ ਨਾਲ ਗੱਲਬਾਤ ਕਰਨ ਲਈ WhatsApp ਦੀ ਵਰਤੋਂ ਕਰਦੇ ਹੋ ਤਾਂ ਤੁਹਾਡੇ ਅਨੁਭਵ ਵਿੱਚ ਕੋਈ ਬਦਲਾਅ ਨਹੀਂ ਆਵੇਗਾ। ਗੋਪਨੀਯਤਾ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਗਏ ਇਸ਼ਤਿਹਾਰ, WhatsApp 'ਤੇ ਅਸੀਂ ਜੋ ਵੀ ਕਰਦੇ ਹਾਂ, ਉਸ ਵਾਂਗ ਅਸੀਂ ਇਹਨਾਂ ਵਿਸ਼ੇਸ਼ਤਾਵਾਂ ਨੂੰ ਸਭ ਤੋਂ ਵੱਧ ਨਿੱਜੀ ਤਰੀਕੇ ਨਾਲ ਬਣਾਇਆ ਹੈ। ਤੁਹਾਡੇ ਨਿੱਜੀ ਸੁਨੇਹੇ, ਕਾਲਾਂ ਅਤੇ ਸਟੇਟਸ ਐਂਡ-ਟੂ-ਐਂਡ ਇਨਕ੍ਰਿਪਟਡ ਰਹਿੰਦੇ ਹਨ, ਮਤਲਬ ਕਿ ਕੋਈ ਵੀ (ਅਸੀਂ ਵੀ ਨਹੀਂ) ਉਹਨਾਂ ਨੂੰ ਦੇਖ ਜਾਂ ਸੁਣ ਨਹੀਂ ਸਕਦਾ।

# ਕੈਸ਼ਲੈਸ ਟ੍ਰੀਟਮੈਂਟ ਆਫ ਰੋਡ ਐਕਸੀਡੈਂਟ ਵਿਕਟਮ ਸਕੀਮ 2025 ਤਹਿਤ ਡੇਢ ਲੱਖ ਤੱਕ ਦੇ ਇਲਾਜ ਦੀ ਸਹੂਲਤ: ਡਿਪਟੀ ਕਮਿਸ਼ਨਰ

ਬਰਨਾਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਆਈ ਏ ਐੱਸ ਨੇ ਦੱਸਿਆ ਕਿ ਕੈਸ਼ਲੈਸ ਟ੍ਰੀਟਮੈਂਟ ਆਫ ਰੋਡ ਐਕਸੀਡੈਂਟ ਵਿਕਟਮ ਸਕੀਮ 2025 ਤਹਿਤ ਆਮ ਲੋਕਾਂ ਦੀ ਸਹੂਲਤ ਲਈ ਗਰੀਵੀਐਂਸ ਰਿਡਰੈਸਲ ਅਫ਼ਸਰ ਕੀਤੇ ਨਿਯੁਕਤ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਸੜਕ ਹਾਦਸੇ ਦੇ ਸ਼ਿਕਾਰ ਵਿਅਕਤੀ ਨੂੰ ਹਾਦਸੇ ਦੇ ਪਹਿਲੇ 7 ਦਿਨਾਂ ਦੌਰਾਨ ਡੇਢ ਲੱਖ ਰੁਪਏ ਤੱਕ ਦੇ ਕੈਸ਼ਲੈਸ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ।

ਇਸ ਸਕੀਮ ਤਹਿਤ ਦੇਸ਼ ਭਰ ਵਿਚ 30 ਹਜ਼ਾਰ ਦੇ ਕਰੀਬ ਸੂਚੀਬੱਧ ਹਸਪਤਾਲ ਹਨ ਜਿੱਥੇ ਸਕੀਮ ਤਹਿਤ ਮਰੀਜ਼ ਦਾ ਇਲਾਜ ਕਰਾਇਆ ਜਾ ਸਕਦਾ ਹੈ। ਓਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ÷ਗੋਲਡਨ ਆਵਰ÷ ਵਿਚ ਮਰੀਜ਼ ਨੂੰ ਮੈਡੀਕਲ ਸਹੂਲਤ ਮਿਲ ਜਾਂਦੀ ਹੈ ਅਤੇ ਪਰਿਵਾਰ ਦਾ ਵਿੱਤੀ ਬੋਝ ਘਟ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ 3 ਅਫ਼ਸਰਾਂ ਨੂੰ ਜ਼ਿਲ੍ਹਾ ਬਰਨਾਲਾ ਲਈ ਗਰੀਵੀਐਂਸ ਰਿਡਰੈਸਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਵਿਚ ਰੀਜਨਲ ਟਰਾਂਸਪੋਰਟ ਅਫ਼ਸਰ ਬਰਨਾਲਾ ਸ. ਹਰਪ੍ਰੀਤ ਸਿੰਘ ਅਟਵਾਲ ਪੀਸੀਐੱਸ, ਡੀ ਐੱਸ ਪੀ (ਐਚ) ਬਰਨਾਲਾ ਸ. ਪਰਮਜੀਤ ਸਿੰਘ ਡੋਡ ਅਤੇ ਸਿਵਲ ਸਰਜਨ ਬਰਨਾਲਾ ਸ. ਬਲਜੀਤ ਸਿੰਘ ਸ਼ਾਮਲ ਹਨ।

ਰੀਜਨਲ ਟਰਾਂਸਪੋਰਟ ਅਫ਼ਸਰ ਬਰਨਾਲਾ ਦੀ ਈਮੇਲ ਆਈਡੀ rto.transport.bnl@punjab.gov.in, ਡੀ ਐੱਸ ਪੀ (ਐਚ) ਬਰਨਾਲਾ ਦੀ ਈਮੇਲ ਆਈ ਡੀ dsphbarnala@gmail.com ਅਤੇ ਸਿਵਲ ਸਰਜਨ ਬਰਨਾਲਾ ਦੀ ਈਮੇਲ ਆਈਡੀ nrhmblaA@gmail.com ਹੈ। ਓਨ੍ਹਾਂ ਦੱਸਿਆ ਕਿ ਉਕਤ ਅਫ਼ਸਰਾਂ ਨੂੰ ਇਸ ਸਕੀਮ ਤਹਿਤ ਸ਼ਿਕਾਇਤ ਨਿਵਾਰਨ ਅਫ਼ਸਰ ਨਿਯੁਕਤ ਕੀਤਾ ਗਿਆ ਹੈ ਤਾਂ ਜੋ ਯੋਗ ਲੋਕਾਂ ਨੂੰ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।

# ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੀ ਕਮੇਟੀ ਵੱਲੋਂ ਪਰਮਿੰਦਰ ਸਿੰਘ ਕੰਬੋਜ਼ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ



ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੀ ਕਮੇਟੀ ਚੋਣ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸ੍ਰੀ ਰਾਜੇਸ਼ ਕੁਮਾਰ (ਗੋਲੂ) ਦੀ ਅਗਵਾਈ ਹੇਠ ਹੋਈ। ਇਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸਾਥੀ ਦਰਸ਼ਨ ਸਿੰਘ ਲੁਬਾਣਾ ਵਲੋਂ ਕੀਤੀ ਗਈ। ਇਸ ਚੋਣ ਇਕੱਤਰਤਾ ਵਿੱਚ ਮੈਡੀਕਲ ਕਾਲਜ ਦੇ ਸਮੁੱਚੇ ਕੱਚੇ ਅਤੇ ਪੱਕੇ ਦਰਜਾ ਚਾਰ ਕਰਮਚਾਰੀ ਸ਼ਾਮਲ ਹੋਏ। ਜਿਸ ਵਿੱਚ ਸ੍ਰੀ ਪਰਮਿੰਦਰ ਸਿੰਘ ਕੰਬੋਜ਼ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਇਹਨਾਂ ਦੇ ਵਿਰੋਧ ਵਿੱਚ ਕੋਈ ਵੀ ਉਮੀਦਵਾਰ ਨਹੀਂ ਆਇਆ। ਇਕੱਤਰਤਾ ਨੇ ਚੁਣੇ ਪ੍ਰਧਾਨ ਸ੍ਰੀ ਪਰਮਿੰਦਰ ਸਿੰਘ ਨੂੰ ਅਧਿਕਾਰ ਦਿੱਤੇ ਕਿ ਉਹ ਆਪਣੀ ਅਗਲੀ ਵਰਕਿੰਗ ਕਮੇਟੀ ਜਿਲਾ ਆਗੂਆਂ ਨਾਲ ਤਾਲਮੇਲ ਕਰਕੇ ਬਣਾਉਣਗੇ। ਜਿਸ ਦੀ ਮਾਨਤਾ ਜਿਲਾ ਕਮੇਟੀ ਵਲੋਂ ਜਾਰੀ ਕੀਤੀ ਜਾਵੇਗੀ।

ਇਸ ਮੌਕੇ ਤੇ ਆਗੂ ਸ਼ਾਮਲ ਸਨ ਜਿਸ ਵਿੱਚ ਚੇਅਰਮੈਨ ਰਾਜਿੰਦਰ ਸਿੰਘ, ਸਾਬਕਾ ਪ੍ਰਧਾਨ ਅਰੁਣ ਕੁਮਾਰ, ਕੈਸ਼ੀਅਰ ਕਮਲ ਕਾਂਤ, ਸੁਖਦੇਵ ਸਿੰਘ, ਸੰਜੇ ਕੁਮਾਰ, ਮਨੋਜ਼ ਕੁਮਾਰ, ਆਦਿ ਸ਼ਾਮਲ ਸਨ। ਵਿਕਰਮ ਸਿੰਘ, ਮਾਨ ਲਾਲ ਸਲਾਹਕਾਰ, ਕ੍ਰਿਸ਼ਨ ਕੁਮਾਰ, ਸ੍ਰੀਮਤੀ ਕਮਲਜੀਤ ਕੌਰ, ਅਨੀਲ ਕੁਮਾਰ (ਗੋਲੂ), ਸਕੱਤਰ ਦੇਸ਼ ਰਾਜ, ਮੀਤ ਪ੍ਰਧਾਨ ਅਜੇ ਕੁਮਾਰ ਸਿੱਪਾ ਆਦਿ ਹਾਜਰ ਸਨ।

# 11ਵਾਂ ਅੰਤਰਾਸਟਰੀ ਯੋਗ ਦਿਵਸ ਨਹਿਰੂ ਪਾਰਕ ਵਿੱਚ ਮਨਾਇਆ ਜਾਵੇਗਾ



ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵਲੋ 11ਵਾਂ ਅੰਤਰਰਾਸਟਰੀ ਯੋਗ ਦਿਵਸ ਨਹਿਰੂ ਪਾਰਕ ਵਿੱਚ ਮਨਾਇਆ ਜਾਵੇਗਾ। ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਨੇ ਜਾਣਕਾਰੀ ਸਾਝੀਂ ਕੀਤੀ ਉਹਨਾ ਦੱਸਿਆ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪਟਿਆਲਾ ਦੇ ਮੇਅਰ ਸ੍ਰੀ ਕੁੰਦਨ ਗੋਗੀਆ ਹੋਣਗੇ।ਡਾ ਨਵਿੰਦਰ ਸਿੰਘ ਹੈਲਥ ਅਫਸਰ,ਸੰਜੀਵ ਜੀ ਵੀ ਇਸ ਵਿੱਚ ਭਾਗ ਲੈਣਗੇ। ਬਿੱਲੂ ਸਿੰਘ ਸੁਪਰ ਬਾਈਜਾਟ,ਸਤਨਾਮ ਸਿੰਘ, ਕੁਲਬੀਰ ਸਿਘ,ਮਨੀ ਸਿੰਘ,ਮੌਨਾ ਸਿੰਘ ਨੇ ਕਲ ਦੇ ਪ੍ਰੋਗਰਾਮ ਲੱਈ ਪਾਰਕ ਦੀ ਸਫਾਈ ਕੀਤੀ।ਉਪਕਾਰ ਸਿੰਘ ਨੇ ਆਮ ਪਬਲਿਕ ਨੂੰ ਖੁੱਲਾ ਸੱਦਾ ਦਿਤਾ ਹੈ ਕੀ ਵੱਧ ਤੋ ਵੱਧ ਲੋਕ ਇਸ ਯੋਗ ਦਿਵਸ ਵਿੱਚ ਸਾਮਿਲ ਹੋਣਾ ਚਾਹੀਦਾ ਹੈ।

# ਸੀੜਾ ਦੀ ਅਗਵਾਈ ਵਿੱਚ ਆਪ ਘੱਟ ਗਿਣਤੀ ਦੇ ਜਿਲਾ ਸੰਯੁਕਤ ਸਕੱਤਰ ਜ਼ੋਨ ਮਸੀਹ ਨੂੰ ਸੁਖਬੀਰ ਬਾਦਲ ਨੇ ਕੀਤਾ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ



ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਪ੍ਰੋ. ਸੁਮੇਰ ਸਿੰਘ ਸੀੜਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਘੱਟ ਗਿਣਤੀ ਵਿੰਗ ਦੇ ਜਿਲਾ ਸੰਯੁਕਤ ਸਕੱਤਰ ਜ਼ੋਨ ਮਸੀਹ ਮੌਜੂਦਾ ਆਪ ਸਰਕਾਰ ਦੀਆਂ ਨੀਤੀਆਂ ਤੋਂ ਨਾਰਾਜ ਚਲਦਿਆਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਜਿਨ੍ਹਾਂ ਦਾ ਪਾਰਟੀ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਵਾਗਤ ਕਰਦਿਆਂ ਕਿਹਾ ਕਿ ਬਹੁ ਗਿਣਤੀ ਲੋਕ ਦਿਨ ਪ੍ਰਤੀਦਿਨ ਅਕਾਲੀ ਦਲ ਨਾਲ ਜੁੜ ਰਹੇ ਹਨ। ਜਿਸ ਨਾਲ ਪਾਰਟੀ ਮਜਬੂਤੀ ਵਲ ਅੱਗੇ ਵੱਧ ਰਹੀ ਹੈ, ਜ਼ੋ ਕਿ ਪੰਜਾਬ ਦੇ ਹਾਲਾਤਾਂ ਨੂੰ ਵੇਖਦਿਆਂ ਅੱਜ ਦੇ ਸਮੇਂ ਦੀ ਮੁੱਖ ਲੋੜ ਵੀ ਹੈ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਕਰ ਸਕਦੀ ਹੈ। ਇਸ ਦੌਰਾਨ ਅਕਾਲੀ ਦਲ ਦਾ ਪੱਲਾ ਫੜਨ ਵਾਲੇ ਜ਼ੋਨ ਮਸੀਹ ਨੇ ਦੱਸਿਆ ਕਿ ਉਹਨਾਂ ਨੇ 6 ਸਾਲ ਆਮ ਆਦਮੀ ਪਾਰਟੀ ਦੀ ਇਮਾਨਦਾਰੀ ਤਨਦੇਹੀ ਨਾਲ ਸੇਵਾ ਕੀਤੀ ਪਰ ਉਹਨਾਂ ਵੇਖਿਆ ਕਿ ਆਪ ਸਰਕਾਰ ਦੀ ਕਥਨੀ ਅਤੇ ਕਰਨੀ ਵਿੱਚ ਜਮੀਨ ਆਸਮਾਨ ਦਾ ਅੰਤਰ ਹੈ। ਜੇਕਰ ਘੱਟ ਗਿਣਤੀ ਭਾਈਚਾਰੇ ਦੀ ਗਲ ਕਰੀਏ ਤਾਂ ਪਟਿਆਲਾ ਦਾ ਇਸਾਈ ਭਾਈਚਾਰਾ ਕਬਰਸਤਾਨ ਲਈ ਜਮੀਨ ਦੀ ਸਮੱਸਿਆ ਨਾਲ ਬੀਤੇ ਲੰਮੇ ਸਮੇਂ ਤੋਂ ਜੂਝਦਾ ਆ ਰਿਹਾ ਹੈ।

ਜਿਹੜੇ ਕਿ ਕਬਰਸਤਾਨ ਲਈ ਜਮੀਨ ਅਤੇ ਕੰਮਿਊਨਿਟੀ ਸੈਂਟਰ ਦੀ ਅਨੇਕਾਂ ਵਾਰ ਮੰਗ ਕਰ ਚੁੱਕਿਆ ਹੈ ਪਰ ਇਨ੍ਹਾਂ ਦੀ ਅੱਜ ਤੱਕ ਕੋਈ ਸੁਣਵਾਈ ਨਹੀਂ ਹੋਈ। ਇਸ ਮੌਕੇ ਪਟਿਆਲਾ ਲੋਕ ਸਭਾ ਇੰਚਾਰਜ ਐਨ.ਕੇ. ਸ਼ਰਮਾ, ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ, ਪਰਉਪਕਾਰ ਸਿੰਘ ਘੁੰਮਣ, ਪ੍ਰੀਤੀ ਮਲਹੋਤਰਾ, ਰਾਜੂ ਖੰਨਾ ਅਤੇ ਰਾਜੂ ਪਹਿਲਵਾਨ ਆਦਿ ਹਾਜਰ ਸਨ।

ਮਿੰਨੀ ਕਹਾਣੀ



## ਸਿਸਟਮ

ਸਟਾਫ਼ ਟੇਬਲ 'ਤੇ ਬੈਠਿਆਂ ਬੜੀ ਗਰਮ-ਜੋਸ਼ੀ ਨਾਲ ਬਹਿਸ ਹੋ ਰਹੀ ਸੀ, ਹਰ ਕੋਈ ਸਿਸਟਮ ਤੋਂ ਅੱਕਿਆ ਲੱਗਦਾ ਸੀ, ਦਫ਼ਤਰਾਂ ਵਿਚ ਸਮੇਂ ਸਿਰ ਕੰਮ ਨਾ ਹੋਣ ਨੂੰ ਪਾਣੀ ਪੀ-ਪੀ ਕੋਸ ਰਹੇ ਸੀ ਤੇ ਬਿੰਦੇ-ਝੱਟੇ ਟਾਇਮਪੀਸ ਦੀਆਂ ਸੂਈਆਂ ਵੱਲ ਦੇਖ ਲੈਂਦੇ ਜਿਵੇਂ ਲੰਚ ਟਾਇਮ ਦਾ ਇੰਤਜ਼ਾਰ ਕਰ ਰਹੇ ਹੋਣ। ਫਾਇਲਾਂ ਦੇ ਢੇਰ ਵਿਚ ਅੰਦਰ ਬੈਠੇ ਕਲਰਕ ਤੋਂ ਰਿਹਾ ਨਾ ਗਿਆ ਤੇ ਉਹ ਅੰਦਰੋਂ ਹੀ ਬੋਲ ਪਿਆ 'ਤੁਸੀਂ ਆਪਣੀ ਨੌਕਰੀ ਨਾਲ ਨਿਆਂ ਕਰੋ, ਸਿਸਟਮ ਆਪੀ ਸੁਧਰ ਜੂ।"

• ਗੋਬਿੰਦਰ ਸਿੰਘ ਢੀਂਡਸਾ

## ਨੈਤਿਕ ਸਿੱਖਿਆ

• ਚਮਨਦੀਪ ਸ਼ਰਮਾ, 95010 33005

ਕੇਵਲ ਸਿੰਘ ਨੇ ਆਪਣਾ ਬਟੂਆ ਗੁਆਂਚਣ ਦੀ ਸੂਚਨਾ ਪੁਲਿਸ ਸ਼ਟੇਸਨ ਦੇਣ ਤੋਂ ਇਲਾਵਾ ਸੋਸ਼ਲ ਸਾਈਟਸ ਉੱਪਰ ਵੀ ਸ਼ੇਅਰ ਕਰ ਦਿੱਤੀ ਸੀ। ਉਸ ਦੇ ਪਰਸ ਵਿਚ ਵੀਹ ਹਜ਼ਾਰ ਰੁਪਏ, ਪੈਂਨ ਕਾਰਡ, ਲਾਇਸੈਂਸ, ਵੋਟ ਕਾਰਡ, ਆਧਾਰ ਕਾਰਡ ਆਦਿ ਅਹਿਮ ਦਸਤਾਵੇਜ਼ ਸਨ। ਇਕ ਦਿਨ ਉਸ ਨੂੰ ਆਪਣੇ ਪਰਸ ਦੀ ਨਿਸ਼ਾਨੀ ਦੱਸ ਕੇ ਪ੍ਰਾਪਤ ਕਰਨ ਦਾ ਫ਼ੋਨ ਆਇਆ। ਅਸੀਂ ਦੋਵੇਂ ਖ਼ੁਸ਼ੀ-ਖ਼ੁਸ਼ੀ ਚੱਲ ਪਏ।

ਪਰਸ ਵਿਚ ਵੀਹ ਹਜ਼ਾਰ ਰੁਪਏ ਨੂੰ ਛੱਡ ਕੇ ਬਾਕੀ ਸਾਰਾ ਕੁਝ ਮੌਜੂਦ ਸੀ। ਮੈਂ ਕੇਵਲ ਨੂੰ ਕਿਹਾ 'ਦੇਖ ਲੈ ਵੀਰ ਦੁਨੀਆਂ ਦਾ ਹਾਲ, ਇਕ ਰੁਪਇਆ ਨਹੀਂ ਛੱਡਿਆ। ਨੈਤਿਕ ਕਦਰਾਂ ਕੀਮਤਾਂ ਦਾ ਤਾਂ ਨਾਮੋ-ਨਿਸ਼ਾਨ ਹੀ ਖ਼ਤਮ ਹੁੰਦਾ ਜਾ ਰਿਹੈ।' ਕੇਵਲ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ 'ਜਿਸ ਮੁਲਕ ਵਿਚ ਵਿਹਲੜ ਗ਼ਰੀਬ ਜਨਤਾ ਦੀ ਭਰਮਾਰ ਹੋਵੇ। ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਮਿਲਣ ਦੀ ਆਸ ਨਾ ਹੋਵੇ। ਪੜ੍ਹੇ ਲਿਖੇ ਨੌਜਵਾਨ ਠੋਕਰਾਂ ਖਾ ਰਹੇ ਹੋਣ। ਜਨਤਾ ਮਾੜੀ ਰਾਜਨੀਤੀ ਦੀ ਸ਼ਿਕਾਰ ਹੋਵੇ, ਉਸ ਮੁਲਕ ਵਿਚ ਤੂੰ ਕਿਹੜੀ ਨੈਤਿਕ ਸਿੱਖਿਆ ਭਾਲਦੈ? ਉਸ ਦੀਆਂ ਗੱਲਾਂ ਨੇ ਮੇਰੀ ਸੋਚ ਨੂੰ ਬਦਲ ਦਿੱਤਾ। ਹੁਣ ਮੈਨੂੰ ਮਹਿਸੂਸ ਹੋਣ ਲੱਗਾ ਕਿ ਜਿਵੇਂ ਮੈਂ ਕੇਵਲ ਨੂੰ ਕੋਈ ਗ਼ਲਤ ਗੱਲ ਕਹਿ ਬੈਠਾ ਹੋਵਾਂ। ਉਸ ਵੱਲੋਂ ਦੱਸੇ ਗਏ ਹਾਲਾਤ ਮੁਤਾਬਿਕ ਤਾਂ ਮੈਨੂੰ ਬਟੂਏ ਦਾ ਉਸ ਤਕ ਪਹੁੰਚ ਜਾਣਾ ਹੀ ਬਹੁਤ ਵੱਡੀ ਗੱਲ ਜਾਪ ਰਿਹਾ ਸੀ, ਭਾਵੇਂ ਕਿ ਉਸ ਵਿਚ ਰੁਪਏ ਨਹੀਂ ਵੀ ਸੀ। •



ਗ਼ਜ਼ਲਾਂ



ਗੁਰਦੀਪ ਭਾਟੀਆ
94648-89046

ਜੇ ਸੁੱਚੀ ਸੋਚ, ਸੱਚੀ ਸਾਂਝ ਸਾਡੇ ਨਾਲ ਹੈ ਪਿਆਰੇ।
ਬੜੀ ਕਿਰਪਾ ਹੈ, ਸਾਡੀ ਪਹੁੰਚ 'ਮਾਲਾ ਮਾਲ' ਹੈ ਪਿਆਰੇ।

ਬਿਨਾਂ ਰੂਹ ਤੋਂ ਨ ਹੁੰਦੀਆਂ ਰੂਹ ਦੀਆਂ ਗੱਲਾਂ, ਕਿਸੇ ਹੀਲੇ,
ਬਿਨਾਂ ਰੂਹ, ਸੋਹਣਾ ਪਿੰਡਾ ਵੀ, ਨਿਰਾ 'ਕੰਕਾਲ' ਹੈ ਪਿਆਰੇ।

ਸ਼ਿਕਾਰੀ ਜਾਲ ਸੁੱਟ ਕੇ ਜਿਸ ਤਰ੍ਹਾਂ ਚੋਗਾ ਖਿੰਡਾਉਂਦਾ ਹੈ,
ਇਵੇਂ ਹੀ ਤਖ਼ਤ, ਹਰ ਤਖ਼ਤੇ ਦਾ 'ਮਾਇਆ ਜਾਲ' ਹੈ ਪਿਆਰੇ।

ਖ਼ੁਸ਼ੀ ਗੁਮਰਾਹ ਕਰਦੀ ਹੈ, ਇਹ ਸਮਝਣ ਹੀ ਨਹੀਂ ਦੇਂਦੀ,
ਕਿ ਜਿਸ ਨੂੰ ਗ਼ਮ ਨਹੀਂ ਕੋਈ, ਜਮ੍ਹਾਂ ਕੰਗਾਲ ਹੈ ਪਿਆਰੇ।

ਜ਼ਮਾਨੇ ਭਰ ਦੇ ਸਾਰੇ ਵਹਿਣ, ਵਹਿੰਦੇ ਹਨ ਉਧਰ ਨੂੰ ਹੀ,
ਜਿਧਰ ਨੂੰ ਵੀ ਧਰਾਤਲ ਤੋਂ, ਰਤਾ ਕੁ ਢਾਲ ਹੈ ਪਿਆਰੇ।

ਕਦੀ ਪੱਥਰ ਵੀ ਟੁੱਟ ਸਕਦਾ ਏ ਸ਼ੀਸ਼ੇ ਵਾਂਗ, ਸੱਚ ਜਾਣੀ,
ਕਦੀ ਸ਼ੀਸ਼ੇ 'ਚ ਵੀ ਪੱਥਰ ਦੀ ਹੁੰਦੀ 'ਖ਼ਸਲ' ਹੈ ਪਿਆਰੇ।

ਅਕੀਦੇ ਬਿਨ ਨਹੀਂ ਮਿਲਦੀ ਕਿਸੇ ਨੂੰ ਵੀ ਕੋਈ ਮੰਜ਼ਿਲ,
ਅਕੀਦਾ, ਰੂਹ ਤੇ ਪਿੰਡੇ ਵਾਂਗ ਮੇਰੇ ਨਾਲ ਹੈ ਪਿਆਰੇ।

ਨਜ਼ਰ ਮਿਲਦੇ ਹੀ ਜੇਕਰ ਪਹੁੰਚ ਹੋ ਜਾਵੇ ਕਿਸੇ ਦਿਲ ਤਕ,
ਤਾਂ ਸੋਚੀਂ, ਇਸ ਤੋਂ ਵੱਡੀ ਹੋਰ ਕਿਹੜੀ ਛਾਲ ਹੈ ਪਿਆਰੇ।

ਤੂੰ ਹਰ ਚਿਹਰੇ 'ਚੋਂ ਸ਼ੀਸ਼ਾ ਲੱਭਦਾ ਏਂ 'ਦੀਪ', ਕਿਉਂ ਅੱਜ ਕੱਲ੍ਹ?
ਬੁਰਾ ਕੀ ਹੈ, ਜੇ ਅਪਨੇ ਆਪ ਦੀ ਪੜਤਾਲ ਹੈ ਪਿਆਰੇ।



ਡਾ. ਭੁਪਿੰਦਰ ਸਿੰਘ ਫੇਰੂਮਾਨ
95309-58070

ਜੇ ਮਿਲਣਾ ਮਿਲ ਕਾਨ੍ਹੇ ਵਾਲੀ
ਵੰਜਲੀ ਬਣ ਕੇ।
ਏਦਾਂ ਨਾ ਮਿਲ ਭਾਦੋਂ ਵਾਲੀ
ਬੱਦਲੀ ਬਣ ਕੇ।

ਮੈਂ ਪੱਤਝੜ ਹਾਂ, ਜਾਣਦੀ ਹਾਂ,
ਕੀ ਮੇਰੀ ਕੁੱਖੇ,
ਛੇਤੀ ਮੁੜਨਾ ਵੇਖੀ ਮੈਂ
ਰੁੱਤ ਰੰਗਲੀ ਬਣ ਕੇ।

ਠਹਿਰ ਮੈਂ ਆਪਣਾ ਢਾਰਾ
ਜ਼ਰਾ ਸਵਾਰ ਲਵਾਂ,
ਖ਼ਬਰ ਮਿਲੀ ਤੂੰ ਡਿੱਗਣਾ ਹੈ
ਅੱਜ ਬਿਜਲੀ ਬਣ ਕੇ।

ਜੇ ਸੁੱਟਣਾ ਤਾਂ ਸੁੱਟ ਦੇ ਮੈਨੂੰ
ਕੁੱਖ 'ਚੋਂ ਮਾਏਂ,
ਤੇਰੇ ਬਾਗ਼ੀਂ ਪਰਤਾਂਗੀ ਮੈਂ
ਤਿਤਲੀ ਬਣ ਕੇ।

ਵੋਟਾਂ ਖੋਹ ਕੇ ਜਿੱਤੀ ਮੱਖੀ
ਤਖ਼ਤ ਬਿਰਾਜੀ,
ਲਹੂ ਡਕਾਰੇ ਮਾਸਾਹਾਰੀ
ਕਿਰਲੀ ਬਣ ਕੇ।

'ਫੇਰੂਮਾਨਾ' ਰੁਕੀਆਂ ਨਬਜ਼ਾਂ
ਚੱਲ ਪਈਆਂ,
ਵਿਛੜੇ ਯਾਰ ਮਿਲੇ ਜਦ
ਪੌਣਾਂ ਸੰਦਲੀ ਬਣ ਕੇ।



ਡਾ. ਬਲਰਾਜ ਸਿੰਘ ਜੱਖੂ
98150-65177

ਬਹੁਤੇ ਲੋਕ ਹੈਵਾਨ ਬਣੇ ਨੇ।
ਕੋਈ ਕੋਈ ਇਨਸਾਨ ਬਣੇ ਨੇ।

ਧਰਮਾਂ ਦੇ ਨਾਂ ਕਤਲੋ-ਗਾਰਦ,
ਕਿਹੋ-ਜਿਹੇ ਭਗਵਾਨ ਬਣੇ ਨੇ।

ਉੱਪਰੋਂ ਚਿੱਟੇ ਅੰਦਰੋਂ ਕਾਲੇ,
ਅਸਲੀ ਰੂਪ ਸ਼ੈਤਾਨ ਬਣੇ ਨੇ।

ਪਿਆਰ ਦੋਸਤੀ ਉੱਤੋਂ-ਉੱਤੋਂ,
ਅੰਦਰੋਂ ਬਾਈਮਾਨ ਬਣੇ ਨੇ।

ਧਰਮਾਂ ਦਾ ਸਤਿਕਾਰ ਕਰੋ ਸਭ,
ਲੀਡਰਾਂ ਦੇ ਐਲਾਨ ਬਣੇ ਨੇ।

ਨਫ਼ਰਤ, ਸਾੜਾ, ਧੋਖੇਬਾਜ਼ੀ,
ਇਨ੍ਹਾਂ ਦੇ ਐਲਾਨ ਬਣੇ ਨੇ।

ਪੂਜਾ ਵੀ ਪ੍ਰਦਰਸ਼ਨ ਬਣਗੀ,
ਮਸਜਿਦ, ਮੰਦਰ ਦੁਕਾਨ ਬਣੇ ਨੇ।

ਵਗਦੀ ਗੰਗਾ ਹੱਥ ਸਭ ਧੋਂਦੇ
ਗਿਆਨ ਵਿਹੂਣੇ ਕਾਨੂੰਨ ਬਣੇ ਨੇ।

ਖੰਭ ਸੱਚ ਦੇ ਜਾਣ ਮਧੋਲੇ,
ਝੂਠ ਦੇ ਹੀ ਬਲਵਾਨ ਬਣੇ ਨੇ।

ਮੋਢਾ ਗ਼ੈਰ ਦਾ ਗੋਲੀ ਆਪਣੀ,
ਕੈਸੇ ਸ਼ਕਤੀਮਾਨ ਬਣੇ ਨੇ।

ਛੇਕੇ ਹੋਏ ਸਮਾਜ ਵਿੱਚੋਂ ਜੋ,
ਅਖੌਤੀ ਉਹ ਪ੍ਰਧਾਨ ਬਣੇ ਨੇ।

'ਜੱਖੂ' ਕਰਦਾ ਦਾਨ ਬਥੇਰਾ,
ਪਰ ਕਾਲੇ ਧਨ ਦਾਨ ਬਣੇ ਨੇ।



ਰੋਜ਼ੀ ਸਿੰਘ
99889-64633

ਮੌਸਮ, ਧੁੱਪ, ਹਵਾਵਾਂ ਤੇਰੇ ਕਰਕੇ ਨੇ।
ਬਾਰਸ਼, ਸ਼ੋਖ ਘਟਾਵਾਂ ਤੇਰੇ ਕਰਕੇ ਨੇ।

ਤੇਰੇ ਕਰਕੇ ਅੰਬਰ ਸੋਹਣਾ-ਸੋਹਣਾ ਹੈ,
ਖ਼ੁਸ਼ਬੂ, ਮਸਤ ਫ਼ਜ਼ਾਵਾਂ ਤੇਰੇ ਕਰਕੇ ਨੇ।

ਕੁਦਰਤ ਤੇਰਾ ਰੂਪ ਵਟਾ ਕੇ ਬੈਠੀ ਏ,
ਰੁੱਖ, ਪੱਤੇ, ਫੁੱਲ, ਛਾਵਾਂ ਤੇਰੇ ਕਰਕੇ ਨੇ।

ਮੇਰੇ ਅੰਦਰ ਤੇਰੀ ਹੀ ਲੋਅ ਵੱਸਦੀ ਏ,
ਮਹਿਕਦੀਆਂ ਸੁਆਵਾਂ ਤੇਰੇ ਕਰਕੇ ਨੇ।

ਤੇਰੇ ਬਾਜੋਂ ਦਿਲ ਦਾ ਵਿਹੜਾ ਸੁੰਨਾ ਹੈ,
ਸੋਗੀ-ਸੋਗੀ ਰਾਹਵਾਂ ਤੇਰੇ ਕਰਕੇ ਨੇ।

ਅੱਖੀਆਂ ਆਖੇ ਲੱਗ ਕੇ ਪਛਤਾਏ ਆਂ,
ਕੱਟੀਆਂ ਅਸੀਂ ਸਜ਼ਾਵਾਂ ਤੇਰੇ ਕਰਕੇ ਨੇ।

# ਆਧੁਨਿਕ ਪੰਜਾਬੀ ਸਾਹਿਤ ਦਾ ਉਸਰਈਆ ਭਾਈ ਵੀਰ ਸਿੰਘ



ਧਰਮਿੰਦਰ ਸਿੰਘ (ਚੱਬਾ)

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ. ਨੂੰ ਪਿਤਾ ਡਾ. ਚਰਨ ਸਿੰਘ ਤੇ ਮਾਤਾ ਉੱਤਮ ਕੌਰ ਦੇ ਘਰ ਅੰਮ੍ਰਿਤਸਰ ਵਿਚ ਹੋਇਆ। ਭਾਈ ਵੀਰ ਸਿੰਘ ਨੇ ਮੁੱਢਲੀ ਵਿੱਦਿਆ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਪਾਸੋਂ ਲਈ। ਫਿਰ ਚਰਚ ਹਾਈ ਸਕੂਲ ਅੰਮ੍ਰਿਤਸਰ ਵਿੱਚੋਂ ਦਸਵੀਂ ਪਾਸ ਕੀਤੀ। ਅਗਲੇਰੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇਨ੍ਹਾਂ ਨੂੰ ਤਹਿਸੀਲਦਾਰ ਦੀ ਸਰਕਾਰੀ ਨੌਕਰੀ ਮਿਲਦੀ ਗਈ। ਉਨ੍ਹਾਂ ਨੇ ਵਜ਼ੀਰ ਹਿੰਦ ਪ੍ਰੈਸ ਵੀ ਸ਼ੁਰੂ ਕੀਤੀ। ਭਾਈ ਵੀਰ ਸਿੰਘ ਦਾ ਪਰਿਵਾਰਕ ਪਿਛੋਕੜ ਦੀਵਾਨ ਕੌੜਾ ਮੱਲ ਨਾਲ ਜਾ ਮਿਲਦਾ ਹੈ। ਦੀਵਾਨ ਕੌੜਾ ਮੱਲ ਐਸੀ ਸ਼ਖ਼ਸੀਅਤ ਸਨ ਜੋ ਮੁਲਤਾਨ ਦੇ ਹਾਕਮਾਂ ਕੋਲ ਦੀਵਾਨ ਹੁੰਦੇ ਹੋਇਆਂ ਵੀ ਸਿੱਖਾਂ ਦੀ ਔਖੇ ਵੇਲੇ ਮਦਦ ਕਰਦੇ ਸਨ। ਇਸ ਲਈ ਇਤਿਹਾਸ ਉਨ੍ਹਾਂ ਨੂੰ 'ਮਿੱਠਾ ਮੱਲ' ਕਹਿ ਕੇ ਵੀ ਯਾਦ ਕਰਦਾ ਹੈ। ਉਸ ਵੇਲੇ ਦੀ ਹਕੂਮਤ ਵੱਲੋਂ ਉਨ੍ਹਾਂ ਨੂੰ 'ਮਹਾਰਾਜਾ ਬਹਾਦੁਰ' ਦਾ ਖਿਤਾਬ ਵੀ ਦਿੱਤਾ ਗਿਆ। ਭਾਈ ਵੀਰ ਸਿੰਘ ਦੇ ਦਾਦਾ ਬਾਬਾ ਕਾਹਨ ਸਿੰਘ ਵੀ ਬੜੇ ਹੀ ਗੁਰਬਾਣੀ ਦੇ ਰਸੀਏ ਤੇ ਨੇਕ ਦਿਲ ਇਨਸਾਨ ਸਨ। ਡਾ. ਚਰਨ ਸਿੰਘ ਹਿੰਦੀ, ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਤੇ ਬ੍ਰਿਜ ਭਾਸ਼ਾ ਦੇ ਉੱਚਕੋਟੀ ਦੇ ਕਵੀ ਸਨ। ਭਾਈ ਸਾਹਿਬ ਜੀ ਦੇ ਨਾਨਾ ਪੰਡਤ ਗਿਆਨੀ ਹਜ਼ਾਰਾ ਸਿੰਘ ਉਰਦੂ ਫ਼ਾਰਸੀ ਦੇ ਚੰਗੇ ਜਾਣਕਾਰ ਸਨ। ਇਨ੍ਹਾਂ ਨੇ ਉਰਦੂ ਫ਼ਾਰਸੀ ਦੀਆਂ ਕਿਤਾਬਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਭਾਈ ਵੀਰ ਸਿੰਘ ਦਾ ਪਿਛੋਕੜ ਤੇ ਉਨ੍ਹਾਂ ਦਾ ਆਲਾ-ਦੁਆਲਾ ਧਾਰਮਿਕ ਤੇ ਵਿਦਵਾਨ ਲੋਕਾਂ ਦਾ ਸੀ। ਬਚਪਨ ਸਮੇਂ ਉਨ੍ਹਾਂ ਨੂੰ ਲੋਰੀਆਂ ਵੀ ਗੁਰਬਾਣੀ ਦੇ ਸ਼ਬਦ ਪੜ੍ਹ ਕੇ ਦਿੱਤੀਆਂ ਜਾਂਦੀਆਂ ਸਨ।

ਉਨ੍ਹਾਂ ਨੇ ਆਪਣੇ ਨਾਨਾ ਦੀ ਸਹਾਇਤਾ ਨਾਲ ਅਤੇ ਕੁਝ ਇਕੱਲਿਆਂ ਉਰਦੂ ਫ਼ਾਰਸੀ ਦੀਆਂ ਕਿਤਾਬਾਂ ਦੇ ਪੰਜਾਬੀ ਵਿਚ ਉਲੱਥੇ ਕੀਤੇ। ਇਕ ਦਿਨ ਭਾਈ ਸਾਹਿਬ ਨੇ ਆਪਣੇ ਨਾਨਾ ਜੀ ਨੂੰ ਕਹਿ ਦਿੱਤਾ ਕਿ 'ਤੁਸੀਂ ਲੋਕਾਂ ਦੀਆਂ ਰਚਨਾਵਾਂ ਦੇ ਉਲੱਥੇ ਕਰਦੇ ਹੋ, ਆਪਣੇ ਅੰਦਰੋਂ ਨਵੀਂ ਰਚਨਾ ਕਿਉਂ ਨਹੀ ਲਿਖਦੇ? ਤਾਂ ਉਹ ਕਹਿਣ ਲੱਗੇ ਕਿ 'ਪੁੱਤਰਾਂ, ਮੈਂ ਤਾਂ ਨਹੀ ਲਿਖ ਸਕਿਆ ਪਰ ਤੂੰ ਜ਼ਰੂਰ ਲਿਖੇਂਗਾ।' ਭਾਈ ਵੀਰ ਸਿੰਘ ਨੇ ਇਹ ਬਚਨ ਸੱਚ ਕਰ ਦਿਖਾਇਆ। ਭਾਈ ਸਾਹਿਬ ਨੇ ਸ਼ੁਰੂ ਵਿਚ ਨਿਰਗੁਣਿਆਰਾ ਵਿਚ ਲਿਖਣਾ ਸ਼ੁਰੂ ਕੀਤਾ। ਫਿਰ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ। ਭਾਈ ਵੀਰ ਸਿੰਘ ਦੁਆਰਾ ਰਚਿਤ ਸਾਹਿਤ ਵਿਚ ਸੁੰਦਰੀ-ਗਲਪ

ਬਿਜੇ ਸਿੰਘ, ਸਤਵੰਤ ਕੌਰ, ਸੱਤ ਔਖੀਆਂ ਰਾਤਾਂ, ਬਾਬਾ ਨੌਧ ਸਿੰਘ, ਸਤਵੰਤ ਕੌਰ ਭਾਗ ਦੂਜਾ, ਰਾਣਾ ਭਬੋਰ, ਦਿਲ ਤਰੰਗ, ਤ੍ਰੇਲ ਤੁਪਕੇ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਪ੍ਰੀਤ ਵੀਣਾਂ, ਮੇਰੇ ਸਾਂਈਆਂ ਜੀਉ, ਸ੍ਰੀ ਕਲਗੀਧਰ ਚਮਤਕਾਰ, ਪੁਰਾਤਨ ਜਨਮ ਸਾਖੀ, ਸ੍ਰੀ ਗੁਰੂ ਨਾਨਕ ਚਮਤਕਾਰ, ਭਾਈ ਝੰਡਾ ਜੀਓ- ਭਾਈ ਭੂਮੀਆਂ ਅਤੇ ਕਲਿਜੁਗ ਦੀ ਸਾਖੀ, ਸੰਤ ਗਾਥਾ, ਸ੍ਰੀ ਅਸ਼ਟ ਗੁਰ ਚਮਤਕਾਰ ਭਾਗ (ਦੋ ਭਾਗ), ਗੁਰਸਿੱਖ ਵਾੜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰ ਬਾਲਮ ਸਾਖੀਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ, ਸਿੱਖਾਂ ਦੀ ਭਗਤ ਮਾਲਾ, ਪ੍ਰਾਚੀਨ ਪੰਥ ਪ੍ਰਕਾਸ਼, ਗੰਜ ਨਾਮਹ ਸਟੀਕ, ਸ੍ਰੀ ਗੁਰੂ ਗ੍ਰੰਥ ਕੋਸ਼, ਸ੍ਰੀ ਗੁਰਪ੍ਰਤਾਪ ਸੂਰਜ ਗਰੰਥ, ਦੇਵੀ ਪੂਜਨ ਪੜਤਾਲ, ਪੰਜ ਗ੍ਰੰਥੀ ਸਟੀਕ, ਕਬਿੱਤ ਭਾਈ ਗੁਰਦਾਸ, ਵਾਰਾਂ ਭਾਈ ਗੁਰਦਾਸ, ਬੁਧ-ਜਨ, ਸਾਖੀ ਪੋਥੀ ਆਦਿ ਸਾਹਿਤ ਸਿੱਖ ਜਗਤ ਦੀ ਝੋਲੀ ਪਾਇਆ। ਡਾ. ਦੀਵਾਨ ਸਿੰਘ ਭਾਈ ਵੀਰ ਸਿੰਘ ਜੀ ਬਾਰੇ ਲਿਖਦਾ ਹੈ, 'ਪੰਜਾਬੀ ਵਿਚ ਭਾਈ ਵੀਰ ਸਿੰਘ ਕੁਦਰਤ ਦੀ ਕਵਿਤਾ ਦਾ ਮੋਢੀ ਹੈ। ਉਸ ਦਾ ਕੁਦਰਤ ਨਾਲ ਅਥਾਹ ਪਿਆਰ ਹੈ। ਕੁਦਰਤ ਨੂੰ ਮਨੁੱਖੀ ਜੀਵਨ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਮਨੁੱਖੀ ਜੀਵਨ ਲਈ ਇਹ ਇਕ ਪ੍ਰਭੂ ਦਾ ਰਚਿਆ ਹੋਇਆ ਬਾਹਰ ਮੁਖੀ ਪਿਛੋਕੜ ਹੈ। ਜਿਸ ਵਿਚ ਮਨੁੱਖੀ ਹਿਰਦੇ ਨੂੰ ਟੁੰਬਣ ਵਾਲੇ ਸਾਧਨ, ਸੁੰਦਰਤਾ, ਸੁਹਜ, ਰਸ, ਅਨੰਦ, ਸਰੂਰ, ਸੰਗਤਿ ਆਦਿ ਦਾ ਇਕ ਅਗੰਮੀ ਪ੍ਰਕਾਸ਼ ਹੈ। ਕੁਦਰਤ ਦਾ ਖੇੜਾ ਰੱਬ ਦੀ ਮਿਹਰ ਦਾ ਜਲਵਾ ਹੈ। ਕਵੀ ਦਾ ਅੰਦਰਲਾ ਰਹੱਸਵਾਦ ਇਸ ਵਿਚ ਵਿਸਮਾਦ ਜਨਕ ਸੁਨੇਹਾ ਲੱਭਦਾ ਹੈ।' ਹਰਬੰਸ ਸਿੰਘ ਭਾਈ ਵੀਰ ਸਿੰਘ ਬਾਰੇ ਲਿਖਦੇ ਹਨ ਕਿ ਉਨ੍ਹਾਂ ਬਾਰੇ ਦੋ ਟੁੱਕ ਫੈਸਲਾ ਕਰਨਾ ਮੁਸ਼ਕਿਲ ਹੈ ਕਿ ਉਹ ਨਿਪੁੰਨ ਵਿਦਵਾਨ ਕਵੀ ਸਨ ਜਾਂ ਕਾਵਿ ਗਿਆਨ ਦੇ ਭਰਪੂਰ ਖਜ਼ਾਨੇ। ਪੰਜਾਬੀ ਕਾਵਿ ਪਰੰਪਰਾ ਵਿਚ ਉਸ ਦੇ ਸਥਾਨ ਨੂੰ ਕੋਈ ਵੰਗਾਰ ਨਹੀ ਸਕਦਾ। 'ਬਿਜਲੀਆਂ ਦੇ ਹਾਰ' ਪੁਸਤਕ ਵਿਚ 'ਸਮਾਂ' ਨਾਂ ਦੀ ਕਵਿਤਾ ਵਕਤ ਨੂੰ ਪਰਿਭਾਸ਼ਤ ਕਰਦੀ ਹੈ :

*ਰਹੀ ਵਾਸਤੇ ਘੱਤ ਸਮੇਂ ਨੇ*
*ਇਕ ਨਾ ਮੰਨੀ,*
*ਫੜ-ਫੜ ਰਹੀ ਧਰੀਕ*
*ਸਮੇਂ ਖਿਸਕਾਈ ਕੰਨੀ।*
*ਕਿਵੇਂ ਨ ਸਕੀ ਰੋਕ*
*ਅਟਕ ਜੋ ਪਾਏ ਭੰਨੀ,*
*ਤ੍ਰਿਖੇ ਆਪਣੇ ਵੇਗ ਗਿਆ*
*ਟਪ ਬੰਨੇ ਬੰਨੀ।*

ਭਾਈ ਵੀਰ ਸਿੰਘ ਨੂੰ 1955 ਵਿਚ ਸਾਹਿਤਕ ਅਕੈਡਮੀ ਐਵਾਰਡ ਤੇ 1956 ਵਿਚ 'ਪਦਮ ਵਿਭੂਸ਼ਣ' ਦੇ ਕੇ ਸਮਾਨਿਆ ਗਿਆ। 10 ਜੂਨ 1957 ਈ ਨੂੰ 84 ਸਾਲ 6 ਮਹੀਨੇ ਤੇ 5 ਦਿਨ ਦੀ ਧੁਰੋਂ ਬਖਸ਼ੀ ਆਯੂ ਭੋਗ ਕੇ ਉਹ ਗੁਰੂ ਚਰਨਾਂ ਵਿਚ ਜਾ ਬਿਰਾਜੇ। •

ਬਰਸੀ 'ਤੇ ਵਿਸ਼ੇਸ਼



*ਭਾਈ ਵੀਰ ਸਿੰਘ ਨੂੰ 1955 ਵਿਚ ਸਾਹਿਤ ਅਕੈਡਮੀ ਐਵਾਰਡ ਤੇ 1956 ਵਿਚ 'ਪਦਮ ਵਿਭੂਸ਼ਣ' ਦੇ ਕੇ ਸਨਮਾਨਿਆ ਗਿਆ। 10 ਜੂਨ 1957 ਈ ਨੂੰ 84 ਸਾਲ 6 ਮਹੀਨੇ ਤੇ 5 ਦਿਨ ਦੀ ਧੁਰੋਂ ਬਖਸ਼ੀ ਉਮਰ ਭੋਗ ਕੇ ਉਹ ਗੁਰੂ ਚਰਨਾਂ ਵਿਚ ਜਾ ਬਿਰਾਜੇ...*

# ਨਵੇਂ ਦਿਸਹੱਦੇ ਸਿਰਜ ਰਿਹਾ ਰਾਗ

ਪਰਵਾਸੀ ਪੰਜਾਬੀਆਂ ਨੇ ਨਾ ਸਿਰਫ਼ ਪੰਜਾਬ ਦੀ ਬਾਹਰੀ ਨੁਹਾਰ ਬਦਲੀ ਹੈ ਉਸ ਦੇ ਸੁਹਜ ਦੀ ਤ੍ਰਿਪਤੀ ਲਈ ਵੀ ਯਤਨ ਕੀਤੇ ਹਨ। ਮੈਗਜ਼ੀਨ 'ਰਾਗ' ਇੰਦਰਜੀਤ ਸਿੰਘ ਪੁਰੇਵਾਲ ਤੇ ਅਜੇ ਤਨਵੀਰ ਦੇ ਅਜਿਹੇ ਉਦਮ ਦਾ ਨਤੀਜਾ ਹੈ। ਕਹਾਣੀਕਾਰ ਅਜਮੇਰ ਸਿੱਧੂ ਦੀ ਸੰਪਾਦਨਾ ਹੇਠ ਨਿਕਲ ਰਹੇ ਇਸ ਮੈਗਜ਼ੀਨ ਨੇ ਇਕ ਸਾਲ ਦੇ ਛੋਟੇ ਜਿਹੇ ਅਰਸੇ 'ਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ ਅਤੇ ਪੰਜਾਬੀ ਸਾਹਿਤਕ ਪੱਤਰਕਾਰੀ 'ਚ ਨਵੇਂ ਦਿਸਹੱਦੇ ਸਿਰਜੇ ਹਨ। ਇਸ ਵਾਰ ਦੇ ਰਾਗ 'ਚ ਪੰਜਾਬੀ ਲੋਕਧਾਰ ਨਾਲ ਜੁੜੇ ਡਾ. ਜੋਗਿੰਦਰ ਸਿੰਘ ਕੈਰੋਂ ਨਾਲ ਦਿਲਜੀਤ ਸਿੰਘ ਬੇਦੀ ਵੱਲੋਂ ਕੀਤੀ ਲੰਬੀ ਮੁਲਾਕਾਤ ਹੈ। ਜਿਸ 'ਚ ਉਨ੍ਹਾਂ ਦੀ ਜ਼ਿੰਦਗੀ ਅਤੇ ਸਾਹਿਤ ਸਿਰਜਣਾ ਨਾਲ ਜੁੜੇ ਸਵਾਲ ਹਨ। ਇਸੇ ਤਰ੍ਹਾਂ ਦੀ ਹੀ ਇਕ ਹੋਰ ਮੁਲਾਕਾਤ ਅੰਗਰੇਜ਼ੀ ਲੇਖਿਕਾ ਅਰੁੰਧਤੀ ਰਾਏ ਨਾਲ ਪ੍ਰਕਾਸ਼ਤ ਕੀਤੀ ਗਈ ਹੈ ਜਿਸ 'ਚ ਉਨ੍ਹਾਂ ਆਪਣੀ ਸਿਰਜਣ ਪ੍ਰਕਿਰਿਆ ਅਤੇ ਕਾਰਪੋਰਟ ਜਗਤ ਵੱਲੋਂ ਕਰਵਾਏ ਜਾਂਦੇ ਸਾਹਿਤਕ ਮਹਾਉਤਸਵਾਂ ਦੀ ਅਸਲੀਅਤ ਦੇ ਦਰਸ਼ਨ ਕਰਵਾਏ ਹਨ। ਕਹਾਣੀਕਾਰ ਗੁਰਪਾਲ ਸਿੰਘ ਲਿਟ ਬਾਰੇ ਬਲਵਿੰਦਰ ਗਰੇਵਾਲ ਦਾ ਸ਼ਬਦ ਚਿੱਤਰ ਅਤੇ ਕਹਾਣੀਕਾਰਾ ਤ੍ਰਿਪਤਾ ਕੇ. ਸਿੰਘ ਦੇ ਪਤੀ ਨਾਲ ਐੱਚ.ਐੱਸ ਡਿੰਪਲ ਵੱਲੋਂ ਕੀਤੀ ਮੁਲਾਕਾਤ ਪੜ੍ਹਨਯੋਗ ਹਨ। ਬਲਬੀਰ ਪਰਵਾਨਾ ਦੀ ਕਹਾਣੀ 'ਡਬਲ ਲੇਨ' ਅਜੋਕੇ ਕਾਰਪੋਰੇਟੀ ਕਲਚਰ 'ਚ ਪਿਸ ਰਹੀ ਥੁੜ੍ਹੀ-ਟੁੱਟੀ ਕਿਸਾਨੀ ਦੀ ਬਾਤ ਪਾਉਂਦੀ ਹੈ। ਗੁਰਮੀਤ ਕੜਿਆਲਵੀ ਮਾਲਵੇ ਦੇ ਮਜ਼ਦੂਰਾਂ ਦੇ ਜ਼ਮੀਨੀ ਘੋਲ ਨੂੰ ਆਪਣੀ ਕਹਾਣੀ ਦਾ ਵਿਸ਼ਾ ਵਸਤੂ ਬਣਾਉਂਦਾ ਹੈ। ਕੁਝ ਇਸ ਤਰ੍ਹਾਂ ਦੀ ਹੀ ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ 'ਗੂਠਾ' ਹੈ ਜਿਸ 'ਚ ਮਜ਼ਦੂਰ ਦੀ ਆਰਥਿਕ ਮੰਦਹਾਲੀ ਨੂੰ ਬਿਆਨਿਆ ਗਿਆ ਹੈ। ਹਾਲਾਤ ਕਿਹੋ-ਜਿਹੇ ਵੀ ਹੋਣ ਪਰ ਨਾ ਝੁਕਣ ਦਾ ਸੁਨੇਹਾ ਦਿੰਦੀ ਹੈ। ਸੰਦੀਪ ਸਮਰਾਲਾ ਨੇ ਇਕ ਸੰਭਾਵਨਾਵਾਂ ਭਰਪੂਰ ਕਹਾਣੀਕਾਰ ਵਜੋਂ ਆਪਣੀ ਕਹਾਣੀ 'ਸਮਾਰਟ ਵਰਕ' ਰਾਹੀਂ ਧਿਆਨ ਖਿੱਚਿਆ ਹੈ। ਮਨ ਦੀਆਂ ਬਸਤੀਆਂ ਨੂੰ ਜਾਂਦੇ ਰਾਹਾਂ ਦੀ ਸਾਰ ਲਈ ਹੈ ਇਸ ਅੰਕ 'ਚ ਹਾਜ਼ਰ ਕਵੀਆਂ ਦੀਆਂ ਰਚਨਾਵਾਂ ਨੇ।

'ਚੀਨੀ ਇਨਕਲਾਬ ਲਈ ਕਾ ਮਾਓ-ਜੇ-ਤੁੰਗ ਦੇ ਪਰਿਵਾਰ ਦੀ ਕੁਰਬਾਨੀ' ਰਾਜਪਾਲ ਸਿੰਘ ਤੇ ਹਿੰਸਾ ਬਾਰੇ ਕੁਲਦੀਪ ਕੌਰ ਦੇ ਲੇਖ ਦਿਲਚਸਪ ਹਨ। ਫਿਲਮ ਅਤੇ ਸੰਗੀਤ ਦੇ ਖੇਤਰ ਨੂੰ ਵੀ ਮੈਗਜ਼ੀਨ 'ਚ ਬਣਦੀ ਥਾਂ ਦਿੱਤੀ ਗਈ ਹੈ। ਇਸ ਤੋਂ ਇਲਾਵਾ ਹੋਰ ਬਹੁਤ ਕੁਝ ਪੜ੍ਹਨਯੋਗ ਹੈ। ਮੈਗਜ਼ੀਨ ਦੀ ਪ੍ਰਬੰਧਕੀ ਜ਼ਿੰਮੇਵਾਰੀ ਧਰਵਿੰਦਰ ਸਿੰਘ ਔਲਖ ਦੇ ਮੋਢਿਆਂ 'ਤੇ ਹੈ। ਅੰਕ ਦੀ ਕੀਮਤ 100 ਰੁਪਏ ਹੈ।



• ਬਿੰਦਰ ਬਸਰਾ, 98765-46675

# ਲੋਕਧਾਰਾ ਦਾ ਵਗਦਾ ਦਰਿਆ ਸੁਖਦੇਵ ਮਾਦਪੁਰੀ



ਡਾ. ਜੋਗਿੰਦਰ ਸਿੰਘ ਕੈਰੋਂ
82643-06671

ਸੁਖਦੇਵ ਮਾਦਪੁਰੀ ਨਾਲ ਮੇਰੀ ਪਹਿਲੀ ਵਾਰ ਜਾਣ-ਪਛਾਣ ਮੋਹਾਲੀ ਵਿਖੇ 'ਪੰਜਾਬ ਸਕੂਲ ਐਜੂਕੇਸ਼ਨ ਬੋਰਡ' ਦੇ ਦਫ਼ਤਰ ਵਿਚ ਹੋਈ। ਉਸ ਸਮੇਂ ਬੋਰਡ ਮੋਹਾਲੀ ਦੀ ਪੁਰਾਣੀ ਬਿਲਡਿੰਗ ਵਿਚ ਹੁੰਦਾ ਸੀ। ਯਾਦ ਨਹੀਂ ਕਿ ਮੈਂ ਕਿਸ ਨੂੰ ਮਿਲਣ ਉਸ ਦਫ਼ਤਰ ਵਿਚ ਗਿਆ ਸੀ ਅਤੇ ਉਸ ਨੇ ਮੈਨੂੰ ਸੁਖਦੇਵ ਮਾਦਪੁਰੀ ਨਾਲ ਮਿਲਵਾਇਆ ਸੀ। ਉਸ ਸਮੇਂ ਉਹ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਰਸਾਲਿਆਂ ਦੇ ਐਡੀਟਰ ਸਨ। ਮਿਲ ਕੇ ਉਹ ਮੈਨੂੰ ਬੜੇ ਹੱਸਮੁਖ ਅਤੇ ਮਿਲਾਪੜੇ ਸੁਭਾਅ ਦੇ ਇਨਸਾਨ ਲੱਗੇ। ਉਸ ਸਮੇਂ ਹੀ ਮੈਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਲੋਕ-ਗੀਤਾਂ ਅਤੇ ਬੁਝਾਰਤਾਂ ਉੱਪਰ ਕੁਝ ਕੰਮ ਕੀਤਾ ਹੈ। ਉਸ ਸਮੇਂ ਮੇਰਾ ਵਾਹ ਲੋਕਧਾਰਾ ਦੇ ਅਧਿਐਨ ਨਾਲ ਨਹੀਂ ਸੀ ਪਿਆ ਅਤੇ ਨਾ ਹੀ ਮੇਰੀ ਅਜੇ ਸਾਹਿਤਕ ਹਲਕਿਆਂ ਵਿਚ ਇੰਨੀ ਜਾਣ-ਪਛਾਣ ਸੀ। ਹੌਲੀ-ਹੌਲੀ ਮੇਰਾ ਵਾਹ ਵੀ ਲੋਕਧਾਰਾ ਨਾਲ ਪੈ ਗਿਆ ਅਤੇ ਮਾਦਪੁਰੀ ਹੋਰਾਂ ਨਾਲ ਵੀ ਜਾਣ-ਪਛਾਣ ਵਧਦੀ ਗਈ। ਲੋਕਧਾਰਾ ਨਾਲ ਜਦ ਮੇਰੀ ਪੱਕੀ ਆੜੀ ਪੈ ਗਈ। ਮੈਂ ਲੋਕ ਕਹਾਣੀਆਂ ਉੱਪਰ ਪੀ-ਐੱਚਡੀ ਕਰ ਲਈ ਅਤੇ ਕੁਝ ਹੋਰ ਖੋਜ ਵੀ ਕੀਤੀ।

ਮਾਦਪੁਰੀ ਜਦ ਵੀ ਕੋਈ ਨਵੀਂ ਕਿਤਾਬ ਤਿਆਰ ਕਰਦੇ ਉਹ ਮੇਰੀ ਰਾਏ ਜ਼ਰੂਰ ਲੈਂਦੇ ਅਤੇ ਪ੍ਰਕਾਸ਼ਿਤ ਹੋਣ 'ਤੇ ਮੈਨੂੰ ਪੁਸਤਕ ਵੀ ਭੇਜਦੇ। ਹੁਣ ਮੈਨੂੰ ਉਨ੍ਹਾਂ ਦੀ ਦੋਸਤੀ ਉੱਪਰ ਮਾਣ ਹੈ। ਉਹ 'ਪੰਜਾਬ ਸਕੂਲ ਐਜੂਕੇਸ਼ਨ ਬੋਰਡ' ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਆਪਣੇ ਕਾਰਜ ਵਿਚ ਵਧੇਰੇ ਸਰਗਰਮ ਹੋ ਗਏ। ਲੋਕਧਾਰਾ ਦੇ ਅਧਿਐਨ ਵਿਚ ਉਨ੍ਹਾਂ ਨੇ ਤਿੰਨੇ ਪੜਾਅ ਪਾਰ ਕਰ ਲਏ ਹਨ। ਪਹਿਲੇ ਪੜਾਅ ਉੱਪਰ ਉਨ੍ਹਾਂ ਨੇ ਲੋਕਧਾਰਾ ਦੀ ਸਮੱਗਰੀ ਦਾ ਇਕੱਤਰੀਕਰਨ ਕੀਤਾ। ਉਸ ਤੋਂ ਅਗਲੇ ਪੜਾਅ ਉੱਪਰ ਇਸ ਨੂੰ ਪਰਿਭਾਸ਼ਿਤ ਕਰਨ ਅਤੇ ਉਸ ਦੀਆਂ ਵੰਨਗੀਆਂ ਦਾ ਵਰਗੀਕਰਨ ਕਰਨ ਦਾ ਯਤਨ ਕੀਤਾ। ਅੰਤਿਮ ਪੜਾਅ ਉੱਪਰ ਉਨ੍ਹਾਂ ਨੇ ਲੋਕਧਾਰਾ ਦੀ ਸਮੱਗਰੀ ਦਾ ਵਿਗਿਆਨਕ ਵਿਸ਼ਲੇਸ਼ਣ ਕਰਨ ਦਾ ਯਤਨ ਵੀ ਕੀਤਾ ਹੈ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਸੁਖਦੇਵ ਮਾਦਪੁਰੀ ਉਨ੍ਹਾਂ ਮੁੱਢਲੇ ਵਿਦਵਾਨਾ ਵਿੱਚੋਂ ਹਨ ਜਿਨ੍ਹਾਂ ਨੇ ਪੰਜਾਬੀ ਲੋਕਧਾਰਾ ਦੀ ਸਮੱਗਰੀ ਨੂੰ ਇਕੱਤਰ ਕਰ ਕੇ ਸਾਂਭਣ ਦਾ ਮਹੱਤਵਪੂਰਨ ਇਤਿਹਾਸਕ ਕਾਰਜ ਨਿਭਾਇਆ ਹੈ। ਇਨ੍ਹਾਂ ਨੇ ਇਹ ਕੰਮ ਉਨ੍ਹਾਂ ਹਾਲਤਾਂ ਵਿਚ ਕੀਤਾ ਜਦੋਂ ਅਜੇ ਆਧੁਨਿਕ ਤਕਨੀਕਾਂ ਅਤੇ ਯੰਤਰ ਨਹੀਂ ਸਨ ਆਏ। ਇਨ੍ਹਾਂ ਸਹੂਲਤਾਂ ਤੋਂ ਬਿਨਾਂ ਲੋਕਧਾਰਾ ਦੇ ਖੇਤਰ ਵਿਚ ਖੇਤਰੀ ਕਾਰਜ ਕਰਨਾ ਅਤਿਅੰਤ ਮੁਸ਼ਕਿਲ ਹੁੰਦਾ ਹੈ ਕਿਉਂਕਿ ਤੁਹਾਨੂੰ ਬਹੁਤ ਸਾਰਾ ਵਕਤ ਲੋਕਾਂ ਵਿਚ ਰਹਿ ਕੇ ਉਨ੍ਹਾਂ ਪਾਸੋਂ ਸਾਹਿਤ ਰੂਪਾਂ ਨੂੰ ਸੁਣ ਕੇ ਲਿੱਪੀਬੱਧ ਕਰਨਾ ਹੁੰਦਾ ਹੈ। ਇਹ ਕੰਮ ਬਹੁਤ ਸਮਾਂ ਅਤੇ ਮਿਹਨਤ ਮੰਗਦਾ ਹੈ। ਇਸ ਲਈ ਯੰਤਰ ਵਿਹੂਣੇ ਉਨ੍ਹਾਂ ਵਿਦਵਾਨਾਂ ਨੂੰ ਦਾਦ ਦੇਣੀ ਬਣਦੀ ਹੈ ਜਿਨ੍ਹਾਂ ਨੇ ਪੰਜਾਬੀ ਲੋਕਧਾਰਾ ਦੀ ਸਮੱਗਰੀ ਨੂੰ ਸਮੇਂ ਦੇ ਹਨੇਰੇ ਵਿਚ ਗੁੰਮ ਹੋ ਜਾਣ ਤੋਂ ਬਚਾ ਲਿਆ ਹੈ।

ਸੁਖਦੇਵ ਮਾਦਪੁਰੀ ਦੀ ਖ਼ੂਬੀ ਅਤੇ ਵਿਗਿਆਨਕ ਦ੍ਰਿਸ਼ਟੀ ਇਹ ਹੈ ਕਿ ਉਸ ਨੇ ਲੋਕ ਸਾਹਿਤਕ ਵੰਨਗੀਆਂ ਨੂੰ ਲੋਕਾਂ ਦੀ ਭਾਸ਼ਾ ਵਿਚ ਹੀ ਲਿਖਿਆ ਹੈ। ਇਸ ਲੋਕਧਾਰਾ ਵਿਗਿਆਨੀ ਦੀ ਹਿੰਮਤ ਹੀ ਸਮਝਣੀ ਚਾਹੀਦੀ ਹੈ ਕਿ ਉਸ ਨੇ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੀ ਭਾਸ਼ਾ ਵਿਚ ਹੀ ਲੋਕਧਾਰਾ ਵੰਨਗੀਆਂ ਨੂੰ ਲਿੱਪੀਬੱਧ ਕੀਤਾ। ਪੰਜਾਬੀ ਲੋਕਧਾਰਾ ਵਿਚ ਉਸ ਦੀਆਂ ਪੁਸਤਕਾਂ 'ਗਾਉਂਦਾ ਪੰਜਾਬ', 'ਜ਼ਰੀ ਦਾ ਟੋਟਾ', 'ਨੈਣਾਂ ਦੇ ਵਣਜਾਰੇ', 'ਲੋਕ ਬੁਝਾਰਤਾਂ' ਅਤੇ 'ਪੰਜਾਬ ਦੀਆਂ ਲੋਕ ਖੇਡਾਂ' ਛਪਣ ਨਾਲ ਲੋਕ ਸਾਹਿਤ ਵਿਚ ਉਸ ਦੀ ਵਿਸ਼ੇਸ਼ ਪਛਾਣ ਬਣੀ ਹੈ। 2007 ਵਿਚ ਉਨ੍ਹਾਂ ਦੀ ਪੁਸਤਕ 'ਲੋਕ ਸਿਆਣਪ (ਅਖਾਣ ਕੋਸ਼) ਪ੍ਰਕਾਸ਼ਿਤ ਹੋਈ ਹੈ। 2008 ਵਿਚ ਉਨ੍ਹਾਂ ਦੀਆਂ ਤਿੰਨ ਪੁਸਤਕਾਂ 'ਪੰਜਾਬੀ ਬੁਝਾਰਤ ਕੋਸ਼', 'ਕਿੱਕਲੀ ਕਲੀਰ ਦੀ' ਅਤੇ 'ਸ਼ਾਵਾ ਨੀ ਬੰਬੀਹਾ ਬੋਲੇ' ਪ੍ਰਕਾਸ਼ਿਤ ਹੋਈਆਂ।

ਸੁਖਦੇਵ ਮਾਦਪੁਰੀ ਦਾ ਪਿਛੋਕੜ ਪੇਂਡੂ ਹੋਣ ਕਾਰਨ ਉਸ ਦੇ ਹਿੱਸੇ ਪੰਜਾਬੀ ਲੋਕਧਾਰਾ ਨਾਲ ਡੂੰਘੀ ਤਰ੍ਹਾਂ ਜੁੜੇ ਹੋਣਾ ਆਇਆ ਹੈ। ਇਹੋ ਕਾਰਨ ਹੈ ਕਿ ਜਿੱਥੇ ਪਹਿਲਾਂ-ਪਹਿਲ ਉਸ ਨੇ ਪੰਜਾਬੀ ਲੋਕ-ਸਾਹਿਤ ਦੇ ਇਕੱਤਰੀਕਰਣ ਦਾ ਵੱਡਾ ਕਾਰਜ ਆਰੰਭਿਆ ਉੱਥੇ ਉਸ ਨੂੰ ਸੰਪੂਰਨ ਵੀ ਕੀਤਾ। ਹੁਣ ਉਸ ਨੇ ਇਸ ਸਮੱਗਰੀ ਦੀ ਵਿਗਿਆਨਕ ਢੰਗ ਨਾਲ ਵਿਆਖਿਆ ਕਰਕੇ ਪੰਜਾਬੀ ਸਮਾਜ ਅਤੇ ਸੱਭਿਆਚਾਰ ਨਾਲ ਸਬੰਧਿਤ ਵਿਗਿਆਨੀਆਂ ਦੀ ਮਾਨਸਿਕਤਾ ਨੂੰ ਪਕੜਨ ਦਾ ਯਤਨ ਕੀਤਾ ਹੈ ਕਿਉਂਕਿ ਉਹ ਸਮਝਦੇ ਹਨ ਪੰਜਾਬੀ ਲੋਕ-ਸਾਹਿਤ, ਪੰਜਾਬੀ ਲੋਕ ਜੀਵਨ ਦਾ ਦਰਪਣ ਹੀ ਹੈ। ਜੇਕਰ ਪੰਜਾਬ ਦੇ ਲੋਕਾਂ ਦੀ ਰੂਹ ਨੂੰ ਪਛਾਣਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਲੋਕਾਂ ਦੇ ਗੀਤਾਂ ਦਾ ਅਧਿਐਨ ਕੀਤਾ ਜਾਵੇ। ਸੁਖਦੇਵ ਮਾਦਪੁਰੀ ਦਾ ਸਬੰਧ ਲੋਕਧਾਰਾ ਨਾਲ ਛੋਟੀ ਉਮਰ ਤੋਂ ਹੀ ਰਿਹਾ ਹੈ ਕਿਉਂਕਿ ਉਹ ਜੰਮਿਆ-ਪਲਿਆ ਹੀ ਲੋਕਧਾਰਾ ਦੇ ਵਿਰਸੇ ਵਿਚ ਹੈ। ਉਸ ਦਾ ਜਨਮ 12 ਜੂਨ, 1935 ਵਿਚ ਪਿੰਡ ਮਾਦਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਸਰਦਾਰ ਦਿਆ ਸਿੰਘ ਦੇ ਘਰ ਹੋਇਆ।

ਬਚਪਨ ਤੋਂ ਹੀ ਉਹ ਆਪਣੇ ਮਾਂ-ਬਾਪ ਅਤੇ ਵੱਡ-ਹਾਣੀਆਂ ਤੋਂ ਲੋਕ ਸਾਹਿਤ ਰੂਪਾਂ ਨੂੰ ਸੁਣ ਦੇ ਅਤੇ ਮਾਣ ਦੇ ਰਹੇ। ਉਨ੍ਹਾਂ ਦੇ ਆਪਣੇ ਲਿਖਣ ਅਨੁਸਾਰ, 'ਮਾਂ-ਬਾਪ ਅਨਪੜ੍ਹ ਪਰ ਗਿਆਨ-ਵਾਨ ਸਨ, ਸਿਰੜੀ ਤੇ ਮਿਹਨਤੀ। ਹਰ ਕੰਮ ਲਗਨ ਨਾਲ ਕਰਨ ਵਾਲੇ, ਸਬਰ ਤੇ ਸੰਤੋਖ ਵਾਲੇ। ਉਨ੍ਹਾਂ ਦੀ ਸ਼ਖ਼ਸੀਅਤ ਦਾ ਮੇਰੇ 'ਤੇ ਬਹੁਤ ਵੱਡਾ ਪ੍ਰਭਾਵ ਹੈ... ਮੈਂ ਜੋ ਕੁਝ ਵੀ ਪ੍ਰਾਪਤ ਕੀਤਾ ਹੈ ਉਨ੍ਹਾਂ ਸਦਕੇ ਹੀ ਕੀਤਾ ਹੈ।'

'ਮੇਰੀ ਬੇਬੇ ਸੁਰਜੀਤ ਕੌਰ ਨੂੰ ਬਹੁਤ ਗੀਤ ਯਾਦ ਸਨ। ਜਦੋਂ ਤੜਕੇ ਹਾਜ਼ਰੀ ਲਈ ਆਟਾ ਪੀਹਣ ਲਈ ਉਨ੍ਹੇ ਚੱਕੀ ਝੋਨੀ ਨਾਲ ਕੋਈ ਨਾ ਕੋਈ ਗੀਤ ਗਾਈ ਜਾਣਾ ਇਸੇ ਤਰ੍ਹਾਂ ਚਰਖਾ ਕੱਤਦਿਆਂ ਵੀ ਉਹ ਕੋਈ ਲੰਬਾ ਗੀਤ ਗਾਉਂਦੀ ਰਹਿੰਦੀ। ਬਚਪਨ ਤੋਂ ਹੀ ਇਨ੍ਹਾਂ ਗੀਤਾਂ ਦਾ ਪ੍ਰਭਾਵ ਮੇਰੇ ਮਨ 'ਤੇ ਪੈਂਦਾ ਰਿਹਾ। ਭਾਵੇਂ ਉਦੋਂ ਉਨ੍ਹਾਂ ਦੀ ਪੂਰੀ ਸਮਝ ਮੈਨੂੰ ਨਹੀਂ ਸੀ ਪੈਂਦੀ ਪਰ ਫੇਰ ਵੀ ਮੈਂ ਇਕ ਚਿੱਤ ਹੋ ਕੇ ਉਨ੍ਹਾਂ ਨੂੰ ਸੁਣਦਾ ਰਹਿੰਦਾ ਤੇ ਕੋਈ ਅਗੰਮੀ ਸੁਆਦ ਮਾਣਦਾ। ਮੇਰੀ ਤਾਈ ਪੰਜਾਬ ਕੌਰ ਜਿਸ ਨੂੰ ਅਸੀਂ ਮਾਂ ਆਖਦੇ ਸਾਂ ਉਹ ਵੀ ਬਿਰਹੋਂ-ਕੁੱਠੇ ਗੀਤ ਗੁਣਗੁਣਾਉਂਦੀ ਰਹਿੰਦੀ। ਮੇਰਾ ਤਾਇਆ ਰਣ ਸਿੰਘ ਦੂਜੀ ਵੱਡੀ ਜੰਗ ਸਮੇਂ ਫ਼ੌਜ 'ਚ ਭਰਤੀ ਹੋ ਗਿਆ ਸੀ, ਉਹਦੇ ਬਸਰੇ 'ਚ ਕਾਫ਼ੀ ਸਮਾਂ ਰਹਿਣ ਕਰਕੇ, ਮੇਰੀ ਮਾਂ ਨੇ ਬਿਰਹੋਂ ਦੇ ਸੱਲ ਝੱਲੇ ਹੋਏ ਸਨ, ਇਸੇ ਲਈ ਉਹ ਬਿਰਹਾ ਗੀਤ ਗਾ ਕੇ ਆਪਣਾ ਮਨ ਹੌਲਾ ਕਰ ਲੈਂਦੀ ਸੀ। ਇਹ ਗੀਤ ਅਛੋਪਲੇ ਹੀ ਮੇਰੇ ਚੇਤਿਆਂ 'ਚ ਵਸਦੇ ਰਹੇ।'

'ਮੇਰਾ ਬਾਪੂ ਦਿਆ ਸਿੰਘ ਖੇਤੀ ਕਰਦਾ ਸੀ। ਉਨ੍ਹਾਂ ਦਿਨਾਂ 'ਚ ਟਿਊਬਵੈੱਲ ਨਹੀਂ ਸੀ ਹੁੰਦੇ। ਸਾਂਝੇ ਖੂਹ ਹੁੰਦੇ ਸਨ। ਹਰਟ ਚੱਲਦੇ, ਕਦੀ ਅੱਧੀ ਰਾਤ ਨੂੰ ਵਾਰੀ ਆਉਣੀ ਕਦੀ ਤੜਕਿਓਂ, ਹਰਟ ਜੋੜਨੇ। ਪਾਣੀ ਨੇ ਸੁੱਸਰੀ ਦੀ ਤੋਰ ਤੁਰਦਿਆਂ ਖੇਤਾਂ 'ਚ ਪੁੱਜਣਾ। ਨਾਕੀ ਨੇ ਕਿਆਰਾ ਭਰਨ ਦੀ ਉਡੀਕ ਕਰਨੀ। ਇਹੀ ਉਹ ਸਮਾਂ ਹੁੰਦਾ ਸੀ ਜਦੋਂ ਬਿਰਹਾ ਦੀਆਂ ਕੂਲ੍ਹਾਂ ਵਹਿ ਟੁਰਦੀਆਂ। ਸੁੰਨਸਾਨ ਤੇ ਟਿਕੀ ਹੋਈ ਰਾਤ ਵਿਚ ਕਿਸੇ ਨਾਕੀ ਨੇ ਦੋਹਾ ਲਾਉਣਾ, ਕਿਸੇ ਕਲੀ ! ਮੇਰੇ ਬਾਪੂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਦੋਹੇ ਤੇ ਕਲੀਆਂ ਯਾਦ ਸਨ। ਮੈਂ ਉਸ ਦੇ ਨਾਲ ਨੱਕੇ ਛੱਡਦਾ ਇਹ ਗੀਤ ਸੁਣਦਾ ਰਹਿੰਦਾ। ਸੁੱਤੇ-ਸਿੱਧ ਹੀ ਇਹ ਦੋਹੇ ਤੇ ਕਲੀਆਂ ਮੇਰੇ ਧੁਰ ਅੰਦਰ ਲਹਿ ਗਏ।'

ਸੋ ਲੋਕ-ਗੀਤ ਉਨ੍ਹਾਂ ਨੂੰ ਬਚਪਨ ਤੋਂ ਹੀ ਧੂਹ ਪਾਉਂਦੇ ਰਹੇ ਸਨ। ਭਾਵੇਂ ਆਂਢ-ਗੁਆਂਢ ਕੋਈ ਵਿਆਹ-ਸ਼ਾਦੀ ਹੋਵੇ ਜਾਂ ਕੋਈ ਹੋਰ ਖ਼ੁਸ਼ੀ ਦਾ ਅਵਸਰ, ਜਦ ਵੀ ਕਿਸੇ ਦੇ ਘਰ ਘੋੜੀਆਂ, ਸੁਹਾਗ ਜਾਂ ਸਿੱਠਣੀਆਂ ਗਾਈਆਂ ਜਾਂਦੀਆਂ ਤਾਂ ਇਨ੍ਹਾਂ ਦੀ ਰੂਹ ਸਰਸ਼ਾਰ ਹੋ ਜਾਂਦੀ।

ਪਿੰਡ ਮਾਦਪੁਰ ਦੇ ਸਕੂਲ ਵਿੱਚੋਂ ਪ੍ਰਾਇਮਰੀ ਦੀਆਂ ਚਾਰ ਜਮਾਤਾਂ ਪਾਸ ਕਰ ਕੇ ਉਹ ਜਸਪਾਲੋਂ ਦੇ ਖ਼ਾਲਸਾ ਹਾਈ ਸਕੂਲ ਵਿਚ ਜਾ ਦਾਖ਼ਲ ਹੋਇਆ, ਜਿੱਥੋਂ ਦਸਵੀਂ ਪਾਸ ਕੀਤੀ। ਦਸਵੀਂ ਤੋਂ ਬਾਅਦ ਜੇਬੀਟੀ ਦਾ ਕੋਰਸ ਕਰਨ ਲਈ ਕੁਰਾਲੀ ਪਹੁੰਚ ਗਏ। ਇਹ ਕੋਰਸ ਪੂਰਾ ਕਰਨ ਉਪਰੰਤ ਉਹ ਲੁਧਿਆਣੇ ਦੇ ਇਕ ਛੋਟੇ ਜਿਹੇ ਪਿੰਡ ਢਿੱਲਵਾਂ ਵਿਚ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗ ਗਏ। ਉਨ੍ਹਾਂ ਮੁਤਾਬਕ ਇਹੋ ਸਕੂਲ ਹੀ ਉਨ੍ਹਾਂ ਦਾ ਵਿਸ਼ਵ-ਵਿਦਿਆਲਾ ਸੀ। ਉਨ੍ਹਾਂ ਨੇ 19 ਮਈ 1954 ਨੂੰ ਉਸ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਸੀ। ਇੱਥੋਂ ਹੀ ਉਨ੍ਹਾਂ ਨੇ ਸਾਹਿਤ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਲੋਕ-ਗੀਤਾਂ ਨੂੰ ਇਕੱਤਰ ਕਰਨ ਬਾਰੇ ਲੱਗੀ ਲਗਨ ਸਬੰਧੀ ਉਹ ਲਿਖਦਾ ਹੈ, 'ਲੋਕ-ਗੀਤ ਇਕੱਠੇ ਕਰਨ ਦਾ ਸੁਝਾਅ ਮੈਨੂੰ ਮੇਰੀ ਆਤਮਾ ਨੇ ਦਿੱਤਾ। ਸੋਚਿਆ, ਮਨਾਂ ! ਬਾਪੂ ਬੇਬੇ ਮਰ ਜਾਣਗੇ ਤੇ ਨਾਲ ਹੀ ਮਰ ਜਾਣੇ ਨੇ ਇਹ ਗੀਤ ਜਿਹੜੇ ਮੈਨੂੰ ਕੀਲੀ ਰੱਖਦੇ ਨੇ, ਕਿਉਂ ਨਾ ਇਨ੍ਹਾਂ ਨੂੰ ਕਿਸੇ ਕਾਪੀ 'ਤੇ ਲਿਖ ਲਵਾਂ... ਅੰਦਰਲੀ ਆਵਾਜ਼ ਨੇ ਕਾਪੀ ਤੇ ਕਲਮ ਫੜਾ ਦਿੱਤੀ ਤੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ। ਬਸ ਗੀਤ ਇਕੱਠੇ ਕਰਨ ਦੀ ਧੁਨ ਸਵਾਰ ਹੋ ਗਈ... ਚੱਲ ਸੋ ਚੱਲ ! ਜਿੱਥੇ ਕਿਤੇ ਵੀ ਕਿਸੇ ਬੁੱਢੀ ਮਾਈ ਦਾ ਪਤਾ ਲੱਗਣਾ ਉਸ ਅੱਗੇ ਜਾ ਝੋਲੀ ਅੱਡਣੀ ! ਬੁੜ੍ਹੀਆਂ ਪਾਸੋਂ ਗੀਤ ਲਿਖਵਾਉਣੇ ਕਿਹੜੇ ਸੌਖੇ ਨੇ... ਗਾਉਣਾ ਸੌਖੈ, ਲਖਾਉਣਾ ਔਖੈ... ਮਾਈਆਂ ਨੂੰ ਲਖਾਉਣ ਲਈ ਮਸੀਂ ਮਨਾਉਣਾ...ਆਖਣਾ ਬੇਬੇ ਤੇਰੇ ਨਾਲ ਹੀ ਇਹ ਵੀ ਮੁੱਕ ਜਾਣਗੇ...ਅੱਜ ਕੱਲ੍ਹ ਤਾਂ ਟੇਪ ਰੀਕਾਰਡਰ ਹਨ... ਉਦੋਂ ਇਹ ਸਹੂਲਤਾਂ ਕਿੱਥੇ ਸਨ ਕਿ ਗਾਉਂਦਿਆਂ ਦੀ ਚੋਰੀ ਟੇਪ ਭਰੀ ਜਾਵੇ...ਮੁਟਿਆਰਾਂ ਗੀਤ ਲਖਾਉਣੋਂ ਉਂਜ ਹੀ ਸੰਗਦੀਆਂ ਸਨ! ਚਾਰੇ ਬੰਨੇ ਅਨਪੜ੍ਹਤਾ ਦਾ ਪਸਾਰਾ ਸੀ।'

ਜਿੱਥੋਂ ਤਕ ਲੋਕ-ਗੀਤਾਂ ਦੇ ਪ੍ਰਕਾਸ਼ਨ ਦਾ ਮਾਮਲਾ ਹੈ, ਇਸ ਦੀ ਕਥਾ ਦੱਸਦਿਆਂ ਉਹ ਕਹਿੰਦੇ ਹਨ, 'ਸਾਡੇ ਘਰਾਂ 'ਚੋਂ ਤਾਈ ਲੱਗਦੀ ਬੇਬੇ ਬੰਸੋ ਨੂੰ ਬਹੁਤ ਸਾਰੇ ਗੀਤ ਯਾਦ ਸਨ। ਉਸ ਨੇ ਦੁੱਖਾਂ ਭਰੀ ਜ਼ਿੰਦਗੀ ਜੀਵੀ ਸੀ। ਉਸ ਪਾਸੋਂ ਮੈਨੂੰ ਦੋ ਇਤਿਹਾਸਕ ਲੋਕ-ਗੀਤ ਪ੍ਰਾਪਤ ਹੋਏ। ਇਸ ਗੀਤ ਬਾਰੇ ਇਕ ਲੇਖ 'ਇਕ ਇਤਿਹਾਸਕ ਲੋਕ-ਗੀਤ' ਸਿਰਲੇਖ ਹੇਠ ਮੈਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਰਸਾਲੇ 'ਪੰਜਾਬੀ ਦੁਨੀਆਂ' ਨੂੰ ਉਈਂ ਭੇਜ ਦਿੱਤਾ ਜੋ ਨਵੰਬਰ-ਦਸੰਬਰ 1954 ਦੇ ਅੰਕ ਵਿਚ ਛਪ ਗਿਆ। ਪ੍ਰੋ. ਪਿਆਰਾ ਸਿੰਘ ਪਦਮ ਇਸ ਰਸਾਲੇ ਦੇ ਸੰਪਾਦਕ ਸਨ ਉਨ੍ਹਾਂ ਨੇ ਮੈਨੂੰ ਉਤਸ਼ਾਹ ਤੇ ਪ੍ਰੇਰਨਾ ਭਰੀ ਚਿੱਠੀ ਲਿਖ ਕੇ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ। ਇਸੇ ਤਰ੍ਹਾਂ ਹੀ ਇਕ ਹੋਰ ਲੰਬਾ ਲੋਕ-ਗੀਤ 'ਨੀ ਘਰ ਆਈਦਾ ਵੀਰ, ਸੋਨੇ ਦਾ ਤੀਰ, ਕੰਨ੍ਹੇ ਤਲਵਾਰ, ਘੋੜੇ ਅਸਵਾਰ, ਨੀ ਮੈਂ ਜਾਣੀ ਆਂ ਪਿਓਕੇ' ਮੈਨੂੰ ਮਾਂ ਪੰਜਾਬੋ ਪਾਸੋਂ ਮਿਲਿਆ। ਇਸ ਗੀਤ ਬਾਰੇ 'ਤ੍ਰਿੰਜਣ ਦਾ ਇਕ ਗੀਤ' ਨਾਮੀ ਲੇਖ ਲਿਖ ਕੇ ਮੈਂ ਅੰਬਾਲੇ ਤੋਂ ਛਪਣ ਵਾਲੇ ਮਾਸਕ ਪੱਤਰ 'ਜਾਗ੍ਰਿਤੀ' ਨੂੰ ਭੇਜ ਦਿੱਤਾ। ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਇਸ ਰਸਾਲੇ ਦੇ ਸੰਪਾਦਕ ਸਨ। ਉਨ੍ਹਾਂ ਨੇ ਇਹ ਲੇਖ ਪਸੰਦ ਹੀ ਨਹੀਂ ਕੀਤਾ ਸਗੋਂ ਹੌਸਲਾ ਵਧਾਊ ਖ਼ਤ ਲਿਖ ਕੇ ਹੋਰ ਲੇਖਾਂ ਦੀ ਮੰਗ ਵੀ ਕੀਤੀ ਤੇ ਮੇਰੇ ਲੋਕ-ਗੀਤਾਂ ਬਾਰੇ ਅਨੇਕਾਂ ਲੇਖ 'ਜਾਗ੍ਰਿਤੀ' ਵਿਚ ਪ੍ਰਕਾਸ਼ਿਤ ਕਰ ਕੇ ਮੈਨੂੰ ਸਦਾ ਲਈ ਲੋਕ ਸਾਹਿਤ ਦੇ ਖੇਤਰ ਨਾਲ ਜੋੜ ਦਿੱਤਾ। 'ਪੰਜਾਬੀ ਦੁਨੀਆਂ', ਪੰਜ ਦਰਿਆ' ਅਤੇ 'ਜਨ ਸਾਹਿਤ' ਵਰਗੇ ਨਾਮੀ ਰਸਾਲਿਆਂ ਵਿਚ ਸਮੇਂ-ਸਮੇਂ ਮੈਂ ਲੇਖ ਲਿਖੇ।' ਆਪਣੀ ਵਿੱਦਿਆ ਪ੍ਰਾਪਤੀ ਤੋਂ ਬਾਅਦ ਮਾਦਪੁਰੀ ਨੇ ਅਧਿਆਪਨ ਦਾ ਕਿੱਤਾ ਅਪਣਾਇਆ। ਜੇਬੀਟੀ, ਗਿਆਨੀ ਕਰਨ ਤੋਂ ਬਾਅਦ ਉਨ੍ਹਾਂ ਨੇ ਪੰਜਾਬੀ ਦੀ ਐੱਮਏ ਕੀਤੀ। ਲੋਕ ਸਾਹਿਤ ਨਾਲ ਸਬੰਧਿਤ ਪੁਸਤਕ 'ਲੋਕ ਬੁਝਾਰਤਾਂ' 1956 ਵਿਚ ਪ੍ਰਕਾਸ਼ਿਤ ਕਰਵਾ ਕੇ ਉਨ੍ਹਾਂ ਨੇ ਆਪਣਾ ਸਬੰਧ ਲੋਕਧਾਰਾ ਨਾਲ ਜੋੜਿਆ। ਉਸ ਤੋਂ ਬਾਅਦ ਤਾਂ ਉਹ ਪੂਰੀ ਤਨਦੇਹੀ ਨਾਲ ਲੋਕ ਸਾਹਿਤ ਨੂੰ ਇਕੱਤਰ ਕਰਨ ਅਤੇ ਪ੍ਰਕਾਸ਼ਿਤ ਕਰਾਉਣ ਵਿਚ ਜੁੱਟ ਗਏ।

ਆਪਣੇ ਅਧਿਆਪਨ ਕਾਰਜ ਨੂੰ ਛੱਡ ਕੇ ਉਹ ਪਹਿਲੀ ਫਰਵਰੀ 1978 ਨੂੰ ਬਤੌਰ ਵਿਸ਼ਾ ਮਾਹਿਰ ਪੰਜਾਬੀ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਚਲੇ ਗਏ ਜਿੱਥੇ ਉਨ੍ਹਾਂ ਨੇ ਅਪ੍ਰੈਲ 1980 ਤੋਂ ਜੂਨ 1993 ਤਕ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ ਦਾ ਕਾਰਜ ਵੀ ਸੰਭਾਲਿਆ। ਇੱਥੇ ਹੀ ਉਨ੍ਹਾਂ ਨੇ ਬਾਲ-ਸਾਹਿਤ ਤੋਂ ਇਲਾਵਾ ਸਿੱਖਿਆ ਬੋਰਡ ਲਈ ਪਾਠ-ਪੁਸਤਕਾਂ ਲਈ ਪਾਠ ਲਿਖੇ ਅਤੇ ਪਾਠ ਪੁਸਤਕਾਂ ਦੀ ਸੰਪਾਦਨਾ ਵੀ ਕਰਵਾਈ। ਇੱਥੇ ਹੀ ਉਨ੍ਹਾਂ ਨੂੰ 1995 ਵਿਚ ਉਨ੍ਹਾਂ ਦੀਆਂ ਬਾਲ ਸਾਹਿਤ ਸੇਵਾਵਾਂ ਨੂੰ ਪਛਾਣਦਿਆਂ 'ਭਾਸ਼ਾ ਵਿਭਾਗ-ਪੰਜਾਬ' ਨੇ 'ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ' ਨਾਲ ਸਨਮਾਨਿਆ। ਇਸ ਤੋਂ ਇਲਾਵਾ ਸਾਹਿਤ ਅਕਾਦਮੀ ਦਿੱਲੀ ਨੇ ਵੀ ਉਸ ਨੂੰ ਵਕਾਰੀ ਐਵਾਰਡ ਸਾਹਿਤ ਅਕਾਦਮੀ ਪੁਰਸਕਾਰ 2015 ਦੇ ਕੇ ਪੁਰਸਕਰਿਆ ਹੈ।

ਸੁਖਦੇਵ ਮਾਦਪੁਰੀ ਲੋਕ ਸਾਹਿਤ ਅਤੇ ਬਾਲ ਸਾਹਿਤ ਲੇਖਨ ਦਾ ਸੰਗਮ ਹੈ ਜਿਸ ਨੇ ਪੰਜਾਬ ਦੇ ਲੋਪ ਹੋ ਰਹੇ ਲੋਕ-ਸਾਹਿਤਕ ਵਿਰਸੇ ਨੂੰ ਸੰਭਾਲਣ ਦਾ ਨਿਸ਼ਚਾ ਕੀਤਾ ਹੋਇਆ ਹੈ। ਇਸੇ ਲਈ ਉਹ ਲੋਕਧਾਰਾ ਦੇ ਖੋਜੀਆਂ ਵਿਚ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ। ਲੋਕ ਗੀਤਾਂ ਦੀ ਸਮਾਜਕ ਵਿਆਖਿਆ, ਪੰਜਾਬ ਦੇ ਲੋਕ ਨਾਇਕ, ਮਹਿਕ ਪੰਜਾਬ ਦੀ, ਪੰਜਾਬੀ ਸੱਭਿਆਚਾਰ ਦੀ ਆਰਸੀ, ਦੇਸ ਪਰਦੇਸ ਦੀਆਂ ਲੋਕ ਕਹਾਣੀਆਂ, ਬੋਲੀਆਂ ਦਾ ਪਾਵਾਂ ਬੰਗਲਾ, ਕੱਲਰ ਦੀਵਾ ਮੱਚਦਾ, ਲੋਕ ਗੀਤਾਂ ਦੀਆਂ ਕੂਲ੍ਹਾਂ-ਸ਼ਗਨਾਂ ਦੇ ਗੀਤ, ਵਿਰਾਸਤੀ ਮੇਲੇ ਅਤੇ ਤਿਉਹਾਰ, ਪੰਜਾਬੀ ਲੋਕ ਗਾਥਾਵਾਂ-ਜਿਨ੍ਹਾਂ ਵਣਜ ਦਿਲਾਂ ਦੇ ਕੀਤੇ, ਮਹਿੰਦੀ ਸ਼ਗਨਾਂ ਦੀ ਅਤੇ ਇਸ਼ਕ ਸਿਰਾਂ ਦੀ ਬਾਜ਼ੀ ਮਾਦਪੁਰੀ ਦੀਆਂ ਲੋਕਧਾਰਾ ਵੰਨਗੀ ਦੀਆਂ ਮਹੱਤਵਪੂਰਨ ਪੁਸਤਕਾਂ ਹਨ। ਇਹ ਖ਼ੁਸ਼ੀ ਦੀ ਗੱਲ ਹੈ ਕਿ ਉਹ ਲੋਕਧਾਰਾ ਦੇ ਕਾਰਜ ਵਿਚ ਗਤੀਸ਼ੀਲ ਹਨ। ਉਹ ਨਾ ਹੰਭੇ ਹਨ, ਨਾ ਰੁਕੇ ਹਨ। ਸੱਚ-ਮੁੱਚ ਹੀ ਮਾਦਪੁਰੀ ਪੰਜਾਬੀ ਲੋਕਧਾਰਾ ਦਾ ਵਗਦਾ ਦਰਿਆ ਹੈ। •



*ਸੁਖਦੇਵ ਮਾਦਪੁਰੀ ਲੋਕ ਸਾਹਿਤ ਅਤੇ ਬਾਲ ਸਾਹਿਤ ਲੇਖਨ ਦਾ ਸੰਗਮ ਹੈ ਜਿਸ ਨੇ ਪੰਜਾਬ ਦੇ ਲੋਪ ਹੋ ਰਹੇ ਲੋਕ-ਸਾਹਿਤਕ ਵਿਰਸੇ ਨੂੰ ਸੰਭਾਲਣ ਦਾ ਨਿਸ਼ਚਾ ਕੀਤਾ ਹੋਇਆ ਹੈ। ਇਸੇ ਲਈ ਉਹ ਲੋਕਧਾਰਾ ਦੇ ਖੋਜੀਆਂ ਵਿਚ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ...*

ਕਵਿਤਾਵਾਂ



ਸਰਦਾਰ ਪੰਛੀ
94174-91668

## ਲੈ ਕੇ ਹੱਥਾਂ ਵਿਚ ਹੱਥ

ਲੈ ਕੇ ਹੱਥਾਂ ਵਿਚ ਹੱਥ, ਪਾ ਕੇ ਬਾਹਾਂ ਵਿਚ ਬਾਹਾਂ,
ਹੋਵੋ ਨੱਚਣੇ ਦੇ ਵਾਸਤੇ ਤਿਆਰ ਹਾਣੀਓਂ,
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।

ਓਥੇ ਖਿੜ ਪਏ ਨੇ ਫੁੱਲ ਜਿੱਥੇ ਹੰਝੂ ਡੁੱਲ੍ਹੇ ਸੀ,
ਓਸੇ ਮੋੜ 'ਤੇ ਹਾਂ ਆਏ ਜਿੱਥੋਂ ਰਾਹ ਭੁੱਲੇ ਸੀ,
ਜਿੱਥੇ ਟੁੱਟ ਗਏ ਸੀ ਕੌਲ ਤੇ ਕਰਾਰ ਹਾਣੀਓਂ
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।

ਫੇਰ ਬੁੱਲ੍ਹਾਂ ਉੱਤੇ ਨਵੀਂ ਮੁਸਕਾਨ ਆਈ ਏ,
ਫੇਰ ਗਿੱਧਿਆਂ ਦੀ ਜਾਨ ਵਿਚ ਜਾਨ ਆਈ ਏ
ਹੋਈ ਸੁਰ ਵਿਚ ਤੂੰਬੀਆਂ ਦੀ ਤਾਰ ਹਾਣੀਓਂ
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।

ਫੇਰ ਨਵਾਂ ਦਿਨ ਚੜ੍ਹਿਆ ਤੇ ਚੜ੍ਹੀ ਨਵੀਂ ਧੁੱਪ,
ਹੁਣ ਨੇਰ੍ਹਿਆਂ ਤੋਂ ਡਰ ਕੇ ਨਾ ਰਹਿਣਾ ਅਸਾਂ ਚੁੱਪ,
ਏਹੋ ਅੱਜ ਦੇ ਸਮੇਂ ਦੀ ਹੈ ਵੰਗਾਰ ਹਾਣੀਓਂ
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।



ਜਗਜੀਤ ਸਿੰਘ ਨੂਰ
93166-03510

## ਨਿਗ੍ਹਾ ਰਹੇ ਸਵੱਲੀ

ਨਿਗ੍ਹਾ ਰਹੇ ਸਵੱਲੀ ਜੇ ਮੁਰਸ਼ਦਾਂ ਦੀ,
ਪਲਟੇ ਸ਼ਿਸ਼ਾਂ ਦੀ ਫੇਰ ਤਕਦੀਰ ਮੀਆਂ।

ਮੁਰਸ਼ਦ ਕਰੇ ਜੇ ਕਿਰਪਾ ਸ਼ਗਿਰਦ ਉੱਤੇ,
ਸਾਹਿਤ ਰਚੇਗਾ ਉਹ ਬੇਨਜ਼ੀਰ ਮੀਆਂ।

ਫੇਰ ਲਵੇ ਜੇ ਸੱਜਣ ਤੋਂ ਅੱਖ ਸੱਜਣ,
ਫੇਰ ਸੁੱਝਦੀ ਨਹੀਂ ਤਦਬੀਰ ਮੀਆਂ।

ਸਾਹ-ਸੂਤ ਲੈਂਦੇ ਸ਼ਿਕਵੇ ਘਰ ਦਿਆਂ ਦੇ,
ਚਿੱਤ ਬੰਦੇ ਦਾ ਬੰਨ੍ਹੇ ਨਾ ਧੀਰ ਮੀਆਂ।

ਸਾਥੀ ਜਦੋਂ ਨਿਭਾਵੇ ਨਾ ਸਾਥ ਪੂਰਾ,
ਚਿੱਤ ਰਹਿੰਦਾ ਏ ਫੇਰ ਦਿਲਗੀਰ ਮੀਆਂ।

ਸਿਆਸਤ ਦੇਸ਼ ਦੀ ਜਦੋਂ ਪੈ ਜਾਏ ਔਝੜ,
ਪੈਂਦੀ ਧੁੰਦਲੀ ਵਤਨ-ਤਸਵੀਰ ਮੀਆਂ।

ਜਦੋਂ ਕਿਰਤੀ-ਕਿਸਾਨ ਹੀ ਮਰਨ ਭੁੱਖੇ,
ਦਸ਼ਾ ਦੇਸ਼ ਦੀ ਬਣੇ ਗੰਭੀਰ ਮੀਆਂ।

ਜਦੋਂ ਮਾਪਿਆਂ ਤੋਂ ਮੋੜਨ ਮੂੰਹ ਬੱਚੇ,
ਰੁੱਸੇ ਉਨ੍ਹਾਂ ਦੀ ਓਦੋਂ ਤਕਦੀਰ ਮੀਆਂ।

ਬਿਨਾਂ ਮੁਰਸ਼ਦ ਰਾਹ ਨਾ ਹੱਥ ਆਉਂਦੇ,
ਕਹਿਕੇ ਵਾਰਸ ਨੇ ਕੀਤੀ ਅਖ਼ੀਰ ਮੀਆਂ।

ਵੱਸੇ 'ਨੂਰ' ਇਲਾਹੀ ਜੇ ਚਿੱਤ ਅੰਦਰ,
ਬਣਦੈ ਆਦਮੀ ਗੁਣੀ-ਗਹੀਰ ਮੀਆਂ।



ਅਮਰਜੀਤ ਸਿੰਘ ਵੜੈਚ
94178-01998

## ਪਿੰਡ ਦਾ ਮਰਸੀਆ ਸ਼ਹਿਰ ਦੇ ਨਾਂ

ਮੇਰਾ ਵੀ ਦਿਲ ਤੇਰੇ ਵਾਂਗੂ,
ਸੱਜਣਾ ਧੱਕ-ਧੱਕ ਕਰਦਾ ਏ।
ਸ਼ਹਿਰ ਦੇ ਹੱਥ 'ਚ ਪੀਜ਼ਾ ਵੇਖਕੇ,
ਪਿੰਡ ਵੀ ਹੌਕੇ ਭਰਦਾ ਹੈ।

ਸ਼ਹਿਰ ਦੇ ਮੱਥੇ ਐੱਲਈਡੀ ਦੀ,
ਬਿੰਦੀ ਜੱਗ-ਮੱਗ ਕਰਦੀ ਏ,
ਪਿੰਡ ਦੀ ਫਿਰਨੀ ਉੱਤਲਾ ਦੀਵਾ,
ਸੱਜਣਾ ਭੱਕ-ਭੱਕ ਕਰਦਾ ਹੈ।

ਚੰਡੀਗੜ੍ਹ, ਦਿੱਲੀ ਲੰਡਨ ਦੇ,
ਸ਼ਹਿਰ ਤਾਂ ਸੁਪਨੇ ਲੈਂਦਾ ਏ,
ਪਿੰਡ ਵਿਚਾਰਾ ਅੱਬੜ੍ਹਵਾਹੇ,
ਸ਼ਹਿਰ ਵਿਚ ਉੱਠ ਖੜ੍ਹਦਾ ਏ।

ਏਸੀ ਕਾਰਾਂ, ਕੋਠੀਆਂ ਦੇ ਵਿਚ,
ਸ਼ਹਿਰ ਨਜ਼ਾਰੇ ਲੈਂਦਾ ਏ,
ਪਿੰਡ ਵਿਚਾਰਾ ਜੇਠ-ਹਾੜ ਵਿਚ,
ਭੱਠੀ ਦੇ ਵਿਚ ਸੜਦਾ ਏ।

ਸ਼ਹਿਰ ਦਾ ਪਾਣੀ, ਬੱਤਾ, ਕੁਲਫੀ,
ਪੈਕਿੰਗ ਦੇ ਵਿਚ ਵਿਕਦੇ ਨੇ,
ਕਣਕ ਤੇ ਝੋਨਾ ਵੇਚਣ ਲਈ ਪਿੰਡ,
ਮੰਡੀਆਂ ਦੇ ਵਿਚ ਮਰਦਾ ਏ।

ਡਿਸਕੋ-ਡਾਂਸ, ਡੀਜੇ ਕੈਬਰੇ,
ਸ਼ਹਿਰ ਤਾਂ ਰੈਪ ਵੀ ਗਾਉਂਦਾ ਏ,
ਪਿੰਡ ਵਿਚਾਰਾ ਸਦੀਆਂ ਤੋਂ ਹੀ,
ਆਪਣੇ ਮਰਸੀਏ ਪੜ੍ਹਦਾ ਏ।

ਲਾਲ ਕਿਲ੍ਹਾ ਤਾਂ ਹਰ ਵਾਰੀ ਹੀ,
ਹਾਮੀ ਭਰਦਾ ਪਿੰਡ ਦੀ ਏ,
ਪਰ ਹਰ ਵਾਰੀ ਸ਼ਹਿਰ ਦੀ ਖ਼ਾਤਿਰ,
ਪਿੰਡ ਬਲੀ ਹੀ ਚੜ੍ਹਦਾ ਏ।

ਬਾਪੂ ਗਾਂਧੀ ਕਹਿੰਦਾ ਸੀ,
ਭਾਰਤ ਪਿੰਡਾਂ ਵਿਚ ਵਸਦਾ ਏ,
ਬਾਪੂ ਤੇਰਾ ਹਰ ਇਕ ਵਾਰਿਸ,
ਸਾਨੂੰ ਆਇਆ ਠੱਗਦਾ ਏ।

ਸੋਹਣਿਆਂ ਸ਼ਹਿਰਾ ਸੁਣ 'ਵੜੈਚ' ਦੀ,
ਗਲ਼-ਨਾਲ ਪਿੰਡ ਨੂੰ ਲਾ ਲੈ ਤੂੰ,
ਵੇਖੀ ਕਿੰਜ ਇਹ ਲੋਟੂ ਟੋਲਾ,
ਗਿਦੜਾਂ ਵਾਂਗੂ ਭੱਜਦਾ ਏ।



ਬਲਜੀਤ ਤਲਵੰਡੀ
92177-68857

## ਸਿੰਮਦੇ ਲਹੂ

ਬੇਜਾਨ ਬੁੱਤਾਂ ਦੇ ਪਿੰਡਿਆਂ 'ਚੋਂ ਲਹੂ ਸਿੰਮਦੇ
ਟੁੱਟੇ ਜਜ਼ਬਾਤ ਦੇ ਪਿੰਜਰ ਰੁਲ ਦੇ
ਸੁੱਕ ਚੁੱਕੇ ਹੰਝੂਆਂ ਦੇ ਨਿਸ਼ਾਨ ਮਿਟਦੇ
ਕੁਝ ਹਉਕਿਆਂ ਦੇ ਡੁੱਬਦੇ ਸਾਹ ਮਿਲਦੇ।

ਰੁਲ ਰਹੇ ਨੇ ਸਾਹਾਂ ਦੇ ਟੁਕੜੇ
ਰਾਤਾਂ ਕਾਲੀਆਂ ਦੇ ਘੁੱਪ-ਹਨੇਰੇ
ਇਕ ਛਿੱਟ ਚਾਨਣ ਦੀ ਤਲਾਸ਼ 'ਚ
ਪੀੜਾਂ 'ਚ ਗੜੁੱਚ ਕੁਝ ਸਾਹ ਮਿਲਦੇ।

ਧੁੱਪ ਦੇ ਕਹਿਰ 'ਚ ਲੂਸੇ ਫੁੱਲਾਂ ਦੀਆਂ ਚੀਕਾਂ
ਕੁਝ ਪੈਰਾਂ ਹੇਠ ਮਿੱਧੇ ਹੋਏ ਪੱਤਿਆਂ ਦਾ ਚੂਰਾ
ਕੁਝ ਅੱਧ ਸੜੀਆਂ ਲਾਸ਼ਾਂ ਦੀ ਰਾਖ
ਕਈ ਨਹਿਰ 'ਚ ਰੁੜ੍ਹ ਦੇ ਹੱਡ ਮਿਲਦੇ।

ਆਹ ਟੁੱਟੇ ਪਏ ਸੁਪਨੇ ਸਿਰਹਾਣੇ
ਨੀਂਦ ਦੇ ਸਦਮੇ 'ਚ ਸੁੱਤੇ ਲੱਗਦੇ
ਕਿਸੇ ਝੀਤ 'ਚੋਂ ਕੋਈ ਰੌਲਾ ਸੁਣ ਕੇ
ਅਧੂਰੀਆਂ ਫ਼ਰਿਆਦਾਂ ਦੇ ਹਰਫ਼ ਮਿਲਦੇ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਦੇ ਦੇਹਾਂਤ 'ਤੇ ਜਤਾਇਆ ਦੁੱਖ



**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਗੁਜਰਾਤ ਦੇ ਗਾਂਧੀਨਗਰ ਪਹੁੰਚ ਕੇ ਸਾਬਕਾ ਮੁੱਖ ਮੰਤਰੀ ਸ੍ਰੀ ਵਿਜੈ ਰੂਪਾਨੀ ਦੇ ਅਚਾਨਕ ਦੇਹਾਂਤ 'ਤੇ ਡੂੰਘਾ ਦੁੱਖ ਜਤਾਇਆ ਅਤੇ ਪਰਿਵਾਰ ਨੂੰ ਦਿਲਾਸਾ ਦਿੱਤੀ।

ਆਪਣੀ ਭਾਵਨਾਵਾਂ ਪ੍ਰਕਟ ਕਰਦੇ ਹੋਏ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਸ੍ਰੀ ਵਿਜੈ ਰੂਪਾਨੀ ਜੀ ਦਾ ਇੱਕ ਲੰਬਾ ਰਾਜਨੀਤਕ ਸਫ਼ਰ ਰਿਹਾ ਹੈ। ਉਨ੍ਹਾਂ ਦਾ ਜੀਵਨ ਸਾਦਗੀ ਭਰਿਆ ਹੋਇਆ ਸੀ ਅਤੇ ਉਹ ਹਮੇਸ਼ਾ ਜਨਸੇਵਾ ਲਈ ਸਮਰਪਿਤ ਰਹੇ। ਅਸੀ ਲਗਾਤਾਰ ਸੰਪਰਕ ਵਿੱਚ ਸੀ, ਇੱਕ-ਦੂਜੇ ਨੂੰ ਮਿਲਦੇ ਰਹਿੰਦੇ ਸਨ। ਉਨ੍ਹਾਂ ਦੇ ਦੇਹਾਂਤ ਨਾਲ ਸਿਰਫ਼ ਪਰਿਵਾਰ ਨੂੰ ਹੀ ਨਹੀਂ ਸਗੋਂ ਗੁਜਰਾਤ ਦੀ ਜਨਤਾ ਅਤੇ ਪੂਰੇ ਦੇਸ਼ ਵਿੱਚ ਲੋਕਾਂ ਨੂੰ ਡੂੰਘਾ ਸਦਮਾ ਪਹੁੰਚਿਆ ਹੈ। ਮੇਰੀ ਭਗਵਾਨ ਅੱਗੇ ਪ੍ਰਾਰਥਨਾ ਹੈ ਕਿ ਵਿਛੜੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰਨ ਅਤੇ ਆਪਣੇ ਸ੍ਰੀਚਰਣਾਂ ਵਿੱਚ ਸਥਾਨ ਦੇਣ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਾਲ ਹੀ ਵਿੱਚ ਅਹਿਮਦਾਬਾਦ ਵਿੱਚ ਹੋਇਆ ਵਿਮਾਨ ਹਾਦਸ ਬਹੁਤ ਹੀ ਮੰਦਭਾਗੀ ਘਟਨਾ ਸੀ, ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਨੇ ਇਸ ਹਾਦਸੇ ਵਾਲੀ ਥਾਂ 'ਤੇ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਭਗਵਾਨ ਨੂੰ ਪਰਿਵਾਰ ਦੇ ਮੈਂਬਰਾਂ ਨੂੰ ਦੁੱਖ ਸਹਿਣ ਕਰਨ ਅਤੇ ਵਿਛੜੀ ਆਤਮਾਵਾਂ ਨੂੰ ਸ੍ਰੀਚਰਣਾਂ ਵਿੱਚ ਸਥਾਨ ਦੇਣ ਦੀ ਪ੍ਰਾਰਥਨਾ ਵੀ ਕੀਤੀ।

ਇਸ ਮੌਕੇ 'ਤੇ ਹਰਿਆਣਾ ਭਾਜਪਾ ਦੇ ਸੂਬਾ ਪ੍ਰਧਾਨ ਸ੍ਰੀ ਮੋਹਨ ਲਾਲ ਕੌਸ਼ਿਕ ਵੀ ਮੌਜੂਦ ਰਹੇ।

# ਐੱਸਡੀਐੱਮ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਨਾਰਾਇਣਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਸਬ-ਡਿਵੀਜ਼ਨ ਪੱਧਰ 'ਤੇ ਲਗਾਏ ਗਏ ਸਮਾਧਾਨ ਕੈਂਪ ਦੀ ਪ੍ਰਧਾਨਗੀ ਕਰਦਿਆਂ ਐੱਸਡੀਐੱਮ ਸ਼ਿਵਜੀਤ ਭਾਰਤੀ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆਂ ਅਤੇ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਕੈਂਪ ਵਿੱਚ ਜ਼ਿਆਦਾਤਰ ਸ਼ਿਕਾਇਤਾਂ ਪਰਿਵਾਰਕ ਪਛਾਣ ਪੱਤਰ ਵਿੱਚ ਗਲਤੀਆਂ ਨੂੰ ਸੁਧਾਰਨ, ਸੀਵਰੇਜ ਸਿਸਟਮ ਦੀ ਮੁਰੰਮਤ, ਪਾਣੀ ਦੀ ਨਿਕਾਸੀ ਦੀ ਸਮੱਸਿਆ, ਸੈਨੀਟੇਸ਼ਨ ਸਿਸਟਮ ਅਤੇ ਬੀਪੀਐੱਲ ਕਾਰਡ ਨਾਲ ਸਬੰਧਤ ਸਨ। ਐੱਸਡੀਐੱਮ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਲੋੜੀਂਦੀ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਕੈਂਪ ਵਿੱਚ ਨਰਾਇਣਗੜ੍ਹ ਦੇ ਨਾਇਬ ਤਹਿਸੀਲਦਾਰ ਸੰਜੀਵ ਅੱਤਰੀ, ਸ਼ਹਿਜ਼ਾਦਪੁਰ ਦੇ ਨਾਇਬ ਤਹਿਸੀਲਦਾਰ ਅਮਿਤ ਵਰਮਾ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਸੂਰਜਕੁੰਡ ਰੋਡ 'ਤੇ ਆਲੀਸ਼ਾਨ ਇਮਾਰਤਾਂ ਢਾਹੀਆਂ



**ਫਰੀਦਾਬਾਦ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਫਰੀਦਾਬਾਦ ਦੇ ਅਰਾਵਲੀ ਜੰਗਲਾਤ ਖੇਤਰ ਵਿੱਚ ਫਾਰਮ ਹਾਊਸ ਅਤੇ ਬੈਂਕੁਅਟ ਹਾਲਾਂ ਨੂੰ ਢਾਹੁਣ ਦੀ ਕਾਰਵਾਈ ਅੱਜ ਅਖੀਰ ਚੌਕ ਤੋਂ ਸ਼ੁਰੂ ਹੋਈ। ਇੱਥੇ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਬਣੇ ਵਿਆਹ ਵਾਲੇ ਹਾਲਾਂ ਨੂੰ ਢਾਹ ਦਿੱਤਾ ਗਿਆ। ਅੱਜ ਸੂਰਜਕੁੰਡ ਰੋਡ 'ਤੇ ਸਥਿਤ ਇੱਕ ਉਦਯੋਗਪਤੀ ਦੇ ਰਿਜ਼ੋਰਟ ਸਮੇਤ ਦਸ ਫਾਰਮ ਹਾਊਸਾਂ ਅਤੇ ਬੈਂਕੁਇਟ ਹਾਲਾਂ 'ਤੇ ਕਾਰਵਾਈ ਕੀਤੀ ਗਈ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਇੱਕ ਹਫ਼ਤੇ ਵਿੱਚ 55 ਫਾਰਮ ਹਾਊਸ, ਬੈਂਕੁਇਟ ਹਾਲ ਅਤੇ ਵਿਆਹਾਂ ਵਾਲੇ ਹਾਲ ਢਾਹ ਦਿੱਤੇ ਗਏ ਹਨ। ਇਹ ਕਾਰਵਾਈ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਅਰਾਵਲੀ ਜੰਗਲਾਤ ਖੇਤਰ ਵਿੱਚ 6793 ਤੋਂ ਵੱਧ ਛੋਟੇ-ਵੱਡੀਆਂ ਨਾਜਾਇਜ਼ ਉਸਾਰੀਆਂ ਢਾਹੀਆਂ ਜਾਣਗੀਆਂ। ਇਨ੍ਹਾਂ ਸਾਰਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਸੁਪਰੀਮ ਕੋਰਟ ਵਿੱਚ ਅਗਲੀ ਸੁਣਵਾਈ ਅਗਸਤ ਵਿੱਚ ਹੋਵੇਗੀ।

# ਗੁਰੂਘਰਾਂ ਦਾ ਸੇਵਾਦਾਰ ਬਣਿਆ ਰਹਾਂਗਾ: ਝੀਂਡਾ



**ਰਤੀਆ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਉਤਸਵ ਮੌਕੇ ਅੱਜ ਰਤੀਆ ਦੇ ਪੁਰਾਣੇ ਬਾਜ਼ਾਰ ਸਥਿਤ ਗੁਰਦੁਆਰੇ ਵਿੱਚ ਨਤਮਸਤਕ ਹੋਏ। ਇਸ ਮੌਕੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤ੍ਰਿਲੋਕ ਸਿੰਘ ਦੇ ਰਾਗੀ ਜਥੇ ਅਤੇ ਇੰਦਰਪਾਲ ਸਿੰਘ ਕਥਾਵਾਚਕ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਇਸ ਮੌਕੇ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਜੇ ਧਰਮ ਦਾ ਪ੍ਰਚਾਰ ਸਿਰਫ਼ ਸੂਬੇ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਹੁੰਦਾ ਹੈ ਤਾਂ ਅਸੀਂ ਉੱਥੇ ਵੀ ਜਾਵਾਂਗੇ। ਉਨ੍ਹਾਂ ਸਮੂਹ ਸੰਗਤ ਨੂੰ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਨਹੀਂ, ਸਗੋਂ ਤੁਹਾਡਾ ਸੇਵਾਦਾਰ ਹੈ ਅਤੇ ਸੇਵਾਦਾਰ ਬਣ ਕੇ ਗੁਰੂਘਰਾਂ ਦੀ ਸੇਵਾ ਕਰਦਾ ਰਹਾਂਗਾ। ਉਨ੍ਹਾਂ ਕਿਹਾ ਕਿ ਉਹ ਹਰਿਆਣਾ ਦੇ ਸਾਰੇ ਗੁਰਦੁਆਰਿਆਂ ਦਾ ਨਿੱਜੀ ਤੌਰ 'ਤੇ ਨਿਰੀਖਣ ਕਰਨਗੇ ਅਤੇ ਜਿੱਥੇ ਵੀ ਕਿਸੇ ਕਿਸਮ ਦੀ ਘਾਟ ਪਾਈ ਜਾਵੇਗੀ, ਉਸ ਨੂੰ ਦੂਰ ਕਰਨ ਲਈ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵੱਧ ਰਹੇ ਹਨ, ਉਸ ਨੂੰ ਧਿਆਨ ਵਿੱਚ ਰੱਖਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਨਾਲ ਗੱਲਬਾਤ ਕੀਤੀ ਜਾਵੇਗੀ ਅਤੇ ਗੁਰਦੁਆਰਿਆਂ ਦੀ ਸੁਰੱਖਿਆ ਦੀ ਮੰਗ ਵੀ ਕੀਤੀ ਜਾਵੇਗੀ। ਇਹ ਸਮਾਗਮ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੇਵਾ ਟਰੱਸਟ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਟਰੱਸਟ ਦੇ ਮੈਂਬਰਾਂ ਵੱਲੋਂ ਕਰਵਾਇਆ ਗਿਆ। ਇਸ ਮੌਕੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਮੈਂਬਰ ਐਡਵੋਕੇਟ ਅਮਨਪ੍ਰੀਤ ਕੌਰ ਜਖਵਾਲ, ਕਾਕਾ ਸਿੰਘ ਲੱਧੂਵਾਸ, ਇਕਬਾਲ ਸਿੰਘ ਖੋਖਰ, ਸਾਬਕਾ ਮੈਂਬਰ ਬਲਦੇਵ ਸਿੰਘ ਰਹਿਣਵਾਲੀ, ਜਥੇਦਾਰ ਜਰਨੈਲ ਸਿੰਘ ਰਤੀਆ ਹਾਜ਼ਰ ਸਨ।

# ਰੈਗਿੰਗ ਰੋਕਣ ਲਈ ਕੇਯੂ ਪ੍ਰਸ਼ਾਸਨ ਸਰਗਰਮ

**ਸ਼ਾਹਬਾਦ ਮਾਰਕੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਕੁਰੂਕਸ਼ੇਤਰ ਯੂਨੀਵਰਸਿਟੀ ਪ੍ਰਸ਼ਾਸ਼ਨ ਨੇ ਸ਼ੈਸ਼ਨ 2025-26 ਵਿੱਚ ਰੈਗਿੰਗ ਸਬੰਧੀ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ ਤੇ ਸਾਰੇ ਅਧਿਕਾਰੀਆਂ ਨੂੰ ਰੈਗਿੰਗ ਰੋਕਣ ਲਈ ਆਪਣੇ ਪੱਧਰ 'ਤੇ ਢੁਕਵੇਂ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸੋਮਨਾਥ ਸਚਦੇਵਾ ਦੇ ਨਿਰਦੇਸ਼ਾਂ ਅਨੁਸਾਰ ਗਠਿਤ ਐਂਟੀ ਰੈਗਿੰਗ ਕਮੇਟੀ ਦੀ ਮੀਟਿੰਗ ਰਜਿਸਟਰਾਰ ਡਾ. ਵੀਰੇਂਦਰ ਪਾਲ ਦੀ ਪ੍ਰਧਾਨਗੀ ਹੇਠ ਕਮੇਟੀ ਰੂਮ ਵਿੱਚ ਹੋਈ। ਐਂਟੀ ਰੈਗਿੰਗ ਕਮੇਟੀ ਨੇ ਯੂਨੀਵਰਸਿਟੀ ਤੇ ਇਸ ਨਾਲ ਜੁੜੇ ਕਾਲਜਾਂ ਵਿੱਚ ਇਸ ਸਮੱਸਿਆ ਨੂੰ ਰੋਕਣ ਲਈ ਕਈ ਮਹੱਤਵਪੂਰਨ ਫੈਸਲੇ ਲਏ ਤੇ ਨਵਾਂ ਸ਼ੈਸ਼ਨ ਸ਼ੁਰੂ ਹੁੰਦਿਆ ਹੀ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ। ਇਸ ਮੌਕੇ ਰਜਿਸਟਰਾਰ ਡਾ. ਵੀਰੇਂਦਰ ਪਾਲ ਨੇ ਕਿਹਾ ਕਿ ਵਾਈਸ ਚਾਂਸਲਰ ਦੇ ਹੁਕਮਾਂ ਅਨੁਸਾਰ ਨਵੇਂ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਰੈਗਿੰਗ ਨੂੰ ਰੋਕਣ ਲਈ ਕਮੇਟੀ ਬਣਾਈ ਗਈ ਹੈ। ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਹਰੇਕ ਵਿਭਾਗ ਨੂੰ ਸੰਸਥਾ ਵੱਲੋਂ ਨਵੇਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਤੇ ਉਪਲਬਧ ਸਹੂਲਤਾਂ ਬਾਰੇ ਜਾਣਕਾਰੀ ਦੇਣ ਲਈ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਏ ਜਾਣਗੇ। ਇਸ ਤੋਂ ਇਲਾਵਾ ਐਂਟੀ ਰੈਗਿੰਗ ਪੋਸਟਰ ਵੀ ਲਾਏ ਜਾਣਗੇ। ਵਿਦਿਆਰਥੀਆਂ ਨੂੰ ਰੈਗਿੰਗ ਦੀਆਂ ਅਸਲ ਘਟਨਾਵਾਂ 'ਤੇ ਆਧਾਰਿਤ ਫਿਲਮਾਂ ਵੀ ਦਿਖਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜੇ ਕੋਈ ਵਿਦਿਆਰਥੀ ਰੈਗਿੰਗ ਕਰਦਾ ਫੜਿਆ ਗਿਆ ਤਾਂ ਉਸ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾ ਸਕਦੀ ਹੈ ਤੇ ਉਸ ਨੂੰ ਯੂਨੀਵਰਸਿਟੀ ਵਿੱਚੋਂ ਕੱਢਿਆ ਵੀ ਜਾ ਸਕਦਾ ਹੈ। ਇਸ ਮੌਕੇ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋ. ਦਿਨੇਸ਼ ਕੁਮਾਰ, ਡੀਨ ਵਿਦਿਆਰਥੀ ਭਲਾਈ ਪ੍ਰੋ. ਏਆਰ ਚੌਧਰੀ, ਕਾਲਜ ਦੇ ਡੀਨ ਪ੍ਰੋ. ਬ੍ਰਿਜੇਸ਼ ਸਾਹਨੀ, ਪੁਰਸ਼ ਹੋਸਟਲ ਦੇ ਵਾਰਡਨ ਜਸਬੀਰ ਢਾਂਡਾ, ਮਹਿਲਾ ਹੋਸਟਲ ਵਾਰਡਨ ਪ੍ਰੋ. ਕੁਸੁਮ ਲਤਾ ਮੌਜੂਦ ਸਨ।

# ਸਿੰਘ ਸਭਾ ਦੇ ਅਹੁਦੇਦਾਰਾਂ ਵੱਲੋਂ ਮੀਟਿੰਗ



**ਨਵੀਂ ਦਿੱਲੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਪੱਛਮੀ ਦਿੱਲੀ ਦੀ ਰਜੌਰੀ ਗਾਰਡਨ ਸਿੰਘ ਸਭਾ ਦੇ ਅਹੁਦੇਦਾਰਾਂ ਵੱਲੋਂ ਗੁਰਦੁਆਰੇ ਦੇ ਦਫਤਰ ਵਿੱਚ ਮੀਟਿੰਗ ਕੀਤੀ ਗਈ। ਇਸ ਮੌਕੇ ਸਿੰਘ ਸਭਾ ਦੇ ਚੱਲ ਰਹੇ ਪ੍ਰਾਜੈਕਟਾਂ ਬਾਰੇ ਚਰਚਾ ਕੀਤੀ ਗਈ। ਸਿੰਘ ਸਭਾ ਦੇ ਪ੍ਰਧਾਨ ਹਰਮਨਜੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਕਮੇਟੀ ਵੱਲੋਂ ਗੁਰਦੁਆਰੇ ਦੀ ਪਹਿਲੀ ਮੰਜ਼ਿਲ 'ਤੇ ਅਤੇ ਜ਼ਮੀਨਦੋਜ਼ ਮੰਜ਼ਿਲ ਵਿੱਚ ਗੁਰੂ ਨਾਨਕ ਡਿਸਪੈਂਸਰੀ ਦੀਆਂ ਓਪੀਡੀ ਸੇਵਾਵਾਂ ਵਿੱਚ ਵਾਧਾ ਕਰਨ ਲਈ ਨਵੇਂ ਢਾਂਚੇ ਤਿਆਰ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕਿ ਇਸ ਵੇਲੇ ਓਪੀਡੀ ਵਿੱਚ ਦਿਨ ਵੇਲੇ ਮਰੀਜ਼ਾਂ ਦੀ ਗਿਣਤੀ ਜ਼ਿਆਦਾ ਹੋ ਜਾਂਦੀ, ਇਸੇ ਕਰਕੇ ਓਪੀਡੀ ਦਾ ਵਿਸਥਾਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦਿਲ ਦੀਆਂ ਬਿਮਾਰੀਆਂ ਨਾਲ ਸਬੰਧਤ ਜਾਂਚ ਲਈ ਵੀ ਨਵੀਂ ਤਕਨੀਕ ਡਿਸਪੈਂਸਰੀ ਵਿੱਚ ਅਪਣਾਈ ਜਾਵੇਗੀ। ਮੀਟਿੰਗ ਵਿੱਚ ਪ੍ਰੀਤਪਾਲ ਸਿੰਘ, ਰਾਜਾ ਬਖਸ਼ੀ, ਸਤਨਾਮ ਸਿੰਘ ਬਜਾਜ, ਜਸਵੰਤ ਸਿੰਘ ਅਤੇ ਅਜੀਤ ਸਿੰਘ ਮੋਂਗਾ ਸ਼ਾਮਲ ਹੋਏ ਅਤੇ ਸ੍ਰੀ ਅੰਮ੍ਰਿਤਸਰ ਵਿਖੇ ਬਣਨ ਵਾਲੀ ਸਰਾਂ ਬਾਰੇ ਵੀ ਚਰਚਾ ਕੀਤੀ।

# ਹਰਿਆਣਾ ਦੀ ਪਹਿਲੀ 'ਟ੍ਰੀ ਐਂਬੂਲੈਂਸ' ਸੇਵਾ ਸ਼ੁਰੂ



**ਫਰੀਦਾਬਾਦ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੇ ਅੱਜ ਫਰੀਦਾਬਾਦ ਨੇ ਵਾਤਾਵਰਨ ਸੁਰੱਖਿਆ ਦੀ ਦਿਸ਼ਾ ਵਿੱਚ ਇੱਕ ਨਵਾਂ ਇਤਿਹਾਸ ਰਚਿਆ। ਹਰਿਆਣਾ ਦੀ ਪਹਿਲੀ 'ਟ੍ਰੀ ਐਂਬੂਲੈਂਸ' ਸੇਵਾ ਵਿਕਟੋਰਾ ਲਾਈਫ ਫਾਊਂਡੇਸ਼ਨ ਵੱਲੋਂ ਸੈਕਟਰ 58 ਦੇ ਵਿਕਟੋਰੀਆ ਇੰਡਸਟਰੀਜ਼ ਕੈਂਪਸ ਤੋਂ ਸ਼ੁਰੂ ਕੀਤੀ ਗਈ। ਇਸ ਨਵੀਨਕਾਰੀ ਪਹਿਲਕਦਮੀ ਦੀ ਅਗਵਾਈ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਪ੍ਰਧਾਨ ਐੱਸਐੱਸ ਬੰਗਾ ਨੇ ਕੀਤੀ, ਜਿਨ੍ਹਾਂ ਨੇ ਐਂਬੂਲੈਂਸ ਰਸਮੀ ਤੌਰ 'ਤੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਟ੍ਰੀ ਐਂਬੂਲੈਂਸ ਸੇਵਾ ਦਾ ਉਦੇਸ਼ ਸ਼ਹਿਰ ਦੇ ਸੁੱਕ ਰਹੇ, ਡਿੱਗ ਰਹੇ ਜਾਂ ਬਿਮਾਰ ਰੁੱਖਾਂ ਨੂੰ ਤੁਰੰਤ ਮਦਦ ਕਰਨਾ ਹੈ। ਇਸ ਰਾਹੀਂ, ਰੁੱਖਾਂ ਨੂੰ ਦੁਬਾਰਾ ਸੰਭਾਲਣ, ਇਲਾਜ ਕਰਨ ਅਤੇ ਜੀਵਨ ਦੇਣ ਦੇ ਯਤਨ ਕੀਤੇ ਜਾਣਗੇ। ਸ੍ਰੀ ਬੰਗਾ ਨੇ ਉਦਘਾਟਨ ਸਮੇਂ ਕਿਹਾ ਕਿ ਹੁਣ ਸਿਰਫ਼ ਪੌਦੇ ਲਗਾਉਣਾ ਕਾਫ਼ੀ ਨਹੀਂ ਹੈ, ਉਨ੍ਹਾਂ ਦੀ ਦੇਖਭਾਲ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਇਸ ਸੇਵਾ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਐਂਬੂਲੈਂਸ ਵਿੱਚ ਆਧੁਨਿਕ ਸਰੋਤ ਅਤੇ ਉਪਕਰਣ ਉਪਲਬਧ ਹਨ, 200-400 ਲਿਟਰ ਪਾਣੀ ਦੀ ਟੈਂਕੀ, ਦੋ ਸਿਖਲਾਈ ਪ੍ਰਾਪਤ ਮਾਲੀ ਅਤੇ ਵਾਤਾਵਰਨ ਵਾਲੰਟੀਅਰ, ਜੈਵਿਕ ਕੀਟਨਾਸ਼ਕ, ਖਾਦ ਅਤੇ ਮਿੱਟੀ, ਪੌਦਿਆਂ ਨੂੰ ਕੱਟਣ ਲਈ ਛਾਂਟੀ ਦੇ ਸੰਦ, ਡਿੱਗੇ ਹੋਏ ਰੁੱਖਾਂ ਨੂੰ ਸੰਭਾਲਣ ਲਈ ਬਰੇਸਿੰਗ ਅਤੇ ਸਟੇਕਿੰਗ ਕਿੱਟਾਂ, ਪੌੜੀਆਂ, ਰੱਸੀਆਂ, ਪੁਲੀਆਂ ਅਤੇ ਉੱਚੇ ਰੁੱਖਾਂ ਦੀ ਦੇਖਭਾਲ ਲਈ ਸੁਰੱਖਿਆ ਗੇਅਰ ਆਦਿ। ਵਿਕਟੋਰੀਆ ਲਾਈਫ ਫਾਊਂਡੇਸ਼ਨ ਦਾ ਉਦੇਸ਼ ਇਸ ਸੇਵਾ ਅਧੀਨ 500 ਤੋਂ ਵੱਧ ਰੁੱਖਾਂ ਦਾ ਇਲਾਜ ਕਰਨਾ ਹੈ। ਇਸ ਮੌਕੇ ਮੁੱਖ ਮਹਿਮਾਨ ਵਜੋਂ, ਪ੍ਰੋ. ਐੱਸਕੇ ਤੋਮਰ, ਕੇਕੇ ਅਗਨੀਹੋਤਰੀ ਤੇ ਸੁਖਦੇਵ ਸਿੰਘ (ਐਮਡੀ, ਹਿੰਦ ਹਾਈਡਰੌਲਿਕ) ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ।

# ਕੌਮੀ ਹੜਤਾਲ ਨੂੰ ਸਫ਼ਲ ਬਣਾਉਣ ਦੀਆਂ ਤਿਆਰੀਆਂ




**ਯਮੁਨਾਨਗਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਦੇਸ਼ ਦੀਆਂ ਟਰੇਡ ਯੂਨੀਅਨਾਂ ਦੇ ਸੱਦੇ 'ਤੇ, 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਦੀ ਤਿਆਰੀ ਵਜੋਂ, ਸਰਵ ਕਰਮਚਾਰੀ ਸੰਘ ਹਰਿਆਣਾ ਨਾਲ ਸਬੰਧਤ ਆਲ ਇੰਡੀਆ ਸਟੇਟ ਗੌਰਮਿੰਟ ਐਂਪਲਾਈਜ਼ ਫੈਡਰੇਸ਼ਨ ਨੇ ਜ਼ਿਲ੍ਹਾ ਪ੍ਰਧਾਨ ਮਹੀਪਾਲ ਸੌਦੇ ਦੀ ਪ੍ਰਧਾਨਗੀ ਹੇਠ ਭਾਈ ਘਨ੍ਹਈਆ ਸਾਹਿਬ ਚੌਂਕ ਨੇੜੇ ਗੋਵਿੰਦਪੁਰੀ ਸਰਕਾਰੀ ਸਕੂਲ ਵਿੱਚ ਜ਼ਿਲ੍ਹਾ ਪੱਧਰੀ ਵਰਕਰ ਸੰਮੇਲਨ ਕੀਤਾ। ਮੰਚ ਸੰਚਾਲਨ ਜ਼ਿਲ੍ਹਾ ਸਕੱਤਰ ਗੁਲਸ਼ਨ ਭਾਰਦਵਾਜ ਨੇ ਕੀਤਾ । ਬੈਠਕ ਵਿੱਚ ਮੌਜੂਦ ਸਬੰਧਤ ਵਿਭਾਗੀ ਯੂਨੀਅਨਾਂ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਜਨਰਲ ਸਕੱਤਰ ਨਰੇਸ਼ ਕੁਮਾਰ, ਉਪ ਪ੍ਰਧਾਨ ਜਰਨੈਲ ਸਿੰਘ, ਸਕੱਤਰ ਮਾਂਗੇ ਰਾਮ ਤਿਗਰਾ ਨੇ ਕਿਹਾ ਕਿ ਸਰਕਾਰੀ ਵਿਭਾਗਾਂ ਦੇ ਕਰਮਚਾਰੀ ਮਜ਼ਦੂਰ ਵਿਰੋਧੀ ਲੇਬਰ ਕੋਡ ਰੱਦ ਕਰਨ, ਠੇਕੇਦਾਰੀ ਪ੍ਰਣਾਲੀ ਅਤੇ ਨਿੱਜੀਕਰਨ ਨੂੰ ਬੰਦ ਕਰਕੇ ਸਰਕਾਰੀ ਵਿਭਾਗਾਂ ਦੇ ਸੁੰਗੜਨ ਨੂੰ ਰੋਕਣ ਅਤੇ ਹੋਰ ਮੰਗਾਂ ਲਈ 9 ਜੁਲਾਈ ਨੂੰ ਰਾਸ਼ਟਰੀ ਹੜਤਾਲ ਵਿੱਚ ਹਿੱਸਾ ਲੈਣਗੇ।ਇਸ ਹੜਤਾਲ ਨੂੰ ਸਫਲ ਬਣਾਉਣ ਲਈ, 24 ਤੋਂ 26 ਜੂਨ ਤੱਕ ਜਥੇ ਚਲਾ ਕੇ ਸਾਰੇ ਬਲਾਕਾਂ ਦੇ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਵਿੱਚ ਜਨ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਐੱਸਕੇਐੱਸ ਦੇ ਜ਼ਿਲ੍ਹਾ ਸਕੱਤਰ ਗੁਲਸ਼ਨ ਭਾਰਦਵਾਜ ਨੇ ਕਿਹਾ ਕਿ ਪਹਿਲਾਂ ਜੋ ਕਾਨੂੰਨ ਬਣਾਏ ਗਏ ਸਨ, ਉਨ੍ਹਾਂ ਨੂੰ ਅੱਜ ਪੂੰਜੀਪਤੀਆਂ ਦੇ ਦਬਾਅ ਹੇਠ ਕਿਰਤ ਸੁਧਾਰ ਕਾਨੂੰਨ ਵਿੱਚ ਬਦਲਾਅ ਕਰਕੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦਾ ਵਿਰੋਧ ਕਰਨ ਵਾਲੇ ਮੁਲਾਜ਼ਮਾਂ ਅਤੇ ਆਗੂਆਂ ਵਿਰੁੱਧ ਦਮਨਕਾਰੀ ਕਾਰਵਾਈ ਕੀਤੀ ਜਾ ਰਹੀ ਹੈ।

ਨਿੱਜੀਕਰਨ ਪ੍ਰਣਾਲੀ ਦਾ ਫਾਇਦਾ ਸਿਰਫ਼ ਪੂੰਜੀਪਤੀਆਂ ਨੂੰ ਹੋਵੇਗਾ। ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ, ਸਰਕਾਰ ਸਾਰੇ ਵਿਭਾਗ ਨਿੱਜੀ ਕੰਪਨੀਆਂ ਨੂੰ ਸੌਂਪਣ ਲਈ ਤਿਆਰ ਹੈ। ਇਸ ਮੌਕੇ ਐੱਸਕੇਐੱਸ ਤੋਂ ਸਤੀਸ਼ ਕੁਮਾਰ, ਕ੍ਰਿਸ਼ਨਾ ਸੈਣੀ, ਪਵਨ ਸ਼ਰਮਾ, ਵਿਕਰਮ, ਬਲਾਕ ਸਢੌਰਾ ਤੋਂ ਰਾਜੇਸ਼, ਜੋਤ ਸਿੰਘ, ਰਿਟਾਇਰਡ ਐਸੋਸੀਏਸ਼ਨ ਤੋਂ ਸੋਮਨਾਥ, ਨਗਰ ਪਾਲਿਕਾ ਤੋਂ ਪਾਪਲਾ, ਮੁਕੇਸ਼ ਨੇ ਵੀ ਸੰਬੋਧਨ ਕੀਤਾ।

# ਜਿੰਮ ਦੇ ਬਾਹਰ ਗੋਲੀਬਾਰੀ ਦੌਰਾਨ ਇੱਕ ਦੀ ਮੌਤ, ਇੱਕ ਜ਼ਖਮੀ

**ਫਗਵਾੜਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਨਕੋਦਰ 'ਚ ਸ਼ੰਕਰ ਬਾਈਪਾਸ ਨਹਿਰ ਨੇੜੇ ਇੱਕ ਜਿੰਮ ਦੇ ਬਾਹਰ ਬੁੱਧਵਾਰ ਦੇਰ ਸ਼ਾਮ ਦੋ ਵਿਰੋਧੀ ਗੁੱਟਾਂ ਵਿਚਾਲੇ ਹੋਈ ਗੋਲੀਬਾਰੀ ਦੌਰਾਨ ਇੱਕ ਨੌਜਵਾਨ ਦੀ ਮੌਤ ਹੋ ਗਈ ਅਤੇ ਇੱਕ ਹੋਰ ਗੰਭੀਰ ਜ਼ਖਮੀ ਹੋ ਗਿਆ। ਅਧਿਕਾਰੀਆਂ ਅਨੁਸਾਰ ਇਹ ਘਟਨਾ ਗੈਂਗ ਨਾਲ ਸਬੰਧਤ ਦੱਸੀ ਜਾ ਰਹੀ ਹੈ। ਪੁਲੀਸ ਅਨੁਸਾਰ ਟੋਇਟਾ ਫਾਰਚੂਨਰ ਅਤੇ ਮਾਰੂਤੀ ਸੁਜ਼ੂਕੀ ਡਿਜ਼ਾਇਰ ਦੋ ਵਾਹਨਾਂ ਵਿੱਚ ਸਫ਼ਰ ਕਰ ਰਹੇ ਵਿਅਕਤੀਆਂ ਵਿਚਾਲੇ ਹੋਏ ਝਗੜੇ ਤੋਂ ਬਾਅਦ ਗੋਲੀਬਾਰੀ ਸ਼ੁਰੂ ਹੋ ਗਈ। ਚਸ਼ਮਦੀਦਾਂ ਨੇ ਤੇਜ਼ੀ ਨਾਲ ਕਈ ਗੋਲੀਆਂ ਚੱਲਣ ਦੀ ਆਵਾਜ਼ ਸੁਣੀ, ਜਿਸ ਕਾਰਨ ਇਲਾਕੇ 'ਚ ਦਹਿਸ਼ਤ ਫੈਲ ਗਈ।

ਘਟਨਾ ਉਪਰੰਤ ਮ੍ਰਿਤਕ ਦੀ ਪਛਾਣ ਮਹਿਮੂਵਾਲ ਸ਼ਾਹਕੋਟ ਦੇ ਵਸਨੀਕ ਯੋਗਰਾਜ ਵਜੋਂ ਹੋਈ ਹੈ, ਜੋ ਪਿਛਲੇ ਕੁਝ ਸਾਲਾਂ ਤੋਂ ਨਕੋਦਰ ਦੇ ਇਕ ਜਿੰਮ ਵਿੱਚ ਰਹਿ ਰਿਹਾ ਸੀ ਅਤੇ ਕੰਮ ਕਰ ਰਿਹਾ ਸੀ। ਪੁਲੀਸ ਨੇ ਪੁਸ਼ਟੀ ਕੀਤੀ ਕਿ ਉਹ ਇਸ ਝਗੜੇ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਸੀ, ਪਰ ਰੌਲਾ ਸੁਣ ਕੇ ਜਦੋਂ ਉਹ ਬਾਹਰ ਆਇਆ ਤਾਂ ਉਹ ਗੋਲੀਬਾਰੀ ਦੀ ਲਪੇਟ ਵਿੱਚ ਆ ਗਿਆ। ਉਸ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਪਰ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਯੋਗਰਾਜ ਨੇ ਦਮ ਤੋੜ ਦਿੱਤਾ। ਮ੍ਰਿਤਕ ਦੀ ਪਤਨੀ ਅਤੇ ਚਾਰ ਸਾਲ ਦੀ ਧੀ ਹੈ।

ਇਸ ਤੋਂ ਇਲਾਵਾ ਪਿੰਡ ਕੰਗ ਸਾਹਿਬ ਦਾ ਵਸਨੀਕ ਦਿਲਪ੍ਰੀਤ ਸਿੰਘ, ਗੋਲੀਆਂ ਲੱਗਣ ਕਾਰਨ ਗੰਭੀਰ ਜ਼ਖਮੀ ਹੋ ਗਿਆ ਅਤੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

ਪੁਲੀਸ ਨੇ ਫਾਰਚੂਨਰ ਅਤੇ ਡਿਜ਼ਾਇਰ ਦੋਵੇਂ ਵਾਹਨ ਬਰਾਮਦ ਕਰ ਲਏ ਹਨ। ਡੀ.ਐੱਸ.ਪੀ. ਸੁਖਪਾਲ ਸਿੰਘ ਨੇ ਪੁਸ਼ਟੀ ਕੀਤੀ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਗੋਲੀਬਾਰੀ ਗੁੱਟਾਂ ਵਿਚਾਲੇ ਪੁਰਾਣੀ ਰੰਜਿਸ਼ ਦਾ ਨਤੀਜਾ ਸੀ। ਉਨ੍ਹਾਂ ਕਿਹਾ ਕਿ ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ ਅਤੇ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

# ਰਿਹਾਇਸ਼ੀ ਖੇਤਰ ਵਿਚਲੀ ਸਾਬਣ ਫੈਕਟਰੀ ਸੀਲ



**ਯਮੁਨਾਨਗਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਨਗਰ ਨਿਗਮ ਨੇ ਚਿੱਟਾ ਮੰਦਰ ਰੋਡ 'ਤੇ ਰਿਹਾਇਸ਼ੀ ਇਲਾਕੇ ਵਿੱਚ ਚੱਲ ਰਹੀ ਸਾਬਣ ਫੈਕਟਰੀ ਨੂੰ ਸੀਲ ਕਰ ਦਿੱਤਾ । ਫੈਕਟਰੀ ਕਾਰਨ ਆਲੇ-ਦੁਆਲੇ ਦੇ ਘਰ ਨੁਕਸਾਨੇ ਜਾ ਰਹੇ ਸਨ ਅਤੇ ਮਕਾਨਾਂ ਦੀਆਂ ਕੰਧਾਂ ਢਹਿਣ ਦੇ ਕੰਢੇ 'ਤੇ ਸਨ । ਇਸ ਦੇ ਨਾਲ ਹੀ ਫੈਕਟਰੀ ਦੇ ਰਸਾਇਣਕ ਪਾਣੀ ਤੋਂ ਲੋਕ ਪ੍ਰੇਸ਼ਾਨ ਸਨ। ਚਿੱਟਾ ਮੰਦਰ ਰੋਡ ਦੇ ਵਾਸੀਆਂ ਨੇ ਫੈਕਟਰੀ ਤੋਂ ਆ ਰਹੀਆਂ ਸਮੱਸਿਆਵਾਂ ਬਾਰੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਸੀ। ਇਸ ਤੋਂ ਬਾਅਦ ਨਗਰ ਨਿਗਮ ਕਮਿਸ਼ਨਰ ਅਖਿਲ ਪਿਲਾਨੀ ਦੇ ਨਿਰਦੇਸ਼ਾਂ 'ਤੇ ਸਹਾਇਕ ਟਾਊਨ ਪਲੈਨਰ ??ਦੀਪਕ ਸੁਖੀਜਾ, ਬਿਲਡਿੰਗ ਇੰਸਪੈਕਟਰ ਰਾਮਪਾਲ ਦੀ ਟੀਮ ਨੇ ਡਿਊਟੀ ਮੈਜਿਸਟ੍ਰੇਟ ਨਰੇਸ਼ ਭਾਰਦਵਾਜ ਦੀ ਅਗਵਾਈ ਹੇਠ ਫੈਕਟਰੀ ਨੂੰ ਸੀਲ ਕਰ ਦਿੱਤਾ। ਨਿਗਮ ਦੀ ਇਸ ਕਾਰਵਾਈ ਦੌਰਾਨ ਭਾਰੀ ਪੁਲੀਸ ਫੋਰਸ ਮੌਕੇ 'ਤੇ ਮੌਜੂਦ ਸੀ। ਸਹਾਇਕ ਟਾਊਨ ਪਲੈਨਰ ??ਦੀਪਕ ਸੁਖੀਜਾ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਚਿੱਟਾ ਮੰਦਰ ਰੋਡ ਦੇ ਵਸਨੀਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਚਿੱਟਾ ਮੰਦਰ ਰੋਡ 'ਤੇ ਰਿਹਾਇਸ਼ੀ ਇਲਾਕੇ ਵਿੱਚ ਸਾਬਣ ਫੈਕਟਰੀ ਕਾਰਨ ਲੋਕ ਪ੍ਰੇਸ਼ਾਨ ਸਨ। ਫੈਕਟਰੀ ਵਿੱਚੋਂ ਕੈਮੀਕਲ ਵਾਲਾ ਪਾਣੀ ਨਿਕਲਣ ਕਾਰਨ ਬਿਮਾਰੀਆਂ ਫੈਲਣ ਦਾ ਖ਼ਤਰਾ ਹੈ।

ਸ਼ਿਕਾਇਤ ਦੇ ਆਧਾਰ 'ਤੇ ਨਗਰ ਨਿਗਮ ਵੱਲੋਂ ਫੈਕਟਰੀ ਨੂੰ ਨੋਟਿਸ ਦਿੱਤੇ ਗਏ ਸਨ। ਅੱਜ ਨਿਗਮ ਦੀ ਟੀਮ ਪੁਲੀਸ ਫੋਰਸ ਨਾਲ ਮੌਕੇ 'ਤ ਪਹੁੰਚੀ ਅਤੇ ਫੈਕਟਰੀ ਨੂੰ ਤਾਲਾ ਲਗਾ ਕੇ ਸੀਲ ਕਰ ਦਿੱਤਾ ਗਿਆ। ਇੱਥੋਂ ਦੇ ਵਾਸੀਆਂ ਨੇ ਨਿਗਮ ਦੀ ਇਸ ਕਾਰਵਾਈ ਦੀ ਸ਼ਲਾਘਾ ਕੀਤੀ। ਨਗਰ ਨਿਗਮ ਦੇ ਕਮਿਸ਼ਨਰ ਅਖਿਲ ਪਿਲਾਨੀ ਨੇ ਕਿਹਾ ਕਿ ਰਿਹਾਇਸ਼ੀ ਇਲਾਕਿਆਂ ਵਿੱਚ ਚੱਲ ਰਹੀਆਂ ਫੈਕਟਰੀਆਂ ਵਿਰੁੱਧ ਕਾਰਵਾਈ ਭਵਿੱਖ ਵਿੱਚ ਵੀ ਜਾਰੀ ਰਹੇਗੀ।

# ਧੋਗੜੀ ਰੋਡ ਨੂੰ ਆਵਾਜਾਈ ਦੇ ਯੋਗ ਬਣਾਉਣ ਦੇ ਨਿਰਦੇਸ਼



**ਜਲੰਧਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਆਉਣ ਵਾਲੇ ਮੌਨਸੂਨ ਸੀਜ਼ਨ ਦੌਰਾਨ ਧੋਗੜੀ ਰੋਡ 'ਤੇ ਨਿਰਵਿਘਨ ਆਵਾਜਾਈ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜਲ ਸਪਲਾਈ ਤੇ ਸੀਵਰੇਜ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਨੂੰ ਧੋਗੜੀ ਰੋਡ ਨੂੰ ਬਰਸਾਤ ਤੋਂ ਪਹਿਲਾਂ ਵਾਹਨਾਂ ਦੀ ਆਵਾਜਾਈ ਯੋਗ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਨ੍ਹਾਂ ਹਦਾਇਤਾਂ ਦਾ ਉਦੇਸ਼ ਖਾਸ ਕਰਕੇ ਉਦਯੋਗਾਂ ਨੂੰ ਸੁਵਿਧਾ ਪ੍ਰਦਾਨ ਕਰਨਾ ਹੈ, ਜੋ ਸੁਚਾਰੂ ਸੰਪਰਕ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ।

ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ.) ਸ਼ਾਇਰੀ ਮਲਹੋਤਰਾ ਨੇ ਵੀਰਵਾਰ ਨੂੰ ਮੌਕੇ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਤੇ ਉਦਯੋਗਾਂ ਦੇ ਪ੍ਰਤੀਨਿਧੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਉਦਯੋਗਿਕ ਇਕਾਈਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਮੁੱਦੇ ਖਾਸ ਕਰ ਬਰਸਾਤ ਦੇ ਮੌਸਮ ਦੌਰਾਨ ਸੁਚਾਰੂ ਆਵਾਜਾਈ ਨਾਲ ਸਬੰਧਤ, ਨੂੰ ਹੱਲ ਕਰਨ ਲਈ ਵਚਨਬੱਧ ਹੈ।

ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਧਿਕਾਰੀਆਂ ਨੂੰ ਕਨਾਲ ਰੋਡ (ਵਿਕਲਪਿਕ), ਜਿਸ ਦੀ ਵਰਤੋਂ ਲੋਕਾਂ ਵੱਲੋਂ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ, 'ਤੇ ਲੁੱਕ ਵਿਛਾਉਣ ਮੈਜਿਸਟਰੇਟ (ਐਸ.ਡੀ.ਐਮ.) ਸ਼ਾਇਰੀ ਮਲਹੋਤਰਾ ਨੇ ਵੀਰਵਾਰ ਨੂੰ ਮੌਕੇ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਤੇ ਉਦਯੋਗਾਂ ਦੇ ਪ੍ਰਤੀਨਿਧੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਉਦਯੋਗਿਕ ਇਕਾਈਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ(ਪੱਕਾ ਕਰਨ) ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਵੀ ਕਿਹਾ ਗਿਆ ਹੈ।

# ਮਨਪ੍ਰੀਤ ਨੇ ਬਣਾਇਆ ਨਵਾਂ ਰਿਕਾਰਡ

**ਜਲੰਧਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਭਾਰਤੀ ਹਾਕੀ ਟੀਮ ਦੇ ਸਟਾਰ ਖਿਡਾਰੀ ਮਿੱਠਾਪੁਰ ਦੇ ਮਨਪ੍ਰੀਤ ਸਿੰਘ ਦੇ ਨਾਮ ਇੱਕ ਹੋਰ ਰਿਕਾਰਡ ਦਰਜ ਹੋਇਆ ਹੈ। ਉਸ ਨੇ ਅੰਤਰਰਾਸ਼ਟਰੀ 698 ਹਾਕੀ ਪ੍ਰੋ ਲੀਗ ਵਿੱਚ ਆਸਟਰੇਲੀਆ ਵਿਰੁੱਧ ਕਰੀਅਰ ਦਾ 400ਵਾਂ ਮੈਚ ਖੇਡਿਆ। ਇਸ ਮੈਚ ਵਿੱਚ ਉਸ ਨੇ ਭਾਰਤੀ ਜਰਸੀ ਪਹਿਨ ਕੇ ਨਵਾਂ ਇਤਿਹਾਸ ਰਚਿਆ। ਉਹ 400 ਮੈਚ ਖੇਡਣ ਵਾਲਾ ਪਹਿਲਾ ਭਾਰਤੀ ਮਿਡਫੀਲਡਰ ਬਣਿਆ। 33 ਸਾਲਾ ਮਨਪ੍ਰੀਤ ਹੁਣ ਭਾਰਤ ਲਈ ਸਭ ਤੋਂ ਵੱਧ ਮੈਚ ਖੇਡਣ ਵਾਲਾ ਦੂਜਾ ਪੁਰਸ਼ ਖਿਡਾਰੀ ਬਣ ਗਿਆ ਹੈ। ਸਾਬਕਾ ਹਾਕੀ ਕਪਤਾਨ ਅਤੇ ਮੌਜੂਦਾ ਹਾਕੀ ਇੰਡੀਆ ਦੇ ਪ੍ਰਧਾਨ ਡਾ. ਦਿਲੀਪ ਟਿਰਕੀ ਨੇ 412 ਮੈਚ ਖੇਡੇ ਹਨ। ਮਨਪ੍ਰੀਤ ਨੇ 2011 ਵਿੱਚ ਸਿਰਫ਼ 19 ਸਾਲ ਦੀ ਉਮਰ ਵਿੱਚ ਭਾਰਤੀ ਹਾਕੀ ਟੀਮ ਵਿੱਚ ਆਪਣਾ ਡੈਬਿਊ ਕੀਤਾ ਸੀ। ਉਦੋਂ ਤੋਂ, ਉਹ ਭਾਰਤੀ ਹਾਕੀ ਦੇ ਮਿਡਫੀਲਡ ਦੇ ਦਿਲ ਦੀ ਧੜਕਨ ਰਿਹਾ ਹੈ।

ਉਹ ਭਾਰਤੀ ਹਾਕੀ ਟੀਮ ਨਾਲ ਲਗਾਤਾਰ ਦੋ ਵਾਰ ਕਾਂਸੀ ਦੇ ਤਗਮੇ ਜਿੱਤ ਚੁੱਕਾ ਹੈ। ਉਸ ਦੀ ਅਗਵਾਈ ਵਿੱਚ ਟੀਮ ਨੇ ਟੋਕੀਓ ਓਲੰਪਿਕ ਵਿੱਚ 40 ਸਾਲਾਂ ਬਾਅਦ ਕਾਂਸੀ ਦਾ ਤਗਮਾ ਜਿੱਤਿਆ। ਹਾਕੀ ਇੰਡੀਆ ਅਤੇ ਹਾਕੀ ਪੰਜਾਬ ਦੇ ਅਧਿਕਾਰੀਆਂ ਨੇ ਮਨਪ੍ਰੀਤ ਸਿੰਘ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ।

# ਸੀਵਰੇਜ ਸਮੱਸਿਆ ਨਾਲ ਜੂਝ ਰਹੇ ਨੇ ਲੰਬੜ ਕਲੋਨੀ ਦੇ ਲੋਕ

**ਜਲੰਧਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਨਗਰ ਨਿਗਮ ਅਧੀਨ ਆਉਂਦੇ ਵਾਰਡ ਨੰਬਰ 14 ਦੀਪ ਨਗਰ ਲੰਬੜ ਕਲੋਨੀ ਦੇ ਲੋਕ ਸੀਵਰੇਜ ਦੀ ਸਮੱਸਿਆ ਕਾਰਨ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਸ ਸਮੱਸਿਆ ਨੂੰ ਲੈ ਕੇ ਸਥਾਨਕ ਲੋਕਾਂ ਵੱਲੋਂ ਸਰਕਾਰ ਖ਼ਿਲਾਫ਼ ਰੋਸ ਵਿਖਾਵਾ ਗਿਆ। ਇਸ ਸਬੰਧੀ ਸਮਾਜ ਸੇਵਕ ਅਜੇ ਪੀਵਲ ਨੇ ਦੱਸਿਆ ਕਿ ਪਿਛਲੇ ਛੇ ਮਹੀਨਿਆਂ ਤੋਂ ਇਲਾਕੇ ਦੇ ਲੋਕ ਸੀਵਰੇਜ ਸਮੱਸਿਆ ਤੋਂ ਪ੍ਰੇਸ਼ਾਨ ਹਨ ਤੇ ਕਈ ਵਾਰ ਨਿਗਮ ਅਧਿਕਾਰੀਆਂ ਨੂੰ ਇਸ ਸਬੰਧੀ ਸ਼ਿਕਾਇਤਾਂ ਵੀ ਦਿੱਤੀਆਂ ਜਾ ਚੁੱਕੀਆਂ ਹਨ ਪਰ ਇਸ ਦੇ ਬਾਵਜੂਦ ਕੋਈ ਅਧਿਕਾਰੀ ਜਾਂ ਸਰਕਾਰ ਦਾ ਕੋਈ ਨੁਮਾਇੰਦਾ ਲੋਕਾਂ ਦੀ ਸਾਰ ਲੈਣ ਨਹੀਂ ਪਹੁੰਚਿਆ। ਉਨ੍ਹਾਂ ਦੱਸਿਆ ਕਿ ਸੀਵਰੇਜ ਅੰਦਰ ਦਾ ਗੰਦਾ ਪਾਣੀ ਗਟਰ ਤੋਂ ਨਿਕਲ ਕੇ ਇਲਾਕੇ ਦੀਆਂ ਗਲੀਆਂ ਤੇ ਘਰਾਂ ਅੰਦਰ ਵੜ ਚੁੱਕਾ ਹੈ। ਕੋਰੋਨਾ ਮਹਾਮਾਰੀ ਦੁਬਾਰਾ ਆਪਣੇ ਪੈਰ ਪਸਾਰ ਰਹੀ ਹੈ। ਲੋਕਾਂ ਨੂੰ ਖਾਸ ਕਰ ਕੇ ਬੱਚਿਆਂ ਤੇ ਬਜ਼ੁਰਗਾਂ ਦੀ ਜ਼ਿੰਦਗੀ ਖ਼ਤਰੇ 'ਚ ਚੱਲ ਰਹੀ ਹੈ। ਕਈ ਲੋਕ ਇਸ ਕਾਰਨ ਬਿਮਾਰੀਆਂ ਦੀ ਮਾਰ ਝੱਲਦਿਆਂ ਹਸਪਤਾਲਾਂ 'ਚ ਭਰਤੀ ਹੋ ਰਹੇ ਹਨ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਜਲਦੀ ਹੀ ਸੀਵਰੇਜ ਦੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਜਲਦੀ ਹੀ ਕੋਈ ਕਦਮ ਨਾ ਚੁੱਕਿਆ ਤਾਂ ਆਉਣ ਵਾਲੇ ਦਿਨਾਂ 'ਚ ਸਥਾਨਕ ਲੋਕਾਂ ਨੂੰ ਵੱਡੇ ਪੱਧਰ 'ਤੇ ਪ੍ਰਸ਼ਾਸਨ ਤੇ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਵੇਗਾ।

# ਸਿਹਤ ਮੰਤਰੀ ਵੱਲੋਂ ਯੋਗ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ



**ਜਲੰਧਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਜਲੰਧਰ ਸ਼ਹਿਰ ਵਿੱਚ ਅੱਜ ਯੋਗ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। 21,000 ਤੋਂ ਵੱਧ ਯੋਗਾ ਪ੍ਰੇਮੀਆਂ ਨੇ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜੋ ਕਿ ਯੋਗ ਸਬੰਧੀ ਇਕ ਹੀ ਪ੍ਰੋਗਰਾਮ ਵਿੱਚ ਲੋਕਾਂ ਦੀ ਮੌਜੂਦਗੀ ਦਾ ਇੱਕ ਨਵਾਂ ਰਿਕਾਰਡ ਹੈ। ਸਮਾਗਮ ਵਿੱਚ 17,000 ਯੋਗ ਮੈਟਸ ਦਾ ਪ੍ਰਬੰਧ ਕੀਤਾ ਗਿਆ ਸੀ, ਪਰ ਲੋਕਾਂ ਦੇ ਭਰਵੇਂ ਹੁੰਗਾਰੇ ਸਦਕਾ ਜਨਤਕ ਸ਼ਮੂਲੀਅਤ ਦਾ ਅੰਕੜਾ ਸਭ ਦੀਆਂ ਉਮੀਦਾਂ ਨੂੰ ਪਾਰ ਕਰ ਗਿਆ।ਸਿਹਤਮੰਦ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵੀਰਵਾਰ ਨੂੰ ਲੋਕਾਂ ਨੂੰ ਯੋਗ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ ਦਿੱਤਾ।

ਪੀ.ਏ.ਪੀ. ਗਰਾਊਂਡ ਵਿਖੇ ਰਾਜ ਪੱਧਰੀ 'ਸੀ.ਐਮ. ਦੀ ਯੋਗਸ਼ਾਲਾ' ਸਮਾਗਮ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਇਸ ਵਿਸ਼ਾਲ ਸਮਾਗਮ ਵਿੱਚ ਹਰ ਵਰਗ ਦੇ ਲੋਕਾਂ ਨੂੰ ਉਤਸ਼ਾਹ ਨਾਲ ਹਿੱਸਾ ਲੈਂਦੇ ਦੇਖਣਾ ਬਹੁਤ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ 'ਸੀ.ਐਮ. ਦੀ ਯੋਗਸ਼ਾਲਾ' ਸਿਹਤਮੰਦ ਅਤੇ ਵਧੇਰੇ ਊਰਜਾਵਾਨ ਪੰਜਾਬ ਦੇ ਨਿਰਮਾਣ ਦੀ ਦਿਸ਼ਾ ਵਿੱਚ ਇੱਕ ਕਦਮ ਹੈ। ਡਾ. ਬਲਬੀਰ ਸਿੰਘ ਨੇ ਇਸ ਗੱਲ 'ਤੇ ਮਾਣ ਪ੍ਰਗਟ ਕੀਤਾ ਕਿ ਹਜ਼ਾਰਾਂ ਪੰਜਾਬੀ ਇਸ ਨੇਕ ਕਾਰਜ ਵਿੱਚ ਸੂਬਾ ਸਰਕਾਰ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਇੱਕ ਸਿਹਤਮੰਦ ਅਤੇ ਰੰਗਲੇ ਪੰਜਾਬ ਵਜੋਂ ਆਪਣੀ ਪੁਰਾਣੀ ਸ਼ਾਨ ਮੁੜ ਹਾਸਲ ਕਰੇਗਾ।

ਡਾ. ਬਲਬੀਰ ਸਿੰਘ, ਜਿਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਮੌਜੂਦ ਸਨ, ਨੇ ਕਿਹਾ ਕਿ ਉਨ੍ਹਾਂ ਨੂੰ ਸੀ.ਐਮ. ਦੀ ਯੋਗਸ਼ਾਲਾ ਦੇ ਮਾਧਿਅਮ ਨਾਲ ਹਜ਼ਾਰਾਂ ਲੋਕਾਂ ਨੂੰ ਸਰਕਾਰ ਨਾਲ ਜੁੜਦੇ ਦੇਖ ਕੇ ਬਹੁਤ ਖੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਦੋ ਸਾਲ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਜਲੰਧਰ ਤੋਂ ਸ਼ੁਰੂ ਕੀਤੀ ਗਈ ਸੀ ਅਤੇ ਮੌਜੂਦਾ ਸਮੇਂ ਸੂਬੇ ਭਰ ਵਿੱਚ ਰੋਜ਼ਾਨਾ ਲਗਭਗ 3,200 ਯੋਗਾ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਨ੍ਹਾਂ ਰਾਹੀਂ ਕਰੀਬ ਇੱਕ ਲੱਖ ਲੋਕ ਲਾਭ ਪ੍ਰਾਪਤ ਕਰ ਰਹੇ ਹਨ। ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਯੋਗ ਸਿਖਾਉਣ ਲਈ ਸਿਖ਼ਲਾਈ ਪ੍ਰਾਪਤ ਯੋਗਾ ਇੰਸਟ੍ਰਕਟਰ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਪੰਜਾਬ ਨੂੰ ਸਿਹਤਮੰਦ ਸੂਬਾ ਬਣਾਉਣ ਲਈ ਸਭ ਨੂੰ ਤੰਦਰੁਸਤ ਅਤੇ ਫਿੱਟ ਰਹਿਣ ਲਈ ਯੋਗ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰਨ ਦੀ ਅਪੀਲ ਕੀਤੀ।

ਯੋਗ ਨੂੰ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਵਰਦਾਨ ਦੱਸਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਯੋਗਸ਼ਾਲਾਵਾਂ ਪੰਜਾਬੀਆਂ ਨੂੰ ਸਿਹਤਮੰਦ ਜੀਵਨ ਜਿਊਣ ਵਿੱਚ ਮਦਦ ਕਰ ਰਹੀਆਂ ਹਨ।

ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਚੰਗੀ ਸਿਹਤ ਬਣਾਈ ਰੱਖਣਾ ਅਤੇ ਤਣਾਅ ਮੁਕਤ ਰਹਿਣਾ ਸਮੇਂ ਦੀ ਲੋੜ ਹੈ, ਖਾਸ ਕਰ ਉਦੋਂ ਜਦੋਂ ਲੋਕ ਆਪਣੇ ਰੋਜ਼ਾਨਾ ਜੀਵਨ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਤਣਾਅ ਦਾ ਵਧਦਾ ਪੱਧਰ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਯੋਗ ਇਸ ਸਮੱਸਿਆ ਨਾਲ ਨਜਿੱਠਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਅ ਸਕਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਅਭਿਆਨ ਦਿੱਲੀ ਦੇ ਮੁੱਖ ਮੰਤਰੀ ਹੁੰਦਿਆਂ ਸ਼੍ਰੀ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਵਿੱਚ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਨੇ ਕੌਮੀ ਰਾਜਧਾਨੀ ਵਿੱਚ ਬਹੁਤ ਪ੍ਰਸਿੱਧੀ ਹਾਸਲ ਕੀਤੀ, ਜਿਸ ਨਾਲ ਆਬਾਦੀ ਦੇ ਵੱਡੇ ਹਿੱਸੇ ਨੂੰ ਲਾਭ ਪ੍ਰਾਪਤ ਹੋਇਆ। ਇਸਦੀ ਸਫ਼ਲਤਾ ਤੋਂ ਪ੍ਰੇਰਿਤ ਹੋ ਕੇ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਵੀ ਇਸੇ ਤਰ੍ਹਾਂ ਦੇ ਲਾਭ ਯਕੀਨੀ ਬਣਾਉਣ ਲਈ ਇਸ ਯੋਜਨਾ ਨੂੰ ਲਾਗੂ ਕੀਤਾ ਗਿਆ। ਡਾ. ਬਲਬੀਰ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਭਾਰਤ ਦੀਆਂ ਪ੍ਰਾਚੀਨ ਅਤੇ ਸ਼ਾਨਦਾਰ ਰਿਵਾਇਤਾਂ ਅਨੁਸਾਰ ਇਹ ਯੋਗਸ਼ਾਲਾਵਾਂ ਪੰਜਾਬੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਬਣਾਉਣ ਵਿੱਚ ਮਦਦਗਾਰ ਸਾਬਤ ਹੋਣਗੀਆਂ। ਸਿਹਤ ਮੰਤਰੀ ਨੇ ਕਿਹਾ ਕਿ ਸਰੀਰ ਤੇ ਮਨ ਦੀ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਹਰੇਕ ਵਿਅਕਤੀ ਨੂੰ ਸਿਹਤਮੰਦ ਰਹਿਣ ਲਈ ਯੋਗ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ। ਡਾ. ਬਲਬੀਰ ਸਿੰਘ ਨੇ ਅਖੀਰ ਵਿੱਚ ਕਿਹਾ ਕਿ ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਅਤੇ ਨਿਯਮਿਤ ਤੌਰ 'ਤੇ ਯੋਗ ਅਭਿਆਸ ਕਰਕੇ ਮਾਨਸਿਕ ਅਤੇ ਸਰੀਰਕ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।

ਸਮਾਗਮ ਦੌਰਾਨ ਸਿਹਤ ਮੰਤਰੀ ਨੇ ਐਲਾਨ ਕੀਤਾ ਕਿ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਦਾ ਪੇਂਡੂ ਖੇਤਰਾਂ ਵਿੱਚ ਜਲਦ ਵਿਸਥਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਪਹਿਲਕਦਮੀ ਸੂਬੇ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਵਿੱਚ ਵੀ ਕਾਰਗਰ ਸਾਬਤ ਹੋਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਯੋਗਾ ਰਾਹੀਂ ਨਸ਼ੇ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਇਸ ਅਲਾਮਤ ਤੋਂ ਨਿਜਾਤ ਦਿਵਾਉਣ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਜਲੰਧਰ ਦੇ ਮੇਅਰ ਵਨੀਤ ਧੀਰ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਜਦਕਿ ਉੱਘੇ ਉਦਯੋਗਪਤੀ ਅਤੇ 'ਆਪ' ਆਗੂ ਨਿਤਿਨ ਕੋਹਲੀ ਨੇ ਧੰਨਵਾਦ ਕੀਤਾ।

ਇਸ ਮੌਕੇ ਮੇਅਰ ਜਲੰਧਰ ਵਨੀਤ ਧੀਰ, ਆਪ ਆਗੂ ਨਿਤਿਨ ਕੋਹਲੀ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ, ਸਿਹਤ ਸਕੱਤਰ ਕੁਮਾਰ ਰਾਹੁਲ, ਡੀ.ਆਈ. ਜੀ. ਨਵੀਨ ਸਿੰਗਲਾ ਆਦਿ ਵੀ ਮੌਜੂਦ ਸਨ।

# ਐਸ.ਏ.ਐਸ ਨਗਰ ’ਚ ਬਣੇਗਾ ਜੇਲ੍ਹ ਵਿਭਾਗ ਦਾ ਮੁੱਖ ਦਫ਼ਤਰ; ਲਾਲਜੀਤ ਭੁੱਲਰ ਨੇ ਰੱਖਿਆ ਨੀਂਹ ਪੱਥਰ

**➢ 35 ਕਰੋੜ ਦੀ ਲਾਗਤ ਨਾਲ 2 ਸਾਲ ‘ਚ ਮੁਕੰਮਲ ਹੋਵੇਗੀ ਇਮਾਰਤ ➢ ’ਜੇਲ੍ਹ ਭਵਨ’ ਦੀ ਉਸਾਰੀ, ਜੇਲ੍ਹ ਵਿਭਾਗ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਵਧਾਉਣ ਦੇ ਯਤਨਾਂ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਿਤ ਹੋਵੇਗੀ: ਜੇਲ੍ਹ ਮੰਤਰੀ**

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਐਸ.ਏ.ਐਸ ਨਗਰ ਵਿਖੇ ਜੇਲ੍ਹ ਵਿਭਾਗ ਦਾ ਮੁੱਖ ਦਫਤਰ ‘ਜੇਲ੍ਹ ਭਵਨ’ ਬਣਾਇਆ ਜਾਵੇਗਾ, ਇਸ ਸਬੰਧੀ ਸਮੁੱਚੀਆਂ ਪ੍ਰਵਾਨਗੀਆਂ ਮਗਰੋਂ ਪੰਜਾਬ ਦੇ ਜੇਲ੍ਹ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਨੀਂਹ ਪੱਥਰ ਰੱਖਿਆ। ਇਸ ਉਸਾਰੇ ਜਾ ਰਹੇ ਨਵੇਂ ਮੁੱਖ ਦਫਤਰ ਦੀ ਅਜੋਕੇ ਸਮੇਂ ਦੀਆਂ ਲੋੜਾਂ ਅਨੁਸਾਰ ਨਿਰਮਾਣ ਪ੍ਰਕਿਰਿਆ ਸ਼ੁਰੂਆਤ ਹੋ ਗਈ ਹੈ।

ਜੇਲ੍ਹ ਮੰਤਰੀ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਜੇਲ੍ਹ ਵਿਭਾਗ ਵਿੱਚ ਵੱਡੇ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਸੂਬੇ ਦੀਆਂ ਸਮੁੱਚੀਆਂ ਜੇਲ੍ਹਾਂ ਨੂੰ ਅਤੀ ਆਧੁਨਿਕ ਉਪਕਰਨਾਂ ਅਤੇ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ, ਉੱਥੇ ਹੀ ਜੇਲ੍ਹ ਵਿਭਾਗ ਦੇ ਵੱਖਰੇ ਮੁੱਖ ਦਫ਼ਤਰ ਦੀ ਉਸਾਰੀ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਜੇਲ੍ਹ ਵਿਭਾਗ ਅਤੀ ਆਧੁਨਿਕ ਅਤੇ ਪ੍ਰਸ਼ਾਸਨਿਕ ਸਚੱਜੇਪਣ ਵੱਲ ਕਦਮ ਪੁੱਟ ਰਿਹਾ ਹੈ।

ਵਿਭਾਗ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਨਵਾਂ ਉਸਾਰਿਆ ਜਾ ਰਿਹਾ ਜੇਲ੍ਹ ਭਵਨ ਵਿਭਾਗ ਲਈ ਕੇਂਦਰੀਕ੍ਰਿਤ ਨੀਤੀ ਬਣਾਉਣ, ਨਵੀਨਤਮ ਤਕਨਾਲੋਜੀ ਅਤੇ ਆਧੁਨਿਕ ਕਾਰਜਸ਼ੈਲੀ ਨੂੰ ਅਪਣਾਉਣ ਵਿੱਚ ਮਦਦਗਾਰ ਹੋਵੇਗਾ।

ਸ. ਭੁੱਲਰ ਨੇ ਦੱਸਿਆਂ ਕਿ ਮੁੱਖ ਦਫ਼ਤਰ ਦੀ ਇਮਾਰਤ 35 ਕਰੋੜ ਦੀ ਲਾਗਤ ਨਾਲ 2 ਸਾਲ ‘ਚ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਇਹ ਪ੍ਰਾਜੈਕਟ ਮੁਕੰਮਲ ਕਰਨ ਦੀ ਮਿਆਦ ਅਪਰੈਲ 2027 ਨਿਰਧਾਰਿਤ ਕੀਤੀ ਗਈ ਹੈ, ਪਰ ਠੇਕੇਦਾਰ ਨੂੰ ਸਮੁੱਚਾ ਕੰਮ ਦਸੰਬਰ 2026 ਤੱਕ ਮੁਕੰਮਲ ਕਰਨ ਲਈ ਕਿਹਾ ਗਿਆ ਹੈ। ਮੰਤਰੀ ਨੇ ਕਿਹਾ ਕਿ ਮੁੱਖ ਦਫ਼ਤਰ ਦੀ ਉਸਾਰੀ, ਜੇਲ੍ਹ ਵਿਭਾਗ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਵਧਾਉਣ ਦੇ ਯਤਨਾਂ ਵਿੱਚ ਇੱਕ ਵੱਡਾ ਮੀਲ ਪੱਥਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਦਫ਼ਤਰ ਦੇ ਬਣਨ ਨਾਲ ਜਿੱਥੇ ਵਿਭਾਗ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਕੰਮ ਕਰਨ ਦੀ ਸੁਵਿਧਾ ‘ਚ ਵਾਧਾ ਹੋਵੇਗਾ, ਉੱਥੇ ਹੀ ਕਿਰਾਏ ਵਜੋਂ ਦਿੱਤੀ ਜਾਂਦੀ ਇੱਕ ਵੱਡੀ ਰਾਸ਼ੀ (7 ਲੱਖ ਪ੍ਰਤੀ ਮਹੀਨਾ, 84 ਲੱਖ ਸਲਾਨਾ) ਦੀ ਬੱਚਤ ਵੀ ਹੋਵੇਗੀ।

ਮੰਤਰੀ ਨੇ ਦੱਸਿਆ ਕਿ ਸੈਕਟਰ 68, ਐਸ.ਏ.ਐਸ ਨਗਰ ਵਿੱਚ ਜੇਲ੍ਹ ਹੈੱਡਕੁਆਰਟਰ ਦੀ ਇਮਾਰਤ ਦੀ ਉਸਾਰੀ ਲਈ ਏ.ਐਸ.ਸੀ. ਬਿਲਡਰ ਨੂੰ ਠੇਕਾ ਦਿੱਤਾ ਗਿਆ ਹੈ। ਇਹ ਪ੍ਰੋਜੈਕਟ ਲਈ ਕੁੱਲ 35 ਕਰੋੜ ਰੁਪਏ ਦਾ ਕੁੱਲ ਬਜਟ ਅਲਾਟ ਕੀਤਾ ਗਿਆ ਹੈ ਅਤੇ ਇਮਾਰਤ ਦਾ ਪਲਾਟ ਖੇਤਰ 43,700 ਵਰਗ ਫੁੱਟ (1 ਏਕੜ) ਦਾ ਹੈ, ਜਦਕਿ ਢੱਕਿਆ ਹੋਇਆ ਖੇਤਰ 83,947.71 ਵਰਗ ਫੁੱਟ ਦੀ ਹੋਵੇਗਾ। ਇਸ ਇਮਾਰਤ ਖੇਤਰ ਵਿਖੇ ਪਾਰਕਿੰਗ ਸਮਰੱਥਾ 115 ਕਾਰਾਂ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਇਮਾਰਤ ਵਿੱਚ ਇੱਕ ਬੇਸਮੈਂਟ ਅਤੇ ਪੰਜ ਮੰਜ਼ਿਲਾਂ ਤੋਂ ਇਲਾਵਾ ਏਸਕੈਲੇਟਰ, ਫਾਇਰ ਫਾਈਟਿੰਗ, ਫਾਇਰ ਅਲਾਰਮਿੰਗ, ਲਿਫਟਾਂ, ਲੋਕਲ ਏਰੀਆ ਨੈਟਵਰਕ ਸਿਸਟਮ ਆਦਿ ਸੁਵਿਧਾਵਾਂ ਮਹੱਈਆ ਕਰਵਾਈਆਂ ਜਾਣਗੀਆਂ।

ਇਸ ਇਮਾਰਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਨੇ ਕਿਹਾ ਕਿ ਇੱਥੇ ਐਸ.ਟੀ.ਪੀ. ਸਿਸਟਮ, ਕੇਂਦਰੀ ਏਅਰ ਕੰਡੀਸ਼ਨਡ ਸਿਸਟਮ, ਸੂਰਜੀ ਊਰਜਾ ਉਤਪਾਦਨ, ਅੱਗ ਬੁਝਾਉਣ ਅਤੇ ਅੱਗ ਅਲਾਰਮਿੰਗ ਸਿਸਟਮ ਤੋਂ ਇਲਾਵਾ ਹੋਰ ਅਤੀ ਆਧੁਨਿਕ ਸਿਸਟਮ ਲਗਾਏ ਜਾਣਗੇ।

ਮੰਤਰੀ ਨੇ ਕਿਹਾ ਕਿ ਇਹ ਅਤਿ-ਆਧੁਨਿਕ ਸਹੂਲਤ ਵਾਲੀ ਇਮਾਰਤ ਜੇਲ੍ਹ ਵਿਭਾਗ ਲਈ ਮੁੱਖ ਦਫਤਰ ਵਜੋਂ ਕੰਮ ਕਰੇਗੀ ਅਤੇ ਕਰਮਚਾਰੀਆਂ ਤੇ ਅਧਿਕਾਰੀਆਂ ਲਈ ਇੱਕ ਆਧੁਨਿਕ ਅਤੇ ਕੁਸ਼ਲ ਕਾਰਜ ਸਥਾਨ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਵਧਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਇਸ ਮੌਕੇ ਪ੍ਰਮੁੱਖ ਸਕੱਤਰ ਜੇਲ੍ਹਾਂ ਸ਼੍ਰੀਮਤੀ ਭਾਵਨਾ ਗਰਗ, ਅਡੀਸ਼ਨਲ ਡਾਇਰੈਕਟਰ ਜਨਰਲ ਆਫ ਪੰਜਾਬ ਪੁਲੀਸ ਜੇਲ੍ਹਾਂ ਸ੍ਰੀ ਅਰੁਨ ਪਾਲ ਸਿੰਘ, ਮੁੱਖ ਇੰਜੀਨੀਅਰ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਸ੍ਰੀ ਰਣਜੋਧ ਸਿੰਘ ਤੋਂ ਇਲਾਵਾ ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਬਜ਼ੁਰਗਾਂ ਦੀ ਪੈਨਸ਼ਨ ਲਈ ਚਾਲੂ ਸਾਲ ਦੌਰਾਨ 6175 ਕਰੋੜ ਰੁਪਏ ਦਾ ਉਪਬੰਧ: ਡਾ ਬਲਜੀਤ ਕੌਰ



**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬਜ਼ੁਰਗਾਂ, ਮਹਿਲਾਵਾਂ ਅਤੇ ਬੱਚਿਆਂ ਦੀ ਭਲਾਈ ਲਈ ਨਿਰੰਤਰ ਠੋਸ ਕਦਮ ਚੁੱਕੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਚਾਲੂ ਵਿੱਤੀ ਸਾਲ ਦੌਰਾਨ ਸਮਾਜਿਕ ਸੁਰੱਖਿਆ ਸਕੀਮਾਂ ਲਈ 6175 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿੱਚੋਂ 1539 ਕਰੋੜ ਰੁਪਏ ਦੀ ਰਕਮ 34.40 ਲੱਖ ਲਾਭਪਾਤਰੀਆਂ ਨੂੰ ਮਈ 2025 ਤੱਕ ਨਿਯਮਤ ਪੈਨਸ਼ਨ ਵਜੋਂ ਜਾਰੀ ਕੀਤੀ ਜਾ ਚੁੱਕੀ ਹੈ।

**‘ਸਾਡੇ ਬਜ਼ੁਰਗ ਸਾਡਾ ਮਾਣ’ ਸਰਵੇ ਜਲਦ ਪੂਰਾ ਕਰਨ ਦੇ ਹੁਕਮ**

ਕਿਸਾਨ ਭਵਨ ਵਿਖੇ ਵਿਭਾਗ ਦੇ ਸੀਨੀਅਰ ਅਤੇ ਖੇਤਰੀ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਾ. ਬਲਜੀਤ ਕੌਰ ਨੇ ਸਮਾਜਿਕ ਸੁਰੱਖਿਆ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ, ਇਹਨਾਂ ਸਕੀਮਾਂ ਦੀ ਨਿਗਰਾਨੀ ਅਤੇ ਯੋਗ ਲਾਭਪਾਤਰੀਆਂ ਤੱਕ ਲਾਭ ਦੀ ਪਹੁੰਚ ਬਿਨਾਂ ਦੇਰੀ ਯਕੀਨੀ ਬਣਾਉਣ ਸੰਬੰਧੀ ਹੁਕਮ ਜਾਰੀ ਕੀਤੇ।

ਡਾ ਬਲਜੀਤ ਕੌਰ ਨੇ ’ਸਾਡੇ ਬਜ਼ੁਰਗ, ਸਾਡਾ ਮਾਣ’ ਸਰਵੇ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਹਰ ਹੱਕਦਾਰ ਬਜ਼ੁਰਗ ਤੱਕ ਪੈਨਸ਼ਨ ਪਹੁੰਚੇ। ਉਨ੍ਹਾਂ ਆਗਾਹ ਕੀਤਾ ਕਿ ਸਰਵੇ ਦੌਰਾਨ ਮ੍ਰਿਤਕ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਪਈ ਰਕਮ ਦੀ ਰਿਕਵਰੀ ਕਰਕੇ ਹੋਰ ਲੋੜਵੰਦਾਂ ਨੂੰ ਲਾਭ ਦਿੱਤਾ ਜਾਵੇ।

**ਨਵੀਆਂ ਪੈਨਸ਼ਨ ਅਰਜੀਆਂ ‘ਚ ਤੇਜ਼ੀ**

ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿੱਤੀ ਸਾਲ 2025-26 ਦੌਰਾਨ ਹੁਣ ਤਕ 43,644 ਨਵੀਆਂ ਪੈਨਸ਼ਨ ਅਰਜੀਆਂ ਮਨਜ਼ੂਰ ਕੀਤੀਆਂ ਗਈਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਹ ਕਾਰਵਾਈ ਪੂਰੀ ਪਾਰਦਰਸ਼ਤਾ ਅਤੇ ਨਿਰਧਾਰਤ ਸਮੇਂ ਵਿੱਚ ਮੁਕੰਮਲ ਕੀਤੀ ਜਾਵੇ।

**ਸਕੀਮਾਂ ਦੀ ਜ਼ਮੀਨੀ ਪੱਧਰ ’ਤੇ ਨਿਗਰਾਨੀ ਅਤੇ ਜਾਗਰੂਕਤਾ ਮੁਹਿੰਮਾਂ ਦੀ ਹਦਾਇਤ**

ਮੰਤਰੀ ਨੇ ਕਿਹਾ ਕਿ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਭਲਾਈ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਅਤੇ ਯੋਗ ਲਾਭਪਾਤਰੀਆਂ ਤੱਕ ਲਾਭ ਦੀ ਪਹੁੰਚ ਦੀ ਨਿਗਰਾਨੀ ਜ਼ਮੀਨੀ ਪੱਧਰ ’ਤੇ ਹੋਣੀ ਚਾਹੀਦੀ ਹੈ। ਲੋਕਾਂ ਤੱਕ ਸਕੀਮਾਂ ਦੀ ਜਾਣਕਾਰੀ ਪਹੁੰਚਾਉਣ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ।

ਇਸ ਮੌਕੇ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਰਾਜੀ ਪੀ. ਸ੍ਰੀਵਾਸਤਵਾ, ਆਈ.ਏ.ਐਸ, ਅਤੇ ਡਾਇਰੈਕਟਰ ਡਾ. ਸ਼ੇਨਾ ਅਗਰਵਾਲ, ਆਈ.ਏ.ਐਸ ਸਮੇਤ ਮੁੱਖ ਦਫਤਰ ਅਤੇ ਜ਼ਿਲ੍ਹਾ ਦਫਤਰ ਦੇ ਹੋਰ ਉੱਚ ਅਧਿਕਾਰੀ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

# ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਵੱਲੋਂ ਸੋਸ਼ਲ ਮੀਡੀਆ ਤੇ ਲੱਚਰਤਾ ਫੈਲਾਉਣ ਵਾਲਿਆਂ ਖਿਲਾਫ਼ ਕਾਰਵਾਈ ਕਰਨ ਲਈ ਏਡੀਜੀਪੀ ਨੂੰ ਦਿੱਤੇ ਆਦੇਸ਼

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਵੱਲੋਂ ਇੱਕ ਪੱਤਰ ਜਾਰੀ ਕਰਦਿਆਂ ਪੰਜਾਬ ਰਾਜ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਾਈਬਰ ਕ੍ਰਾਈਮ) ਨੂੰ ਸੋਸ਼ਲ ਮੀਡੀਆ ਤੇ ਲੱਚਰਤਾ ਫੈਲਾਉਣ ਵਾਲਿਆਂ ਖਿਲਾਫ਼ ਕਾਰਵਾਈ ਲਈ ਆਦੇਸ਼ ਦਿੱਤੇ ਗਏ ਹਨ।

ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਸ੍ਰੀ ਕੰਵਰਦੀਪ ਸਿੰਘ ਦੇ ਹਸਾਤਖ਼ਰਾਂ ਹੇਠ ਜਾਰੀ ਪੱਤਰ ਵਿੱਚ ਕਿਹਾ ਗਿਆ ਕਿ ਸੋਸ਼ਲ ਮੀਡੀਆ ਦਾ ਪ੍ਰਭਾਵ ਬੱਚਿਆਂ ਉੱਤੇ ਦਿਨੋਂ-ਦਿਨ ਵਧਦਾ ਜਾ ਰਿਹਾ ਹੈ ਅਤੇ ਕੁਝ ਲੋਕ ਪੈਸਾ ਕਮਾਉਣ ਖਾਤਰ ਸੋਸ਼ਲ ਮੀਡੀਆ ਉਤੇ ਗ਼ਲਤ ਕੰਟੈਂਟ ਲਗਾਤਾਰ ਅਪਲੋਡ ਕਰ ਰਹੇ ਹਨ। ਜਿਸਦਾ ਬੱਚਿਆਂ ਉੱਤੇ ਮਾੜਾ ਪ੍ਰਭਾਵ ਪੈਣਾ ਯਕੀਨੀ ਹੈ।

ਉਨ੍ਹਾਂ ਕਿਹਾ ਕਿ ਸੋਸਲ ਮੀਡੀਆ(ਫੇਸਬੁੱਕ, ਇੰਨਸਟਾਗ੍ਰਾਮ) ਤੇ ਲੱਚਰ ਭਾਸ਼ਾ, ਦੋ-ਅਰਥੀ ਵੀਡਿਓ, ਨਸ਼ਿਆਂ ਅਤੇ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਵੀਡਿਓਜ਼ ਨੂੰ ਤੁਰੰਤ ਪ੍ਰਭਾਵ ਨਾਲ ਸੋਸ਼ਲ ਮੀਡੀਆ ਤੋਂ ਹਟਾਉਣ ਅਤੇ ਬੈਨ ਕਰਨ ਲਈ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਹਦਾਇਤ ਕੀਤੀ ਕਿ ਅਜਿਹੀ ਸਮੱਗਰੀ ਤੇ ਨਜ਼ਰ ਰੱਖਣ ਲਈ ਮੁੱਖ ਦਫਤਰ ਵਿਖੇ ਇੱਕ ਨੋਡਲ ਅਫਸਰ ਨਾਮਜ਼ਦ ਕੀਤਾ ਜਾਵੇ। ਜੇਕਰ ਅਜਿਹੇ ਕੰਟੈਂਟ ਵਿਦੇਸ਼ਾਂ ਵਿੱਚੋਂ ਅਪਲੋਡ ਹੁੰਦੇ ਹਨ ਤਾਂ ਉਹਨਾਂ ਦੀ ਸਾਈਟ ਤੇ ਪਾਬੰਦੀ ਲਗਾਉਣ ਲਈ ਕਾਰਵਾਈ ਕੀਤੀ ਜਾਵੇ। ਅਪਲੋਡ ਕੰਟੈਂਟ ਨੂੰ ਦੇਖ ਕੇ ਕੰਟੈਂਟ ਤਿਆਰ ਕਰਨ ਅਤੇ ਸੋਸਲ ਮੀਡੀਆ ਤੇ ਅਪਲੋਡ ਕਰਨ ਵਾਲੇ ਵਿਅਕਤੀਆਂ ਵਿਰੁੱਧ ਬੀਐਨਐਸ 2023 ਆਈਟੀ ਐਕਟ, 2000 ਅਤੇ ਪੋਕਸੋ ਐਕਟ, 2012 ਦੀਆਂ ਬਣਦੀਆਂ ਧਰਾਵਾਂ ਤਹਿਤ ਮਾਮਲੇ ਦਰਜ ਕੀਤੇ ਜਾਣ।

ਕਮਿਸ਼ਨ ਨੇ ਉਕਤ ਹਦਾਇਤ ਦੇ ਮੱਦੇਨਜ਼ਰ ਕੀਤੀ ਗਈ ਕਾਰਵਾਈ ਬਾਰੇ 15 ਦਿਨਾਂ ਦੇ ਅੰਦਰ-2 ਕਮਿਸ਼ਨ ਨੂੰ ਲਿਖਤੀ ਤੌਰ ਤੇ ਜਾਣੂ ਕਰਵਾਉਣ ਲਈ ਵੀ ਕਿਹਾ ਹੈ।

# ਓਪਰੇਸ਼ਨ ਸੀਲ ਤਹਿਤ ਪੰਜਾਬ ’ਤੇ ਹਿਮਾਚਲ ਪੁਲਿਸ ਨੂੰ ਸਾਂਝੇ ਤੌਰ ਤੇ ਇੰਟਰ ਸਟੇਟ ਨਾਕੇ ਉੱਤੇ ਚੈਕਿੰਗ ਕੀਤੀ

**ਰੂਪ ਨਗਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਵਿਆਪਕ ਪੱਧਰ ਉੱਤੇ ਨਸ਼ਾ ਤਸਕਰਾਂ ਵਿਰੁੱਧ ਸਖਤੀ ਨਾਲ ਕੀਤੀ ਜਾ ਰਹੀ ਕਾਰਵਾਈ ਸਮੇਤ ਰੂਪਨਗਰ ਪੁਲਿਸ ਵੱਲੋਂ ਨਸ਼ੇ ਦੀ ਆਦਤ ਤੋਂ ਪੀੜ੍ਹਤ ਮਰੀਜ਼ਾਂ ਨੂੰ ਨਸ਼ਾ ਮੁਕਤ ਕਰਨ ਲਈ 118 ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ। ਓਪਰੇਸ਼ਨ ਸੀਲ ਤਹਿਤ ਪੰਜਾਬ ਤੇ ਹਿਮਾਚਲ ਪੁਲਿਸ ਦੇ ਸਾਂਝੇ ਇੰਟਰ ਸਟੇਟ ਨਾਕੇ ਉੱਤੇ ਵਾਹਨਾਂ ਦੀ ਕੀਤੀ ਜਾ ਰਹੀ ਚੈਕਿੰਗ ਦਾ ਨਿਰੀਖਣ ਕਰਦਿਆਂ ਐੱਸ ਐੱਸ ਪੀ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਨੇ ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਰੂਪਨਗਰ ਪੁਲਿਸ ਵੱਲੋਂ ਨਸ਼ਾ ਪੀੜ੍ਹਤਾਂ ਨੂੰ ਨਸ਼ਾ ਮੁਕਤ ਕਰਨ ਦੇ ਮੰਤਵ ਨਾਲ ਐਨਡੀਪੀਐਸ 64 ਏ ਦੇ ਹੁਕਮਾਂ ਤਹਿਤ ਪਿਛਲੇ 3 ਮਹੀਨਿਆਂ ਦੌਰਾਨ 83 ਵਿਅਕਤੀਆਂ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਸਰਕਾਰੀ ਨਸ਼ਾ ਮੁਕਤੀ ਕੇਂਦਰ ਵਿੱਚ ਦਾਖਲ ਕਰਵਾਇਆ ਹੈ। ਇਸ ਤੋਂ ਇਲਾਵਾ ਨਸ਼ੇ ਦੀ ਆਦਤ ਤੋਂ ਪੀੜ੍ਹਤ 35 ਹੋਰ ਵਿਅਕਤੀਆਂ ਨੂੰ ਵੀ ਨਸ਼ਾ ਮੁਕਤੀ ਕੇਂਦਰ ਵਿੱਚ ਇਲਾਜ਼ ਕਰਵਾਉਣ ਲਈ ਦਾਖਲ ਕਰਵਾਇਆ।

ਐੱਸਐੱਸ ਪੀ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਵਿੱਚ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਦੀ ਕਾਰਗੁਜ਼ਾਰੀ ਬਹੁਤ ਸਫਲ ਰਹੀ ਹੈ, ਇਸ ਮੁਹਿੰਮ ਤਹਿਤ 1 ਮਾਰਚ ਤੋਂ ਲੈ ਕੇ ਹੁਣ ਤੱਕ ਜ਼ਿਲ੍ਹਾ ਰੂਪਨਗਰ ਵਿੱਚ ਐਨਡੀਪੀਐਸ ਐਕਟ ਤਹਿਤ 220 ਪਰਚੇ ਦਰਜ ਕੀਤੇ ਗਏ ਅਤੇ 346 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਸ. ਗੁਲਨੀਤ ਸਿੰਘ ਖੁਰਾਣਾ ਨੇ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ 346 ਨਸ਼ਾ ਤਸਕਰਾਂ ਕੋਲੋਂ 285 ਕਿਲੋ ਭੁੱਕੀ, 877 ਗ੍ਰਾਮ ਅਫੀਮ, 566 ਗ੍ਰਾਮ ਚਰਸ, 15 ਹਜਾਰ 275 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ, 352 ਟੀਕੇ, 862 ਗ੍ਰਾਮ ਹੈਰੋਇਨ, 3 ਕਿਲੋ 228 ਗ੍ਰਾਮ ਨਸ਼ੀਲਾ ਪਾਊਡਰ, 430 ਗ੍ਰਾਮ ਗਾਂਜਾ, 2 ਲੱਖ 56 ਹਜ਼ਾਰ 835 ਰੁਪਏ ਡਰੱਗ ਮਨੀ ਬਰਾਮਦ ਕੀਤੇ ਗਏ।

ਪਿੰਡ ਢੇਰੋਵਾਲ ਵਿਖੇ ਇੰਟਰ ਸਟੇਟ ਨਾਕੇ ਦੀ ਚੈਕਿੰਗ ਕਰਦਿਆਂ ਸ. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਗੈਰ ਸਮਾਜੀ ਤੱਤ ਅਤੇ ਨਸ਼ਾ ਤਸਕਰ ਅਕਸਰ ਰਾਜਾਂ ਦੀਆਂ ਸਰਹੱਦਾਂ ਦਾ ਫਾਇਦਾ ਚੁਕਦੇ ਹੋਏ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਜਾ ਕੇ ਨਸ਼ਾ ਵੇਚਦੇ ਅਤੇ ਖਰੀਦਦੇ ਹਨ ਅਤੇ ਇਸ ਸਪਲਾਈ ਲਾਈਨ ਨੂੰ ਜੜ੍ਹੋਂ ਤਬਾਹ ਕਰਨ ਦੇ ਮੰਤਵ ਨਾਲ ਹੀ ਪੰਜਾਬ ਅਤੇ ਹਿਮਾਚਲ ਪੁਲਿਸ ਵਲੋਂ ਸੰਯੁਕਤ ਰੂਪ ਵਿੱਚ ਨਾਕੇ ਲਗਾ ਕੇ ਚੈਕਿੰਗ ਕੀਤੀ ਜਾ ਰਹੀ ਹੈ।

ਐਸ ਐਸ ਪੀ ਨੇ ਦੱਸਿਆ ਕਿ ਹਿਮਾਚਲ ਪੁਲਿਸ ਦੇ ਸਹਿਯੋਗ ਨਾਲ ਨਾਕੇ ਉੱਤੇ ਫੜੇ ਗਏ ਕਿਸੇ ਵੀ ਸ਼ੱਕੀ ਵਿਅਕਤੀ ਦੀ ਜਾਣਕਾਰੀ ਤੁਰੰਤ ਮੁਹਈਆਂ ਹੋ ਜਾਂਦੀ ਹੈ ਜਿਸ ਉਪਰੰਤ ਗੈਰ ਸਮਾਜੀ ਤੱਤਾਂ ਖਿਲਾਫ ਕਾਰਵਾਈ ਕਰਨਾ ਆਸਾਨ ਹੋ ਜਾਂਦਾ ਹੈ।

ਇਸ ਮੌਕੇ ਡੀਐਸਪੀ ਰਾਜਪਾਲ ਸਿੰਘ ਗਿੱਲ, ਐਸਐੱਚਓ ਗੁਰਵਿੰਦਰ ਸਿੰਘ ਢਿੱਲੋਂ ਅਤੇ ਹਿਮਾਚਲ ਪ੍ਰਦੇਸ਼ ਤੇ ਪੰਜਾਬ ਦੇ ਹੋਰ ਉੱਚ ਅਧਿਕਾਰੀ ਤੇ ਪੁਲਿਸ ਮੁਲਾਜ਼ਮ ਹਾਜ਼ਰ ਸਨ।

# ਬੰਗਲਾ ਬਸਤੀ ਵਿਖੇ ਵਿੱਚ ਡੇਂਗੂ ਤੋਂ ਬਚਾ ਲਈ ਕੀਤਾ ਜਾਗਰੂਕ

**ਅੰਮ੍ਰਿਤਸਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਕਿਰਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਹਰਜੋਤ ਕੌਰ ਦੀ ਯੋਗ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ ’ਤੇ ਵਾਰ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ ਡੇਂਗੂ ਵਿਰੋਧੀ ਸਰਗਰਮੀਆਂ ਨੂੰ ਜਾਰੀ ਰੱਖਦਿਆਂ ਅੰਮ੍ਰਿਤਸਰ ਦੀ ਬੰਗਲਾ ਬਸਤੀ ਅਤੇ ਵੱਖ-ਵੱਖ ਫੁਲਵਾੜੀਆਂ ਵਿੱਚ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਵਿੱਚ ਡੇਂਗੂ ਜਾਗਰੂਕਤਾ, ਲਾਰਵਾ ਦੀ ਚੈਕਿੰਗ ਅਤੇ ਸਪਰੇਅ ਲਈ ਟੀਮਾਂ ਨੂੰ ਰਵਾਨਾ ਕੀਤਾ ਗਿਆ ।



ਇਸ ਮੌਕੇ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਵੀ ਟੀਮਾਂ ਬਣਾ ਕੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਇਨ੍ਹਾਂ ਸਰਗਰਮੀਆਂ ਦੀ ਚੈਕਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਕੂਲਰਾਂ ਵਿੱਚ ਮਿਲਣ ਵਾਲੇ ਨੂੰ ਮੌਕੇ ’ਤੇ ਹੀ ਨਸ਼ਟ ਕੀਤਾ ਜਾਵੇਗਾ ਅਤੇ ਆਮ ਲੋਕਾਂ ਨੂੰ ਡੇਂਗੂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਦੇ ਕਹਿਰ ਤੋਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਘਰ ਆਉਣ ਤੇ ਸਹਿਯੋਗ ਦਿੱਤਾ ਜਾਵੇ। ਉਹਨਾ ਨੇ ਦੱਸਿਆ ਕਿ ਡੇਂਗੂ ਏਡੀਜ਼ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਇੱਹ ਮੱਛਰ ਸਾਫ ਖੜੇ ਪਾਣੀ ਦੇ ਸੋਮੇ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ।

ਇਸ ਮੌਕੇ ਡਾਕਟਰ ਰਾਘਵ ਜੋਸ਼ੀ, ਹੈਲਥ ਵਰਕਰ ਸੁਰਜੀਤ ਸਿੰਘ,ਹੈਲਥ ਵਰਕਰ ਦੀਪਕ ਕੁਮਾਰ, ਹੈਲਥ ਵਰਕਰ ਰਜੇਸ਼ ਕੁਮਾਰ ਅਤੇ ਆਸ਼ਾ ਵਰਕਰਸ ਹਾਜ਼ਰ ਸਨ।

# ਵਧੀਆ ਸੇਵਾਵਾਂ ਬਦਲੇ ਇੰਜੀਨੀਅਰ ਮਨਦੀਪ ਸਿੰਘ ਸਨਮਾਨਿਤ



**ਅੰਮ੍ਰਿਤਸਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਵਿਖੇ ਸਿਵਲ ਲਾਈਨ ਮੰਡਲ/ ਸੰਚਾਲਨ ਅੰਮ੍ਰਿਤਸਰ ਵਿੱਚ ਬਤੌਰ ਸੇਵਾਵਾਂ ਦੇ ਰਹੀ ਵਧੀਕ ਨਿਗਰਾਨ ਇੰਜੀਨੀਅਰ ਮਨਦੀਪ ਸਿੰਘ ਨੂੰ ਵਿਭਾਗ ਵਿੱਚ ਵਧੀਆ ਸੇਵਾਵਾਂ ਦੇਣ ਬਦਲੇ ਸਿਹਤ ਵਿਭਾਗ ਵਿੱਚ ਹੈਲਥ ਇੰਸਪੈਕਟਰ ਦੀਆਂ ਸੇਵਾਵਾਂ ਦੇ ਰਹੇ ਬਿਕਰਮਜੀਤ ਸਿੰਘ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਇੰਜੀਨੀਅਰ ਮਨਦੀਪ ਸਿੰਘ ਨੂੰ ਸਿਹਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਲਾਭਕਾਰੀ ਸਕੀਮਾਂ ਦੀ ਵੀ ਜਾਣਕਾਰੀ ਦਿੱਤੀ।

# ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਦੇਵੇ ਸਰਕਾਰ : ਵਿਧਾਇਕ ਕਾਲਾ ਢਿੱਲੋਂ



**ਬਰਨਾਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੱਧਰ ’ਤੇ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀ ਜਥੇਬੰਦੀ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਪੰਜਾਬ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ 10 ਜੂਨ ਤੋਂ ਲੈ ਕੇ ਕੰਮ ਠੱਪ ਕੀਤਾ ਹੋਇਆ। ਜਿਸ ਤਹਿਤ ਬਰਨਾਲਾ ਸ਼ਹਿਰ ਵਿੱਚ ਵੀ 10 ਜੂਨ ਤੋਂ ਲੈ ਕੇ ਸੀਵਰੇਜ ਕਾਮੇ ਹੜ੍ਹਤਾਲ ਕਰ ਧਰਨੇ ’ਤੇ ਬੈਠੇ ਹਨ ਪਰ ਸਰਕਾਰ ਵਲੋਂ ਇੰਨ੍ਹਾਂ ਕਾਮਿਆਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਸ਼ੁੱਕਰਵਾਰ ਨੂੰ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਸੀਵਰੇਜ ਕਾਮਿਆਂ ਦੇ ਧਰਨੇ ’ਚ ਸ਼ਮੂਲੀਅਤ ਕਰਕੇ ਉਨ੍ਹਾਂ ਦੀਆਂ ਮੰਗਾਂ ਦੀ ਜਿੱਥੇ ਹਮਾਇਤ ਕੀਤੀ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਈ ਵਰ੍ ?ਆਂ ਤੋਂ ਨਿਗੂਣੀਆਂ ਤਨਖਾਹਾਂ ’ਤੇ ਕੰਮ ਕਰਦੇ ਆ ਰਹੇ ਇੰਨ੍ਹਾਂ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਦੇਵੇ।

ਵਿਧਾਇਕ ਢਿੱਲੋਂ ਨੇ ਕਿਹਾ ਕਿ ਸਮੇਂ ਸਿਰ ਸੀਵਰੇਜ ਦੀ ਸਫਾਈ ਨਾ ਹੋਣ ਦਾ ਸਾਫ਼ ਮਤਲਬ ਹੈ ਕਿ ਲੋਕਾਂ ਨੂੰ ਭਿਆਨਕ ਬਿਮਾਰੀਆਂ ਆਪਣੀ ਲਪੇਟ ਵਿੱਚ ਲੈਣਗੀਆਂ, ਪਰ ਇਸ ਦੇ ਬਾਵਜੂਦ ਵੀ ਸਰਕਾਰ ਅਤੇ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਿਹਾ। ਵਿਧਾਇਕ ਢਿੱਲੋਂ ਨੇ ਕਿਹਾ ਕਿ ਜੇਕਰ ‘ਆਪ’ ਸਰਕਾਰ ਨੇ ਇਸੇ ਤਰ੍ਹਾਂ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਤੋਂ ਅੱਖਾਂ ਬੰਦ ਕਰੀ ਰੱਖੀਆਂ ਤਾਂ ਆਉਣ ਵਾਲੇ ਸਮੇਂ ’ਚ ਇਹਨਾਂ ਦੀ ਹੜਤਾਲ ਕਰਕੇ ਸੀਵਰੇਜ ਦੀ ਸਮੱਸਿਆ ਲੋਕਾਂ ਲਈ ਵਿਕਰਾਲ ਰੂਪ ਧਾਰਨ ਕਰ ਜਾਵੇਗੀ, ਜਿਸ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ।

ਸਰਕਾਰ ਦੀ ਇਸ ਤੋਂ ਵੱਡੀ ਅਸਫਲਤਾ ਤੇ ਲਾਪਰਵਾਹੀ ਹੋਰ ਕੋਈ ਨਹੀਂ ਹੋ ਸਕਦੀ ਕਿ ਅੱਤ ਦੀ ਗਰਮੀ ’ਚ ਕੱਚੇ ਮਜ਼ਦੂਰਾਂ ਨੂੰ ਧਰਨੇ ਦੇਣੇ ਪੈ ਰਹੇ ਹਨ। ਜੇਕਰ ਸਰਕਾਰ ਨੇ ਸੀਵਰੇਜ ਬੋਰਡ ਦੇ ਕੱਚੇ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਦਿਨਾਂ ’ਚ ਬਰਨਾਲਾ ਸ਼ਹਿਰ ਵਿੱਚ ਸੀਵਰੇਜ ਦੀ ਬਦਬੂ ਲੋਕਾਂ ਦੇ ਨੱਕ ’ਚ ਦਮ ਕਰ ਸਕਦੀ ਹੈ। ਆਊਟਸੋਰਸ ਕਾਮਿਆਂ ਨੂੰ ਵਿਧਾਇਕ ਢਿੱਲੋਂ ਨੇ ਵਿਸ਼ਵਾਸ ਦਿੱਤਾ ਕਿ ਉਹ ਸਰਕਾਰੀ ਪਲੇਟਫਾਰਮ ’ਤੇ ਉਨ੍ਹਾਂ ਦੀਆਂ ਮੰਗਾਂ ਜ਼ੋਰ ਨਾਲ ਉਠਾਉਣਗੇ। ਇਸ ਉਪਰੰਤ ਵਿਧਾਇਕ ਕਾਲਾ ਢਿੱਲੋਂ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਇਸ ਮਸਲੇ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਾਮਿਆਂ ਦੀਆਂ ਮੰਗਾਂ ਸਬੰਧੀ ਤੁਰੰਤ ਸਰਕਾਰ ਨਾਲ ਗੱਲ ਕਰੇ ਤੇ ਹੱਲ ਕਰਵਾਵੇ ਤਾਂ ਜੋ ਸਫ਼ਾਈ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਮੁਸ਼ਕਿਲਾਂ ਪੈਦਾ ਨਾ ਹੋਣ। ਉਨ੍ਹਾਂ ਕਿਹਾ ਕਿ ਸਬੰਧਿਤ ਠੇਕੇਦਾਰ ਵੀ ਸੀਵਰੇਜ ਦੀ ਸਾਫ਼ ਸਫ਼ਾਈ ’ਚ ਅਸਫ਼ਲ ਰਿਹਾ ਹੈ, ਜਿਸ ਕਰਕੇ ਉਸ ਖ਼ ?ਲਾਫ਼ ਵੀ ਬਣਦੀ ਕਾਰਵਾਈ ਕੀਤੀ ਜਾਵੇ। ਇਕ ਮੌਕੇ ਵਿਧਾਇਕ ਢਿੱਲੋਂ ਨਾਲ ਕਾਂਗਰਸ ਦੇ ਸ਼ਹਿਰੀ ਬਲਾਕ ਪ੍ਰਧਾਨ ਮਹੇਸ਼ ਕੁਮਾਰ ਲੋਟਾ, ਸੀਨੀਅਰ ਆਗੂ ਸੂਰਤ ਸਿੰਘ ਬਾਜਵਾ, ਕੌਂਸਲਰ ਅਜੇ ਆਦਿ ਵੀ ਹਾਜ਼ਰ ਸਨ।

ਦੂਜੇ ਪਾਸੇ ਸੀਵਰੇਜ ਬੋਰਡ ਦੇ ਕਾਮਿਆਂ ਦੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਵੱਧ ਧਿਆਨ ਨਾ ਦਿੱਤਾ ਤਾਂ ਉਹ ਬਰਨਾਲਾ ਦੇ ਬਾਜਾਖਾਨਾ ਰੋਡ ’ਤੇ ਸੀਵਰੇਜ ਦੇ ਵੱਡੇ ਪਲਾਂਟ ਨੂੰ ਵੀ ਬੰਦ ਕਰ ਸਕਦੇ ਹਨ। ਪ੍ਰਧਾਨ ਅਸ਼ੋਕ ਕੁਮਾਰ ਨੇ ਦੱਸਿਆ ਕਿ ਕਿ ਇਹ ਆਊਟਸੋਰਸ ਕਾਮੇ 25-30 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ’ਤੇ ਕੰਮ ਕਰ ਰਹੇ ਹਨ ਜਿਸ ਨਾਲ ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਗੁਜ਼ਾਰਾ ਕਰਨਾ ਔਖਾ ਹੈ ਪ੍ਰੰਤੂ ਇਸਦੇ ਬਾਵਜੂਦ ਵੀ ਸਰਕਾਰ ਤਨਖਾਹ ਵਿੱਚ ਵਾਧੇ ਸਮੇਤ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ ਜਿਸ ਕਰਕੇ ਇਹਨਾਂ ਆਊਟਸੋਰਸ ਕੰਮਾਂ ਨੂੰ ਮਜਬੂਰੀ ਵੱਸ ਅੱਤ ਦੀ ਗਰਮੀ ’ਚ ਧਰਨੇ ਮੁਜ਼ਾਹਰੇ ਕਰਨੇ ਪੈ ਰਹੇ ਹਨ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰ ਗੁਰਦਾਸਪੁਰ ਦਾ ਦੌਰਾ

**➢ ਰੰਗਲਾ ਪੰਜਾਬ ਸਕੀਮ, ਡੇਂਗੂ, ਚਿਕਨਗੁਨੀਆ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਅਧਿਕਾਰੀਆਂ ਨਾਲ ਸਮੀਖਿਆ ਕੀਤੀ ➢ ਰੁਜ਼ਗਾਰ-ਅਧਾਰਿਤ ਕਿੱਤਾ ਮੁਖੀ ਕੋਰਸ ਕਰਵਾ ਕੇ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਿਆ ਜਾਵੇਗਾ : ਡਾ. ਬਲਬੀਰ ਸਿੰਘ**

**ਚੰਡੀਗੜ੍ਹ/ਗੁਰਦਾਸਪੁਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਇੱਥੇ ਇਲਾਜ ਕਰਵਾ ਰਹੇ ਮਰੀਜ਼ਾਂ ਦੀ ਸਿਹਤ ਦਾ ਹਾਲ ਜਾਣਿਆ ਅਤੇ ਨਾਲ ਹੀ ਉਨ੍ਹਾਂ ਨੂੰ ਨਸ਼ੇ ਛੱਡ ਕੇ ਤੰਦਰੁਸਤ ਤੇ ਖ਼ੁਸ਼ਹਾਲ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਅਵਾਮ ਦੇ ਸਹਿਯੋਗ ਨਾਲ ਰਾਜ ਸਰਕਾਰ ਇਸ ਯੁੱਧ ਵਿੱਚ ਫ਼ਤਿਹ ਹਾਸਲ ਕਰੇਗੀ।

ਆਪਣੇ ਗੁਰਦਾਸਪੁਰ ਦੌਰੇ ਦੌਰਾਨ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ’ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ’ ਤਹਿਤ ਗੁਰਦਾਸਪੁਰ ਸ਼ਹਿਰ ਦੇ ਕੋਟਲੀ ਨੰਗਲ ਅਤੇ ਗੀਤਾ ਭਵਨ ਇਲਾਕੇ ਵਿੱਚ ਡੇਂਗੂ ਜਾਗਰੂਕਤਾ ਮੁਹਿੰਮ ਦੀ ਅਗਵਾਈ ਕੀਤੀ ਗਈ। ਕੈਬਨਿਟ ਮੰਤਰੀ ਦੀ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲੋਕਾਂ ਦੇ ਘਰਾਂ ਵਿੱਚ ਲਾਰਵੇ ਦੀ ਜਾਂਚ ਕੀਤੀ ਗਈ ਅਤੇ ਲਾਰਵੇ ਨੂੰ ਮੌਕੇ ’ਤੇ ਨਸ਼ਟ ਕੀਤਾ ਗਿਆ। ਇਸ ਮੌਕੇ ਸਿਹਤ ਮੰਤਰੀ ਵੱਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਅ ਬਾਰੇ ਜਾਗਰੂਕ ਵੀ ਕੀਤਾ ਗਿਆ।

ਇਸ ਤੋਂ ਬਾਅਦ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵਿਧਾਇਕਾਂ, ਚੇਅਰਮੈਨਾਂ, ਜਨਤਕ ਨੁਮਾਇੰਦਿਆਂ ਤੇ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰੰਗਲਾ ਪੰਜਾਬ ਵਿਕਾਸ ਯੋਜਨਾ, ਡੇਂਗੂ-ਚਿਕਨਗੁਨੀਆ ਰੋਕਥਾਮ ਅਤੇ ਨਸ਼ਾ ਵਿਰੋਧੀ ਮੁਹਿੰਮ ਦੀ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਤਹਿਤ ਬਹੁਤ ਸਾਰੇ ਵਿਅਕਤੀ ਨਸ਼ਾ ਛੱਡਣ ਦਾ ਮਨ ਬਣਾ ਚੁੱਕੇ ਹਨ ਅਤੇ ਸਿਹਤ ਵਿਭਾਗ ਵੱਲੋਂ ਸਾਰੇ ਮਰੀਜ਼ਾਂ ਦਾ ਮੁਫ਼ਤ ਇਲਾਜ ਕਰਕੇ ਨਸ਼ਾ ਛੁਡਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਬੈੱਡਾਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਵੱਧ ਤੋਂ ਵੱਧ ਮਰੀਜ਼ਾਂ ਨੂੰ ਉਥੇ ਦਾਖਲ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਕਿਸੇ ਨਿੱਜੀ ਹਸਪਤਾਲ ਜਾਂ ਕਿਸੇ ਖ਼ਾਲੀ ਪਈ ਸਰਕਾਰੀ ਇਮਾਰਤ ਵਿੱਚ ਵੀ ਇਹ ਸਹੂਲਤ ਦਿੱਤੀ ਜਾ ਸਕਦੀ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮਰੀਜ਼ਾਂ ਦੇ ਇਲਾਜ ਦੇ ਨਾਲ-ਨਾਲ ਉਨ੍ਹਾਂ ਨੂੰ ਯੋਗਾ, ਖੇਡ ਗਤੀਵਿਧੀਆਂ ਅਤੇ ਰੁਜ਼ਗਾਰ ਮੁਖੀ ਸਿਖਲਾਈ ਪ੍ਰੋਗਰਾਮਾਂ ਨਾਲ ਵੀ ਜੋੜਿਆ ਜਾ ਰਿਹਾ ਹੈ। ਉਨ੍ਹਾਂ ਨੂੰ ਸਿਖਲਾਈ ਪ੍ਰਾਪਤ ਸਲਾਹਕਾਰਾਂ ਦੁਆਰਾ ਸਲਾਹ ਦਿੱਤੀ ਜਾਂਦੀ ਹੈ।

ਰੰਗਲਾ ਪੰਜਾਬ ਵਿਕਾਸ ਯੋਜਨਾ ਬਾਰੇ ਗੱਲ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਤਹਿਤ ਜ਼ਿਲ੍ਹੇ ਵਿੱਚ 35 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰ ਵਿਧਾਨ ਸਭਾ ਹਲਕੇ ਵਿੱਚ 5 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ ਜਿਸ ਤਹਿਤ ਇਸ ਯੋਜਨਾ ਰਾਹੀਂ ਪਿੰਡਾਂ ਅਤੇ ਇਲਾਕਿਆਂ ਵਿੱਚ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇਗਾ ਅਤੇ ਸਥਾਨਕ ਪੱਧਰ ’ਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾਣਗੇ।

ਡੇਂਗੂ ਅਤੇ ਚਿਕਨਗੁਨੀਆ ਦੀ ਰੋਕਥਾਮ ਬਾਰੇ ਸਿਹਤ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਦੇ ਮੁਕਾਬਲੇ ਜ਼ਿਲ੍ਹੇ ਵਿੱਚ ਇਨ੍ਹਾਂ ਬਿਮਾਰੀਆਂ ਦੇ ਮਾਮਲਿਆਂ ਵਿੱਚ ਕਾਫ਼ੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ, ਨਰਸਿੰਗ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਗਈ ਹੈ, ਜੋ ਘਰ-ਘਰ ਜਾ ਕੇ ਲੋਕਾਂ ਨੂੰ ਮੱਛਰਾਂ ਦੇ ਲਾਰਵੇ ਅਤੇ ਉਨ੍ਹਾਂ ਦੁਆਰਾ ਫੈਲਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਡੇਂਗੂ ਵਿਰੋਧੀ ਗਤੀਵਿਧੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇਗਾ, ਵਿਸ਼ੇਸ਼ ਤੌਰ ’ਤੇ ਹੌਟਸਪੌਟ ਖੇਤਰਾਂ ’ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀ ਨੂੰ ਹਦਾਇਤ ਕੀਤੀ ਕਿ ਆਸ਼ਾ ਵਰਕਰਾਂ ਅਤੇ ਨਰਸਿੰਗ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਹੋਰ ਵਧਾਇਆ ਜਾਵੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਸਨਮਾਨਿਤ ਵੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਦੇ ਕਰਮਚਾਰੀਆਂ ਨੂੰ ਲਾਰਵੇ ਦੀ ਪਛਾਣ ਕਰਨ ਅਤੇ ਇਸਦੇ ਸਰੋਤ ਨੂੰ ਖ਼ਤਮ ਕਰਨ ਦੇ ਉਪਾਵਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

ਇਸੇ ਦੌਰਾਨ ਸਿਹਤ ਮੰਤਰੀ ਨੇ ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਉਹ ਜ਼ਿਲ੍ਹੇ ਦੇ ਹਰ ਸ਼ਹਿਰ ਤੇ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਲਗਾਤਾਰ ਸੈਂਪਲਿੰਗ ਕਰਨ। ਉਨ੍ਹਾਂ ਕਿਹਾ ਕਿ ਜਿਹੜੇ ਪਿੰਡਾਂ ਵਿੱਚ ਪਾਣੀ ਸਾਫ਼ ਕਰਨ ਵਾਲੇ ਆਰ.ਓ. ਲੱਗੇ ਹੋਏ ਹਨ ਉਨ੍ਹਾਂ ਦੀ ਸਹੀ ਦੇਖ-ਰੇਖ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਆਰ.ਓ. ਸਹੀ ਢੰਗ ਨਾਲ ਕੰਮ ਕਰਦੇ ਹੋਣ। ਉਨ੍ਹਾਂ ਕਿਹਾ ਕਿ ਅਵਾਮ ਨੂੰ ਪੀਣ ਲਈ ਸਾਫ਼ ਤੇ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਰਾਜ ਸਰਕਾਰ ਵਚਨਬੱਧ ਹੈ ਅਤੇ ਇਸ ਵਿੱਚ ਕਿਸੇ ਤਰਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਸਿਹਤ ਮੰਤਰੀ ਨੂੰ ਮੁੜ ਵਸੇਬਾ ਕੇਂਦਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ 2 ਸਰਕਾਰੀ ਨਸ਼ਾ ਛੁਡਾਊ ਕੇਂਦਰ, ਇੱਕ ਪੁਨਰਵਾਸ ਕੇਂਦਰ ਅਤੇ ਇੱਕ ਸੈਮੀ ਨਸ਼ਾ ਛੁਡਾਊ ਕੇਂਦਰ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਤਿੰਨ ਨਿੱਜੀ ਨਸ਼ਾ ਛੁਡਾਊ ਕੇਂਦਰ ਵੀ ਚੱਲ ਰਹੇ ਹਨ ਅਤੇ ਇਨ੍ਹਾਂ ਸਾਰੇ ਕੇਂਦਰਾਂ ਵਿੱਚ 120 ਬੈੱਡਾਂ ਦੀ ਸਹੂਲਤ ਉਪਲਬਧ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਮੰਤਰੀ ਸਾਹਿਬ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਵਿੱਚ ਬੈੱਡਾਂ ਦੀ ਸੰਖਿਆ ਵਿੱਚ ਹੋਰ ਵਾਧਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 34 ਸਰਕਾਰੀ ਓਟ ਕੇਂਦਰ ਅਤੇ 3 ਨਿੱਜੀ ਓਟ ਕੇਂਦਰ ਵੀ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਛੱਡ ਰਹੇ ਮਰੀਜ਼ਾਂ ਦਾ ਇਲਾਜ ਕਰਨ ਤੋਂ ਇਲਾਵਾ ਉਨ੍ਹਾਂ ਦੀ ਕੌਂਸਲਿੰਗ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਕਿੱਤਾਮੁਖੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਰੁਜ਼ਗਾਰ ਨਾਲ ਜੋੜਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਸ਼ਨ ਉਮੀਦ ਵੀ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਿਹਾ ਹੈ ਅਤੇ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਜ਼ਿਲ੍ਹਾ ਗੁਰਦਾਸਪੁਰ ਆਪਣਾ ਮੋਹਰੀ ਰੋਲ ਅਦਾ ਕਰੇਗਾ।

ਇਸ ਮੌਕੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ, ਹਲਕਾ ਇੰਚਾਰਜ ਫ਼ਤਿਹਗੜ੍ਹ ਚੂੜੀਆਂ ਸ. ਬਲਬੀਰ ਸਿੰਘ ਪੰਨੂ, ਸ੍ਰੀ ਸ਼ਮਸ਼ੇਰ ਸਿੰਘ ਦੀਨਾਨਗਰ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਰਾਜੀਵ ਸ਼ਰਮਾ ਤੋਂ ਇਲਾਵਾ ਐੱਸ.ਐੱਸ.ਪੀ. ਬਟਾਲਾ ਜਨਾਬ ਸੋਹੇਲ ਕਾਸਿਮ ਮੀਰ, ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਸ. ਜਸਪਿੰਦਰ ਸਿੰਘ ਹਾਜ਼ਰ ਸਨ।

## 'ਕਾਂਗਰਸ ਦੀ ਆਸਾਮ ਇਕਾਈ ਦਾ ਪ੍ਰਚਾਰ ਕਰਦੇ ਇਸਲਾਮਿਕ ਦੇਸ਼ਾਂ ਦੇ 5000 ਸੋਸ਼ਲ ਮੀਡੀਆ ਅਕਾਊਂਟ'

ਗੁਹਾਟੀ 23 ਜੂਨ। ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਸ਼ੁੱਕਰਵਾਰ ਨੂੰ ਦੋਸ਼ ਲਾਇਆ ਕਿ 5000 ਤੋਂ ਵੱਧ ਸੋਸ਼ਲ ਮੀਡੀਆ ਅਕਾਊਂਟ ਕਾਂਗਰਸ ਦੀ ਆਸਾਮ ਇਕਾਈ ਦਾ ਪ੍ਰਚਾਰ ਅਤੇ ਹਮਾਇਤ ਕਰਨ ਲਈ ਸਰਗਰਮ ਹੋ ਗਏ ਹਨ ਅਤੇ ਇਨ੍ਹਾਂ ਵਿਚੋਂ ਵਧੇਰੇ ਅਕਾਊਂਟ ਇਸਲਾਮਿਕ ਦੇਸ਼ਾਂ ਤੋਂ ਸੰਚਾਲਿਤ ਹੁੰਦੇ ਹਨ। ਸਰਮਾ ਨੇ ਇਕ ਪੱਤਰਕਾਰ ਸੰਮੇਲਨ ਵਿਚ ਦੋਸ਼ ਲਾਇਆ ਕਿ ਇਹ ਅਕਾਊਂਟ 47 ਦੇਸ਼ਾਂ ਵਿਚ ਸਰਗਰਮ ਹਨ ਅਤੇ ਇਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਵਿਚ ਸਰਗਰਮ ਅਕਾਊਂਟ ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਅਕਾਊਂਟ ਪਿਛਲੇ ਇਕ ਮਹੀਨੇ ਤੋਂ ਕਾਂਗਰਸ ਦੀ ਆਸਾਮ ਇਕਾਈ ਦੇ ਇਕ ਵਿਸ਼ੇਸ਼ ਨੇਤਾ ਅਤੇ ਪਾਰਟੀ ਦੀ ਸੂਬਾ ਇਕਾਈ ਦੇ ਪੇਜ ਦੀਆਂ ਸਰਗਰਮੀਆਂ 'ਤੇ ਖ਼ਾਸ ਤੌਰ 'ਤੇ ਧਿਆਨ ਕੇਂਦ੍ਰਿਤ ਕਰ ਰਹੇ ਹਨ। ਸਰਮਾ ਨੇ ਕਿਹਾ ਕਿ ਇਹ ਹੈਰਾਨੀਜਨਕ ਹੈ ਕਿ ਰਾਹੁਲ ਗਾਂਧੀ ਜਾਂ ਇਥੋਂ ਤੱਕ ਕਿ ਭਾਰਤੀ ਰਾਸ਼ਟਰੀ ਕਾਂਗਰਸ ਦੇ ਪੋਸਟ 'ਤੇ ਵੀ ਟਿੱਪਣੀ ਜਾਂ ਲਾਈਕ ਨਹੀਂ ਕਰਦੇ। ਉਹ ਸਿਰਫ ਇਕ ਵਿਸ਼ੇਸ਼ ਨੇਤਾ ਅਤੇ ਕਾਂਗਰਸ ਦੀ ਆਸਾਮ ਇਕਾਈ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਆਸਾਮ ਤੋਂ ਇਲਾਵਾ ਉਹ ਇਸਲਾਮੀ ਕੱਟੜਪੰਥੀ ਸਮੱਗਰੀ ਪੋਸਟ ਕਰਦੇ ਹਨ, ਜਿਸ ਵਿਚ ਫਲਸਤੀਨ, ਈਰਾਨ ਅਤੇ ਬੰਗਲਾਦੇਸ਼ ਦੇ ਮੁੱਖ ਸਲਾਹਕਾਰ ਪ੍ਰੋਫੈਸਰ ਮੁਹੰਮਦ ਯੂਨੁਸ ਸੰਬੰਧੀ ਪੋਸਟ ਸ਼ਾਮਲ ਹਨ। ਹਾਲਾਂਕਿ ਮੁੱਖ ਮੰਤਰੀ ਨੇ ਕਿਸੇ ਨੇਤਾ ਦਾ ਨਾਂ ਨਹੀਂ ਲਿਆ ਪਰ ਅਜਿਹਾ ਮਹਿਸੂਸ ਹੁੰਦਾ ਹੈ ਕਿ ਉਹ ਗੌਰਵ ਗੋਗੋਈ ਦਾ ਜ਼ਿਕਰ ਕਰ ਰਹੇ ਸਨ, ਜਿਨ੍ਹਾਂ ਨੂੰ ਪਿਛਲੇ ਹਫਤੇ ਮਈ ਵਿਚ ਆਸਾਮ ਸੂਬਾ ਕਾਂਗਰਸ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ।



ਖਾਲਸਾ ਪੰਥ ਦੀ ਸ਼ਾਨ ਹਨ ਨਿਹੰਗ ਸਿੰਘ ਜਥੇਬੰਦੀਆਂ, ਇਹ ਮੌਜੀ ਸਿੰਘ ਹਰ ਵਕਤ ਖਾਲਸਾ ਪੰਥ ਦੇ ਰੰਗ ਵਿੱਚ ਰੰਗੇ ਹੋਏ ਹਨ, ਅਤੇ ਹਰ ਵਕਤ ਤਿਆਰ ਬਰ ਤਿਆਰ ਹਨ ਖਾਲਸਾ ਪੰਥ ਦੀ ਚੜ੍ਹਦੀ ਕਲਾ ਵਾਸਤੇ !

# ਦਲ ਖ਼ਾਲਸਾ ਵਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਸ਼ਰਧਾਂਜਲੀ ਸਮਾਗਮ 5 ਨੂੰ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 23 ਜੂਨ। ਦਲ ਖ਼ਾਲਸਾ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ 5 ਜੁਲਾਈ ਨੂੰ ਸ਼ਰਧਾਂਜਲੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੰਵਰਪਾਲ ਸਿੰਘ, ਪਰਮਜੀਤ ਸਿੰਘ ਮੰਡ, ਪਰਮਜੀਤ ਸਿੰਘ ਟਾਂਡਾ ਨੇ ਦੱਸਿਆ ਕਿ ਭਾਈ ਗਜਿੰਦਰ ਸਿੰਘ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ ਧਾਰਮਿਕ ਸਮਾਗਮ ਦੌਰਾਨ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਈ ਗਜਿੰਦਰ ਸਿੰਘ ਦੇ ਨਮਿੱਤ ਸ਼ਰਧਾਂਜਲੀ ਸਮਾਗਮ ਕੈਨੇਡਾ, ਜਰਮਨੀ ਅਤੇ ਇੰਗਲੈਂਡ ਵਿੱਚ ਵੀ ਆਯੋਜਿਤ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਸਿੱਖ ਸੰਘਰਸ਼ ਦੇ ਲੇਖੇ ਲਾਈ ਜਿਸ ਵਿੱਚੋਂ 14 ਸਾਲ ਜੇਲ੍ਹ ਅਤੇ 29 ਸਾਲ ਜਲਾਵਤਨੀ ਦੀ ਜ਼ਿੰਦਗੀ ਬਤੀਤ ਕੀਤੀ ਅਤੇ ਆਪਣੇ ਆਖ਼ਰੀ ਸਵਾਸਾਂ ਤਕ ਸੰਘਰਸ਼ ਪ੍ਰਤੀ ਅਡੋਲ ਅਤੇ ਬੇਦਾਗ਼ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਨਰਿੰਦਰ ਮੋਦੀ ਨੂੰ ਜੀ 7 ਸੰਮੇਲਨ ਵਿਚ ਸੱਦਾ ਦੇ ਕੇ ਸਿੱਖ ਮਨਾਂ ਨੂੰ ਠੇਸ ਪਹੁੰਚਾਈ ਹੈ। ਏਥੇ ਅਸੀਂ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਅਸੀਂ ਦੋਨਾਂ ਮੁਲਕਾਂ ਵਿਚਾਲੇ ਤਣਾਅ ਅਤੇ ਨਫ਼ਰਤ ਨਹੀਂ ਚਾਹੁੰਦੇ। ਅਸੀਂ ਤਾਂ ਚਾਹੁੰਦੇ ਹਾਂ ਕਿ ਭਾਈ ਨਿੱਝਰ ਦੇ ਮਾਮਲੇ ਵਿੱਚ ਇਨਸਾਫ਼ ਹੋਵੇ ਅਤੇ ਭਾਰਤ ਸਰਕਾਰ ਵਿਦੇਸ਼ਾਂ ਅੰਦਰ ਖਾਲਿਸਤਾਨੀਆਂ ਨੂੰ ਗੈਰ-ਸੰਵਿਧਾਨਕ ਗਤੀਵਿਧੀਆਂ ਰਾਹੀਂ ਨਿਸ਼ਾਨਾ ਬਣਾਉਣਾ ਬੰਦ ਕਰੇ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਜਾਂਚ ਏਜੰਸੀ ਨੇ ਦੋ ਸਾਲ ਬੀਤ ਗਏ ਪਰ ਅਜੇ ਤੱਕ ਭਾਈ ਨਿੱਝਰ ਨੂੰ ਮਰਵਾਉਣ ਵਾਲੇ ਸਾਜ਼ਿਸ਼ ਘਾੜਿਆਂ ਨੂੰ ਗ੍ਰਿਫਤਾਰ ਕਰਕੇ




ਕਾਨੂੰਨ ਸਾਹਮਣੇ ਨਹੀਂ ਲਿਆਂਦਾ। ਉਨ੍ਹਾਂ ਕਿਹਾ ਕਿ ਭਾਈ ਨਿੱਝਰ ਦਾ ਮਾਮਲਾ ਕੇਵਲ ਸਿੱਖਾਂ ਨਾਲ ਨਹੀਂ ਜੁੜਿਆ ਸਗੋਂ ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦੇ ਰਾਜ ਨਾਲ ਵੀ ਜੁੜਿਆ ਹੈ। ਉਨ੍ਹਾਂ ਕਿਹਾ ਕਿ ਜੀ 7 ਸੰਮੇਲਨ ਵਿੱਚ ਪਹਿਲੀ ਵਾਰ ਟਰਾਂਸਨੈਸ਼ਨਲ ਰਿਪਰੈਸ਼ਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਹੋਈ ਹੈ ਅਤੇ ਭਾਈ ਨਿੱਝਰ ਦੀ ਮੌਤ ਤੋਂ ਬਾਅਦ ਹੀ ਅਮਰੀਕਾ-ਕੈਨੇਡਾ ਮੁਲਕਾਂ ਵਿੱਚ ਇਸ ਸ਼ਬਦ ਦੀ ਵਰਤੋਂ ਸ਼ੁਰੂ ਹੋਈ ਹੈ ਅਤੇ ਇਹ ਸਭ ਸਿੱਖਾਂ ਦੀਆਂ ਕੋਸ਼ਿਸ਼ਾਂ ਸਦਕਾ ਹੋ ਸਕਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਪ੍ਰਤੀਨਿਧ ਜੀ 7 ਵਿੱਚ ਮੌਜੂਦ ਨਾ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਚਿੰਤਾਵਾਂ ਨੇ ਉੱਥੇ ਆਪਣੀ ਮੌਜੂਦਗੀ ਦਿਖਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਨਵੀਂ ਬਣੀ ਸਰਕਾਰ ਨੇ ਵਪਾਰ ਅਤੇ ਆਰਥਿਕਤਾ ਨੂੰ ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਤੋਂ ਉੱਪਰ ਪਹਿਲ ਦਿੱਤੀ ਗਈ ਹੈ ਜਿਸ ਨਾਲ ਸਿੱਖ ਅਵਾਮ ਅੰਦਰ ਚਿੰਤਾ ਅਤੇ ਰੋਸ ਪਾਇਆ ਜਾ ਰਿਹਾ ਹੈ । ਦਲ ਖ਼ਾਲਸਾ ਆਗੂ ਨੇ ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤਾਂ ਦੇ ਜਥੇਦਾਰ ਦੀ ਨਿਯੁਕਤੀ ਤੇ ਸੇਵਾ ਮੁਕਤੀ ਦੇ ਵਿਧੀ ਵਿਧਾਨ ਬਨਾਉਣ ਦੀ ਆਰੰਭੀ ਪ੍ਰਕਿਰਿਆ ਵਿੱਚ ਵਰਤੀ ਜਾ ਰਹੀ ਢਿੱਲ-ਮੱਠ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਕਿਹਾ ਕਿ ਅਜੇ ਤੱਕ ਸਿੱਖ ਵਿਦਵਾਨਾਂ ਤੇ ਮਾਹਿਰਾਂ ਦੀ ਕਮੇਟੀ ਦਾ ਗਠਨ ਤੱਕ ਨਹੀਂ ਕੀਤਾ, ਜਿਨ੍ਹਾਂ ਨੇ ਸਿੱਖ ਅਵਾਮ ਤੇ ਸੰਸਥਾਵਾਂ ਵੱਲੋਂ ਆਏ ਸੁਝਾਵਾਂ ਦੀ ਘੋਖ ਕਰਨੀ ਹੈ। ਉਨ੍ਹਾਂ 6 ਜੂਨ ਤੋਂ ਪਹਿਲਾਂ ਅਕਾਲੀ ਦਲ ਅਤੇ ਦਮਦਮੀ ਟਕਸਾਲ ਦੇ ਮੁਖੀ ਦਰਮਿਆਨ ਬਣੇ ਤਣਾਅ ਪੂਰਨ ਹਾਲਾਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪੂਰਾ ਜ਼ੋਰ ਬਾਬਾ ਹਰਨਾਮ ਸਿੰਘ ਨੂੰ ਸੰਤੁਸ਼ਟ ਕਰਨ ਤੇ ਲੱਗਾ ਹੈ ਅਤੇ ਅਕਾਲੀ ਦਲ ਨੂੰ ਬਾਕੀ ਪੰਥ ਭੁੱਲਿਆ ਹੋਇਆ ਹੈ । ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਜਥੇਦਾਰਾਂ ਦੀਆਂ ਹੋਈਆਂ ਨਿਯੁਕਤੀਆਂ ਨੂੰ ਪੰਥ ਦੇ ਵੱਡੇ ਹਿੱਸੇ ਨੇ ਪ੍ਰਵਾਨ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਧੀ ਵਿਧਾਨ ਅਨੁਸਾਰ ਅਤੇ ਪੰਥ ਨੂੰ ਭਰੋਸੇ ਵਿੱਚ ਲੈ ਕੇ ਪੰਥਕ ਸਿਸਟਮ ਅਨੁਸਾਰ ਹੋਈ ਨਿਯੁਕਤੀ ਹੀ ਪੰਥ ਨੂੰ ਪ੍ਰਵਾਨ ਹੋਵੇਗੀ।

## ਉੱਤਰ-ਪੂਰਬੀ ਸਰਹੱਦੀ ਰੇਲਵੇ ਤਿੰਨ ਮੁੱਖ ਰੇਲਗੱਡੀਆਂ ਵਿੱਚ ਸੇਵਾਵਾਂ ਵਧਾਏਗਾ

**ਕੌਮੀ ਪਤ੍ਰਿਕਾ**

ਉੱਤਰ-ਪੂਰਬੀ ਸਰਹੱਦੀ ਰੇਲਵੇ (NFR) ਨੇ ਯਾਤਰੀ ਅਨੁਭਵ ਨੂੰ ਵਧਾਉਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ, ਜਿਸ ਵਿੱਚ ਦੋ ਮਹੱਤਵਪੂਰਨ ਰੇਲ ਸੇਵਾਵਾਂ ਵਿੱਚ ਇੱਕ 'ਵਿਸਟਾਡੋਮ ਕੋਚ' ਅਤੇ ਇੱਕ ਹੋਰ ਵਿੱਚ ਇੱਕ 13 3-ਟੀਅਰ ਕੋਚ ਸ਼ਾਮਲ ਕੀਤਾ ਗਿਆ ਹੈ, ਜੋ 1 ਜੁਲਾਈ ਤੋਂ ਲਾਗੂ ਹੋਵੇਗਾ। ÷ਇਹ ਪਹਿਲ NFR ਦੀ ਵਧਦੀਆਂ ਯਾਤਰੀ ਜ਼ਰੂਰਤਾਂ ਨੂੰ ਪੂਰਾ ਕਰਨ, ਜਹਾਜ਼ 'ਤੇ ਸਹੂਲਤਾਂ ਨੂੰ ਬਿਹਤਰ ਬਣਾਉਣ ਅਤੇ ਇਸਦੇ ਨੈੱਟਵਰਕ ਵਿੱਚ ਯਾਤਰਾ ਦੀ ਸਮੁੱਚੀ ਗੁਣਵੱਤਾ ਨੂੰ ਵਧਾਉਣ ਦੀ ਨਿਰੰਤਰ ਵਚਨਬੱਧਤਾ ਦਾ ਹਿੱਸਾ ਹੈ,÷ ਉੱਤਰ-ਪੂਰਬੀ ਸਰਹੱਦੀ ਰੇਲਵੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ (CPRO) ਕਪਿੰਜਲ ਕਿਸ਼ੋਰ ਸ਼ਰਮਾ ਨੇ ਕਿਹਾ। ਨਿਊ ਜਲਪਾਈਗੁੜੀ ਜੰਕਸ਼ਨ ਤੋਂ ਹਾਵੜਾ ਜੰਕਸ਼ਨ ਸ਼ਤਾਬਦੀ ਐਕਸਪ੍ਰੈਸ, ਜੋ ਹਫ਼ਤੇ ਵਿੱਚ ਛੇ ਦਿਨ ਚੱਲਦੀ ਹੈ, ਨੂੰ ਸਥਾਈ ਤੌਰ 'ਤੇ 'ਵਿਸਟਾਡੋਮ ਕੋਚ' ਨਾਲ ਵਧਾਇਆ ਗਿਆ ਹੈ ਤਾਂ ਜੋ ਯਾਤਰਾ ਅਨੁਭਵ ਨੂੰ ਅਮੀਰ ਬਣਾਇਆ ਜਾ ਸਕੇ, ਖਾਸ ਕਰਕੇ ਸੁੰਦਰ ਰੂਟਾਂ ਰਾਹੀਂ ਯਾਤਰਾ ਕਰਨ ਵਾਲਿਆਂ ਲਈ। ਇਸ ਵਾਧੂ ਕੋਚ ਦੇ ਨਾਲ, ਟ?ਰੇਨ ਹੁਣ ਕੁੱਲ 15 ਕੋਚਾਂ ਨਾਲ ਚੱਲੇਗੀ। ਗੁਹਾਟੀ ਤੋਂ ਜੋਰਹਾਟ ਟਾਊਨ ਜਨ ਸ਼ਤਾਬਦੀ ਐਕਸਪ੍ਰੈਸ ਸੋਧੀ ਹੋਈ ਰਚਨਾ 1 ਜੁਲਾਈ ਤੋਂ ਨਿਊ ਜਲਪਾਈਗੁੜੀ ਅਤੇ ਹਾਵੜਾ ਜੰਕਸ਼ਨ ਤੋਂ ਲਾਗੂ ਹੋਵੇਗੀ। ਇਸੇ ਤਰ੍ਹਾਂ, ਗੁਹਾਟੀ ਤੋਂ ਜੋਰਹਾਟ ਟਾਊਨ ਜਨ ਸ਼ਤਾਬਦੀ ਐਕਸਪ੍ਰੈਸ, ਜੋ ਹਫ਼ਤੇ ਵਿੱਚ ਛੇ ਦਿਨ ਚੱਲਦੀ ਹੈ, ਵਿੱਚ ਯਾਤਰੀਆਂ ਨੂੰ ਵਧੇਰੇ ਮਜ਼ੇਦਾਰ ਅਤੇ ਆਰਾਮਦਾਇਕ ਯਾਤਰਾ ਪ੍ਰਦਾਨ ਕਰਨ ਲਈ ਇੱਕ ਵਿਸਟਾਡੋਮ ਕੋਚ ਸਥਾਈ ਤੌਰ 'ਤੇ ਜੋੜਿਆ ਗਿਆ ਹੈ। ਸੋਧੇ ਹੋਏ ਕੋਚ ਦੀ ਰਚਨਾ ਵਿੱਚ ਹੁਣ 16 ਕੋਚ ਸ਼ਾਮਲ ਹਨ, ਅਤੇ ਇਹ ਤਬਦੀਲੀ 1 ਜੁਲਾਈ ਤੋਂ ਗੁਹਾਟੀ ਅਤੇ ਜੋਰਹਾਟ ਟਾਊਨ ਤੋਂ ਲਾਗੂ ਹੋਵੇਗੀ। ਇਸ ਤੋਂ ਇਲਾਵਾ, ਅਲੀਪੁਰਦੁਆਰ ਜੰਕਸ਼ਨ ਤੋਂ ਸਿਲਘਾਟ ਟਾਊਨ ਰਾਜ ਰਾਣੀ ਐਕਸਪ੍ਰੈਸ (ਟ?ਰੇਨ ਨੰਬਰ 15417/15418), ਜੋ ਹਫ਼ਤੇ ਵਿੱਚ ਤਿੰਨ ਦਿਨ ਚੱਲਦੀ ਹੈ, ਵਿੱਚ ਇੱਕ ਵਾਧੂ ਏਸੀ 3-ਟੀਅਰ ਕੋਚ ਸਥਾਈ ਤੌਰ 'ਤੇ ਜੋੜਿਆ ਗਿਆ ਹੈ।

## ਕੌਂਸਲਰ ਪਤੀ ਦੀ ਵਾਇਰਲ ਹੋਈ ਆਡੀਓ ਦੇ ਮਾਮਲੇ ਨੂੰ ਲੈ ਕੇ ਐਕਸ਼ਨ 'ਚ ਵਿਜੀਲੈਂਸ

**ਕੌਮੀ ਪਤ੍ਰਿਕਾ**

ਜਲੰਧਰ 23 ਜੂਨ। ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿਚ ਹੋਏ ਘਪਲੇ ਤੋਂ ਬਾਅਦ ਕੌਂਸਲਰ ਪਤੀ ਦੀਆਂ 2-2 ਆਡੀਓ ਵਾਇਰਲ ਹੋਈਆਂ। ਇਕ ਆਡੀਓ ਵਿਚ ਤਾਂ ਕੌਂਸਲਰ ਪਤੀ ਨੇ ਕਮੀਸ਼ਨ ਦੇ ਪੈਸੇ ਘਰ ਪਹੁੰਚਾਉਣ ਦੀ ਗੱਲ ਵੀ ਕਹੀ ਪਰ ਇਸ ਦੇ ਬਾਵਜੂਦ ਵਿਜੀਲੈਂਸ ਨੇ ਕੋਈ ਸਖ਼ਤ ਐਕਸ਼ਨ ਨਹੀਂ ਲਿਆ। ਓਧਰ ਬੁੱਧਵਾਰ ਨੂੰ ਇਸ ਮਾਮਲੇ ਵਿਚ ਵਿਜੀਲੈਂਸ ਨੇ 2 ਜੇ. ਈਜ਼ ਦੇ ਬਿਆਨ ਦਰਜ ਕੀਤੇ। ਵੀਰਵਾਰ ਨੂੰ ਵੀ ਨਿਗਮ ਦੇ ਅਧਿਕਾਰੀ ਬੁਲਾਏ ਗਏ ਪਰ ਕੌਂਸਲਰ ਪਤੀ ਖ਼?ਲਾਫ਼ ਕੋਈ ਐਕਸ਼ਨ ਨਹੀਂ ਲਿਆ ਗਿਆ। ਆਡੀਓ ਦੇ ਸਬੂਤ ਹੋਣ ਦੇ ਬਾਵਜੂਦ ਵਿਜੀਲੈਂਸ ਦੇ ਅਧਿਕਾਰੀਆਂ ਨੇ ਚੁੱਪ ਧਾਰੀ ਹੋਈ ਹੈ। ਪਿਛਲੇ ਸਾਲ ਤੋਂ ਵਿਜੀਲੈਂਸ ਕੋਲ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿਚ ਹੋਏ ਘਪਲੇ ਦੀ ਫਾਈਲ ਪਈ ਹੈ ਪਰ ਅਜੇ ਤਕ ਨਾ ਤਾਂ ਕੋਈ ਕੇਸ ਦਰਜ ਕੀਤਾ ਗਿਆ ਅਤੇ ਨਾ ਹੀ ਕਿਸੇ ਦੀ ਗ੍ਰਿਫ਼ਤਾਰੀ ਪਾਈ ਗਈ, ਹਾਲਾਂਕਿ ਵਿਜੀਲੈਂਸ ਨੇ ਨਾਜਾਇਜ਼ ਢੰਗ ਨਾਲ ਫੰਡ ਲੈਣ ਵਾਲੇ ਲੋਕਾਂ ਦੇ ਬਿਆਨ ਜ਼ਰੂਰ ਲਏ ਹਨ ਪਰ ਘਪਲਾ ਕਰਨ ਵਾਲੇ ਕੌਂਸਲਰ ਪਤੀ 'ਤੇ ਅਜੇ ਤਕ ਕੋਈ ਸਖ਼ਤ ਐਕਸ਼ਨ ਨਹੀਂ ਲਿਆ ਗਿਆ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿਚ ਹੋਏ ਘਪਲੇ ਦੀ ਜਾਂਚ ਦੌਰਾਨ ਉੱਤਰੀ ਹਲਕੇ ਦੇ ਆਮ ਆਦਮੀ ਪਾਰਟੀ ਦੇ ਕੌਂਸਲਰ ਪਤੀ ਦੀਆਂ 2-2 ਆਡੀਓ ਵਾਇਰਲ ਹੋ ਗਈਆਂ ਸਨ। ਕੌਂਸਲਰ ਪਤੀ ਸਕੀਮ ਤਹਿਤ ਮਿਲੇ ਫੰਡ ਦੀ ਆੜ 'ਚ ਕਮੀਸ਼ਨ ਦੇ 50 ਹਜ਼ਾਰ ਰੁਪਏ ਮੰਗ ਰਿਹਾ ਸੀ, ਜਿਸ ਨੂੰ ਫੰਡ ਮਿਲੇ ਉਸ ਦਾ ਘਰ ਵੀ ਪੱਕਾ ਸੀ ਪਰ ਬਾਲਿਆਂ ਵਾਲੀਆਂ ਛੱਤਾਂ ਸ਼ੋਅ ਕਰਕੇ ਉਸ ਵਿਅਕਤੀ ਦਾ 1.65 ਲੱਖ ਦਾ ਫੰਡ ਪਾਸ ਕਰਵਾ ਦਿੱਤਾ, ਜਿਸ ਵਿਚੋਂ 1.12 ਲੱਖ ਮਿਲੇ ਸਨ ਅਤੇ 65 ਹਜ਼ਾਰ ਰੁਪਏ ਆਉਣੇ ਬਾਕੀ ਸਨ। ਪੈਸੇ ਮਿਲਣ ਤੋਂ ਬਾਅਦ ਕੌਂਸਲਰ ਪਤੀ ਨੇ ਨਿਗਮ ਦੇ ਅਧਿਕਾਰੀਆਂ ਤੋਂ ਫੋਨ ਕਰਵਾਉਣੇ ਸ਼ੁਰੂ ਕਰ ਦਿੱਤੇ, ਜਿਸ ਤੋਂ ਬਾਅਦ ਹੋਈ ਕੌਂਸਲਰ ਪਤੀ ਨਾਲ ਗੱਲ ਦੀ ਆਡੀਓ ਰਿਕਾਰਡ ਕਰਕੇ ਵਾਇਰਲ ਕਰ ਦਿੱਤੀ ਗਈ ਸੀ। ਦੂਜੇ ਪਾਸੇ ਸੂਤਰਾਂ ਮੰਨੀਏ ਤਾਂ ਇਸੇ ਮਾਮਲੇ ਵਿਚ ਵਿਰੋਧੀ ਪਾਰਟੀਆਂ ਨੇ ਆਉਣ ਵਾਲੇ ਸੰਸਦ ਦੇ ਸੈਸ਼ਨ ਵਿਚ ਆਵਾਜ਼ ਉਠਾਉਣ ਲਈ ਇਸ ਕੇਸ ਦੇ ਸਾਰੇ ਰਿਕਾਰਡ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਆਮ ਆਦਮੀ ਪਾਰਟੀ ਇਸ ਤੋਂ ਬਚਣ ਲਈ ਸੈਸ਼ਨ ਤੋਂ ਪਹਿਲਾਂ-ਪਹਿਲਾਂ ਕੌਂਸਲਰ ਪਤੀ ਖ਼?ਲਾਫ਼ ਕਾਰਵਾਈ ਕਰਵਾ ਸਕਦੀ ਹੈ ਪਰ ਜੇਕਰ ਅਜਿਹਾ ਨਾ ਹੋਇਆ ਤਾਂ ਪਾਰਟੀ ਦੇ ਭ੍ਰਿਸ਼ਟ ਕੌਂਸਲਰ ਪਤੀ ਨੂੰ ਲੈ ਕੇ ਸੰਸਦ ਦੇ ਸੈਸ਼ਨ ਵਿਚ ਬੇਹੱਦ ਚਰਚਾ ਵੇਖਣ ਨੂੰ ਮਿਲ ਸਕਦੀ ਹੈ। ਇਸ ਮਾਮਲੇ ਨੂੰ ਵਿਧਾਇਕ ਰਮਨ ਅਰੋੜਾ ਨਾਲ ਵੀ ਜੋੜਿਆ ਜਾ ਸਕਦਾ ਹੈ।

## ਛੱਤਾਂ 'ਤੇ ਸੋਲਰ ਪੈਨਲਾਂ ਦੀ ਸਥਾਪਨਾ ਤੇਜ਼ ਕਰਨ ਲਈ ਸਰਕਾਰ ਵੱਲੋਂ ਸਟਾਰਟਅੱਪ ਪ੍ਰੋਗਰਾਮ ਸ਼ੁਰੂ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 23 ਜੂਨ। ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲਾ ਨੇ ਸ਼ਨੀਵਾਰ 2.3 ਕਰੋੜ ਰੁਪਏ ਦੀ ਸਟਾਰਟਅੱਪ ਇਨੋਵੇਸ਼ਨ ਚੁਣੌਤੀ ਨੂੰ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਦਾ ਮੰਤਵ ਦੇਸ਼ 'ਚ ਛੱਤਾਂ 'ਤੇ ਸੋਲਰ ਪੈਨਲਾਂ ਦੀ ਸਥਾਪਨਾ ਕਰਨੀ ਅਤੇ ਨਵਿਆਉਣਯੋਗ ਊਰਜਾ ਨੂੰ ਅਪਣਾਉਣ 'ਚ ਤੇਜ਼ੀ ਲਿਆਉਣੀ ਸ਼ਾਮਲ ਹੈ। ਮੰਤਰਾਲਾ ਨੇ ਇਕ ਬਿਆਨ 'ਚ ਕਿਹਾ ਕਿ ਚੁਣੌਤੀ ਦਾ ਮੰਤਵ ਭਾਰਤ 'ਚ ਇਮਾਰਤਾਂ ਦੀਆਂ ਛੱਤਾਂ 'ਤੇ ਸੋਲਰ ਅਤੇ ਵੰਡੇ ਗਏ ਨਵਿਆਉਣਯੋਗ ਊਰਜਾ ਈਕੋ-ਸਿਸਟਮ ਲਈ ਸਫਲ ਹੱਲ ਦੀ ਪਛਾਣ ਕਰਨਾ ਅਤੇ ਸਮਰਥਨ ਕਰਨਾ ਹੈ। ਇਸ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਸੋਲਰ ਐਨਰਜੀ ਦੇ ਸਹਿਯੋਗ ਨਾਲ ਅਤੇ ਸਟਾਰਟਅੱਪ ਇੰਡੀਆ, ਡੀ. ਪੀ. ਆਈ. ਆਈ. ਟੀ. ਦੇ ਤਾਲਮੇਲ ਨਾਲ ਐੱਮ. ਐੱਨ. ਆਰ. ਈ. ਦੀ ਅਗਵਾਈ ਹੇਠ ਲਾਗੂ ਕੀਤਾ ਜਾ ਰਿਹਾ ਹੈ। ਬਿਆਨ ਅਨੁਸਾਰ ਨਵਿਆਉਣਯੋਗ ਊਰਜਾ ਟਾਸਕ ਫੋਰਸ ਲਈ ਹੁਨਰ ਵਿਕਾਸ ਕਾਨਫਰੰਸ ਦੌਰਾਨ ਛੱਤਾਂ 'ਤੇ ਸੋਲਰ ਤੇ ਵੰਡੀ ਗਈ ਨਵਿਆਉਣਯੋਗ ਊਰਜਾ ਤਕਨਾਲੋਜੀ 'ਤੇ ਪ੍ਰਾਜੈਕਟ 'ਸਟਾਰਟਅੱਪ ਚੁਣੌਤੀ' ਨੂੰ ਸ਼ੁਰੂ ਕੀਤਾ ਗਿਆ ਹੈ। ਇਸ ਚੁਣੌਤੀ ਅਧੀਨ ਭਾਰਤ 'ਚ ਸਟਾਰਟਅੱਪਸ ਤੋਂ ਅਰਜ਼ੀਆਂ ਮੰਗੀਆਂ ਗਈਆਂ ਹਨ, ਜੋ ਨਵਿਆਉਣਯੋਗ ਊਰਜਾ ਅਪਣਾਉਣ ਨੂੰ ਉਤਸ਼ਾਹਿਤ ਕਰਨ ਲਈ 4 ਪ੍ਰਮੁੱਖ ਸ਼੍ਰੇਣੀਆਂ ਕਿਫਾਇਤੀ, ਲਚਕਤਾ, ਸਮਾਵੇਸ਼ੀ ਤੇ ਵਾਤਾਵਰਣ ਸਥਿਰਤਾ 'ਤੇ ਕੇਂਦ੍ਰਿਤ ਹਨ। ਇਹ ਚੁਣੌਤੀ ਗ੍ਰੀਨ ਟੈਕਨਾਲੋਜੀ, ਇੰਟਰਨੈੱਟ ਆਫ਼ ਥਿੰਗਜ਼, ਆਰਟੀਫੀਸ਼ੀਅਲ ਇੰਟੈਲੀਜੈਂਸ, ਬਲਾਕਚੇਨ, ਨਿਰਮਾਣ, ਊਰਜਾ ਹਾਰਡਵੇਅਰ, ਵਿੱਤੀ ਤਕਨਾਲੋਜੀ ਤੇ ਰਹਿੰਦ-ਖੂੰਹਦ ਪ੍ਰਬੰਧਨ 'ਚ ਸਟਾਰਟਅੱਪਸ ਦੀ ਇਕ ਵਿਸ਼ਾਲ ਸ਼੍ਰੇਣੀ ਲਈ ਖੁੱਲ੍ਹੀ ਹੈ। ਬਿਨੈਕਾਰ 2.3 ਕਰੋੜ ਰੁਪਏ ਦੀ ਕੁੱਲ ਇਨਾਮੀ ਰਕਮ ਲਈ ਮੁਕਾਬਲਾ ਕਰਨਗੇ, ਜਿਸ 'ਚ ਪਹਿਲੇ ਇਨਾਮ ਲਈ 1 ਕਰੋੜ ਰੁਪਏ, ਦੂਜੇ ਲਈ 50 ਲੱਖ ਰੁਪਏ, ਤੀਜੇ ਲਈ 30 ਲੱਖ ਰੁਪਏ ਤੇ 5 ਲੱਖ ਰੁਪਏ ਦੇ 10 ਹੌਸਲਾ-ਵਧਾਊ ਇਨਾਮ ਸ਼ਾਮਲ ਹਨ।

# ਕੈਨੇਡਾ ਤੋਂ ਦੇਸ਼ ਨਿਕਾਲਾ ਹੋਵੇ ਜਾਂ ਅਮਰੀਕਾ ਤੋਂ ਬੱਚਿਆਂ ਨੂੰ ਅਪਰਾਧੀਆਂ ਵਾਂਗ ਹੱਥਕੜੀਆਂ ਅਤੇ ਬੇੜੀਆਂ ਪਾ ਕੇ ਭਾਰਤ ਭੇਜਣਾ, ਖਾਲਿਸਤਾਨੀ ਲੋਕ ਚੁੱਪ ਕਿਉਂ ਰਹੇ? : ਪ੍ਰੋ. ਸਰਚਾਂਦ ਸਿੰਘ ਖਿਆਲਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 23 ਜੂਨ: ਭਾਜਪਾ ਦੇ ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਭਾਰਤ ਵਿਰੁੱਧ ਵਿਦੇਸ਼ਾਂ ਵਿੱਚ ਸਰਗਰਮ ਖਾਲਿਸਤਾਨੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਸਿਆਸੀ ਰੋਟੀਆਂ ਸੇਕਣ ਤੋਂ ਇਲਾਵਾ, ਇਨ੍ਹਾਂ ਤੱਤਾਂ ਨੂੰ ਪੰਜਾਬ ਅਤੇ ਸਿੱਖਾਂ ਨਾਲ ਕੋਈ ਸਰੋਕਾਰ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਨੂੰ ਉਨ੍ਹਾਂ ਸਿੱਖ ਬੱਚਿਆਂ ਨਾਲ ਕੋਈ ਹਮਦਰਦੀ ਹੈ ਜੋ ਉਨ੍ਹਾਂ ਕੋਲ ਬਿਹਤਰ ਭਵਿੱਖ ਦੀ ਭਾਲ ਵਿੱਚ ਗਏ ਹਨ। ਪ੍ਰੋ. ਸਰਚਾਂਦ ਸਿੰਘ ਨੇ ਸਵਾਲ ਕੀਤਾ ਕਿ ਜੇਕਰ ਵਿਦੇਸ਼ਾਂ ਵਿੱਚ ਬੈਠੇ ਇਹ ਲੋਕ 14 ਹਜ਼ਾਰ ਕਿੱਲੋਮੀਟਰ ਦੂਰ ਪੰਜਾਬ ਅਤੇ ਸਿੱਖਾਂ ਦੀ ਚਿੰਤਾ ਕਰਦੇ ਹਨ ਅਤੇ ਸਿੱਖ ਨੌਜਵਾਨਾਂ ਪ੍ਰਤੀ ਸੱਚੀ ਹਮਦਰਦੀ ਰੱਖਦੇ ਹਨ, ਤਾਂ ਫਰਵਰੀ ਦੇ ਮਹੀਨੇ ਜਦੋਂ ਅਮਰੀਕੀ ਪ੍ਰਸ਼ਾਸਨ ਸਾਡੇ ਬੱਚਿਆਂ ਨੂੰ ਕਈ ਦਿਨਾਂ ਤੱਕ ਹਿਰਾਸਤ ਵਿੱਚ ਰੱਖਣ ਤੋਂ ਬਾਅਦ, ਅਪਰਾਧੀਆਂ ਵਾਂਗ ਵਿਵਹਾਰ ਕਰਦਿਆਂ ਅਮਰੀਕੀ ਫ਼ੌਜੀ ਜਹਾਜ਼ਾਂ ਰਾਹੀਂ ਹੱਥਕੜੀਆਂ ਅਤੇ ਬੇੜੀਆਂ ਵਿੱਚ ਬੰਨ੍ਹ ਕੇ ਭਾਰਤ ਵਾਪਸ ਭੇਜ ਰਿਹਾ ਸੀ, ਤਾਂ ਇਨ੍ਹਾਂ ਖਾਲਿਸਤਾਨੀਆਂ ਨੇ ਸਾਡੇ ਇਨ੍ਹਾਂ ਬੇਸਹਾਰਾ ਬੱਚਿਆਂ ਦੇ ਹੱਕ ਵਿੱਚ ਅਮਰੀਕੀ ਪ੍ਰਸ਼ਾਸਨ ਵਿਰੁੱਧ ਆਵਾਜ਼ ਕਿਉਂ ਨਹੀਂ ਉਠਾਈ? ਉਨ੍ਹਾਂ ਵਿਰੋਧ ਕਿਉਂ ਨਹੀਂ ਕੀਤਾ? ਉਹ ਚੁੱਪਚਾਪ ਸਭ ਕੁਝ ਕਿਉਂ ਦੇਖਦੇ ਰਹੇ? ਜਦੋਂ ਕਿ ਮੈਕਸੀਕੋ ਦੇ ਲੋਕਾਂ ਨੇ ਆਪਣੇ ਬੱਚਿਆਂ ਲਈ ਆਵਾਜ਼ ਉਠਾਈ ਅਤੇ ਸਰਕਾਰ ਦਾ ਵਿਰੋਧ ਕੀਤਾ। ਮਾਮਲਾ ਇੱਥੇ ਹੀ ਖ਼ਤਮ ਨਹੀਂ ਹੁੰਦਾ, ਜਦੋਂ ਕੈਨੇਡੀਅਨ ਸਰਕਾਰ ਸਾਡੇ ਹਜ਼ਾਰਾਂ ਬੱਚਿਆਂ ਅਤੇ



ਵਿਦਿਆਰਥੀਆਂ ਨੂੰ ਕਿਸੇ ਕਾਰਨ ਕਰਕੇ ਦੇਸ਼ ਨਿਕਾਲ?ਾ ਦੇ ਰਹੀ ਸੀ, ਤਾਂ ਇਨ੍ਹਾਂ ਖਾਲਿਸਤਾਨੀਆਂ ਨੇ ਉਨ੍ਹਾਂ ਦੀ ਵੀ ਕਿਸੇ ਤਰ੍ਹਾਂ ਮਦਦ ਕਰਨ ਵਿੱਚ ਕੋਈ ਦਿਲਚਸਪੀ ਕਿਉਂ ਨਹੀਂ ਦਿਖਾਈ? ਉਨ੍ਹਾਂ ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਕੈਨੇਡੀਅਨ ਸਰਕਾਰ 'ਤੇ ਕੋਈ ਦਬਾਅ ਕਿਉਂ ਨਹੀਂ ਪਾਇਆ? ਕੀ ਇਨ੍ਹਾਂ ਖਾਲਿਸਤਾਨੀ ਬੁਰਕਾਧਾਰੀਆਂ ਦਾ ਉਦੇਸ਼ ਸਿਰਫ਼ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਵਿਰੋਧ ਕਰਨਾ ਹੈ? ਪ੍ਰੋ. ਸਰਚਾਂਦ ਸਿੰਘ ਨੇ ਵਿਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਅਤੇ ਹਿੰਦੂ ਮੰਦਰਾਂ 'ਤੇ ਹਿੰਸਕ ਹਮਲਿਆਂ ਤੋਂ ਇਲਾਵਾ, ਭਾਰਤੀ ਤਿਰੰਗੇ ਦੇ ਅਪਮਾਨ 'ਤੇ ਕਿਹਾ ਕਿ ਤਿਰੰਗੇ ਦੇ ਸਿਖਰ 'ਤੇ ਕੇਸਰੀ ਰੰਗ ਦੇਸ਼ ਦੀ ਆਜ਼ਾਦੀ ਵਿੱਚ ਸਿੱਖਾਂ ਦੁਆਰਾ ਪਾਏ ਗਏ ਯੋਗਦਾਨ ਨੂੰ ਪਰਿਭਾਸ਼ਿਤ ਕਰਦਾ ਹੈ, ਪਰ ਸਭ ਕੁਝ ਜਾਣਨ ਦੇ ਬਾਵਜੂਦ, ਇਹ ਲੋਕ ਵਿਦੇਸ਼ਾਂ ਵਿੱਚ ਸਿੱਖਾਂ ਦੀ ਛਵੀ ਨੂੰ ਖਰਾਬ ਕਰਨ 'ਤੇ ਤੁਲੇ ਹੋਏ ਹਨ। ਖਾਲਿਸਤਾਨੀਆਂ, ਜੋ ਰਾਜਨੀਤਿਕ ਖੇਡ ਵਿੱਚ ਪਾਕਿਸਤਾਨ ਦੇ ਮੋਹਰੇ ਵਜੋਂ ਕੰਮ ਕਰ ਰਹੇ ਹਨ, ਨੂੰ ਸਮਝਣਾ ਚਾਹੀਦਾ ਹੈ ਕਿ ਪਾਕਿਸਤਾਨ 1971 ਅਤੇ ਬੰਗਲਾਦੇਸ਼ ਦੀ ਭਿਆਨਕ ਹਾਰ ਦਾ ਬਦਲਾ ਭਾਰਤ ਤੋਂ ਲੈਣ ਲਈ ਹਰ ਸੰਭਵ ਤਰੀਕੇ ਨਾਲ ਖਾਲਿਸਤਾਨ ਦੇ ਮੁੱਦੇ ਨੂੰ ਹਵਾ ਦੇ ਰਿਹਾ ਹੈ, ਉਨ੍ਹਾਂ ਦਾ ਸਿੱਖਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਖਾਲਿਸਤਾਨੀਆਂ ਨੂੰ ਪਾਕਿਸਤਾਨ ਤੋਂ ਫੰਡ ਮਿਲ ਰਹੇ ਹਨ, ਪਰ ਫਿਰ ਵੀ ਇਹ ਲੋਕ ਪੈਸੇ ਲਈ ਵਿਦੇਸ਼ਾਂ ਵਿੱਚ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਖਾਲਿਸਤਾਨੀਆਂ ਦਾ ਅਸਲ ਮਨੋਰਥ ਅਰਾਜਕਤਾ ਪੈਦਾ ਕਰਕੇ ਸਿੱਖ ਮੁੱਦਿਆਂ 'ਤੇ ਭਾਰਤ ਸਰਕਾਰ ਨਾਲ ਸਿੱਖ ਆਗੂਆਂ ਦੀ ਗੱਲਬਾਤ ਨੂੰ ਪ੍ਰਭਾਵਿਤ ਕਰਨਾ ਹੈ। ਉਹ ਸਿੱਖਾਂ ਦੇ ਮੁੱਦਿਆਂ ਦਾ ਹੱਲ ਨਹੀਂ ਚਾਹੁੰਦੇ ਸਗੋਂ ਭਾਰਤ ਵਿਰੁੱਧ ਵਿਰੋਧ ਕਰਕੇ ਆਪਣੀਆਂ ਖਾਲਿਸਤਾਨ ਦੀਆਂ ਦੁਕਾਨਾਂ ਖੁੱਲ੍ਹੀਆਂ ਰੱਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿੱਖਾਂ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲਾ ਸਿੱਖ ਭਾਈਚਾਰੇ ਨੂੰ ਖਾਲਿਸਤਾਨ ਵਿੱਚ ਕੋਈ ਦਿਲਚਸਪੀ ਨਹੀਂ ਹੈ। ਪ੍ਰੋ. ਸਰਚਾਂਦ ਸਿੰਘ ਨੇ ਖਾਲਿਸਤਾਨ ਨੂੰ ਕਾਂਗਰਸ ਦੀ ਸਾਜ਼ਿਸ਼ ਕਰਾਰ ਦਿੱਤਾ ਅਤੇ ਕਿਹਾ ਕਿ ਖਾਲਿਸਤਾਨ ਦੀ ਗੱਲ ਕਰਨ ਵਾਲੇ ਡਾ. ਜਗਜੀਤ ਸਿੰਘ ਚੌਹਾਨ, ਡਾ. ਗੰਗਾ ਸਿੰਘ ਜਾਂ ਬਲਬੀਰ ਸਿੰਘ ਸੰਧੂ ਉਨ੍ਹਾਂ ਲਈ ਖਾਲਿਸਤਾਨੀ ਚਿਹਰੇ ਕਿਉਂ ਨਹੀਂ ਹਨ? ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਿਨ੍ਹਾਂ ਦੇ ਨਾਮ 'ਤੇ ਇਹ ਲੋਕ ਖਾਲਿਸਤਾਨ ਦਾ ਬਿਰਤਾਂਤ ਰਚ ਰਹੇ ਹਨ, ਨੇ ਅਸਲ ਵਿੱਚ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ। ਪਰ ਉਨ੍ਹਾਂ ਨੂੰ ਗੁੰਮਰਾਹਕੁੰਨ ਢੰਗ ਨਾਲ ਖਾਲਿਸਤਾਨ ਦੇ ਨੇਤਾ ਵਜੋਂ ਪੇਸ਼ ਕਰਕੇ ਨਾ ਕੇਵਲ ਉਨ੍ਹਾਂ ਦੀ ਛਵੀ ਨੂੰ ਬਦਨਾਮ ਕਰਕੇ ਸਗੋਂ ਕਾਂਗਰਸ ਪਾਰਟੀ ਦੁਆਰਾ ਪੇਸ਼ ਕੀਤੇ ਗਏ ਖਾਲਿਸਤਾਨੀ ਬਿਰਤਾਂਤ ਨੂੰ ਸਾਬਤ ਕਰਨ 'ਤੇ ਤੁਲੇ ਹੋਏ ਹਨ, ਅਤੇ ਕਾਂਗਰਸ ਦੇ ਹੱਥਾਂ ਵਿੱਚ ਖੇਡ ਰਹੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਅਕਾਲੀ ਮੰਤਰੀ ਜਗਜੀਤ ਸਿੰਘ ਚੌਹਾਨ, ਜਿਸਨੂੰ ਕੈਨੇਡੀਅਨ ਸਿੱਖਾਂ ਵਿੱਚ ਆਈਐਸਆਈ ਦੇ ਏਜੰਟ ਵਜੋਂ ਜਾਣਿਆ ਜਾਂਦਾ ਹੈ, ਨੇ 14 ਜੂਨ 1984 ਨੂੰ ਲੰਡਨ ਵਿੱਚ ਖਾਲਿਸਤਾਨ ਦਾ ਐਲਾਨ ਕੀਤਾ ਸੀ।

## 2023 ਜੈਜੋਂ ਹਾਦਸੇ ਤੋਂ ਬਾਅਦ ਅਜੇ ਵੀ ਨਹੀਂ ਬਣਿਆ ਪੁਲ: ਨਿਮਿਸ਼ਾ ਮਹਿਤਾ

**ਕੌਮੀ ਪਤ੍ਰਿਕਾ**

ਗੜ੍ਹਸ਼ੰਕਰ 23 ਜੂਨ। ਭਾਜਪਾ ਦੀ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਇਲਾਕਾ ਵਾਸੀਆਂ ਨੂੰ 11 ਅਗਸਤ 2023 ਨੂੰ ਹੋਏ ਜੈਜੋਂ ਚੋਅ ਹਾਦਸੇ ਦੀ ਯਾਦ ਕਰਵਾਉਂਦੇ ਕਿਹਾ ਕਿ ਇਸ ਭਿਆਨਕ ਹਾਦਸੇ ਨੂੰ ਕਰੀਬ ਦੋ ਸਾਲ ਪੂਰੇ ਹੋਣ ਲੱਗੇ ਹਨ ਪਰ ਚੋਅ ਦੇ ਮਾਰੂ ਪਾਣੀ ਤੋਂ ਬਚਾਉਣ ਲਈ ਅਜੇ ਤੱਕ ਉਥੇ ਨਾ ਕੋਈ ਪੁਲ ਬਣਾਇਆ ਗਿਆ ਹੈ ਅਤੇ ਨਾ ਹੀ ਚੋਅ ਦੇ ਦੁਆਲੇ ਵਾਹਨਾਂ ਦੀ ਸੁਰੱਖਿਆ ਲਈ ਕੋਈ ਪਿੱਲਰ ਲਗਾਏ ਗਏ ਹਨ ਤਾਂਕਿ ਵਾਹਨਾਂ ਨੂੰ ਚੋਅ ਦੇ ਪਾਣੀ ਵਿਚ ਹੜ੍ਹਨ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ 11 ਅਗਸਤ 2023 ਨੂੰ ਹਿਮਾਚਲ ਪ੍ਰਦੇਸ਼ ਤੋਂ ਪੰਜਾਬ 11 ਮੈਂਬਰਾਂ ਨੂੰ ਲੱਦ ਕੇ ਲਿਆਂਉਂਦੀ ਇਨੋਵਾ ਗੱਡੀ ਦੇ ਜੈਜੋਂ ਚੋਅ ਵਿਚ ਹੜ੍ਹ ਜਾਣ ਕਾਰਨ 9 ਮੌਤਾਂ ਹੋ ਗਈਆਂ ਸਨ ਅਤੇ ਇਲਾਕਾ ਵਾਸੀਆਂ ਲਈ ਇਹ ਦਿਲ ਦਹਿਲਾਉਣ ਵਾਲੀ ਘਟਨਾ ਸੀ। ਉਨ੍ਹਾਂ ਕਿਹਾ ਕਿ ਜਦੋਂ ਇਹ ਦਰਦਨਾਕ ਹਾਦਸਾ ਹੋਇਆ ਸੀ ਤਾਂ ਸਰਕਾਰ ਵੱਲੋਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਜਲਦੀ ਹੀ ਇਥੇ ਪੁਲ ਦੀ ਉਸਾਰੀ ਕਰਵਾਉਣ ਦੀ ਗੱਲ ਖ਼ਬਰਾਂ ਰਾਹੀਂ ਜਨਤਕ ਕੀਤੀ ਗਈ ਸੀ। ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਚੋਅ ਵਿਚ ਗੱਡੀ ਹੜ੍ਹ ਜਾਣ ਦੇ ਇਸ ਦਰਦਨਾਕ ਹਾਦਸੇ ਦੀਆਂ ਖ਼ਬਰਾਂ ਸੂਬਾ ਅਤੇ ਕੌਮਾਂਤਰੀ ਪੱਧਰ 'ਤੇ ਅਖ਼ਬਾਰਾਂ ਅਤੇ ਟੀਵੀ ਚੈਨਲਾਂ 'ਤੇ ਲੱਗੀਆਂ ਸਨ ਅਤੇ ਸਰਕਾਰ ਨੇ ਇਸ ਚੋਅ ਦੇ ਮਸਲੇ ਨੂੰ ਹੱਲ ਕਰਨ ਦੇ ਵੱਡੇ ਦਾਅਵੇ ਪੇਸ਼ ਕੀਤੇ ਸਨ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਬੇਸ਼ਕ ਸਰਕਾਰ ਦੇ ਨੁਮਾਇੰਦਿਆਂ ਅਤੇ ਅਫ਼ਸਰਾਂ ਵੱਲੋਂ 9 ਮੌਤਾਂ ਵਾਲੀ ਇਹ ਖ਼ਤਰਨਾਕ ਦੁਰਘਟਨਾ ਹੋਣ 'ਤੇ ਵਾਰ-ਵਾਰ ਚੋਅ ਦੇ ਸੁਰੱਖਿਆ ਇੰਤਜ਼ਾਮਾਂ ਵਿਚ ਵਿਸ਼ੇਸ਼ ਤੌਰ 'ਤੇ ਵਾਹਨਾਂ ਦੀ ਆਵਾਜਾਈ ਲਈ ਪੁਲ ਬਣਾਉਣ ਦੇ ਅਤੇ ਆਲੇ-ਦੁਆਲੇ ਪਿੱਲਰ ਲਗਾਉਣ ਦੇ ਬਿਆਨ ਦਿੱਤੇ ਗਏ ਸਨ ਪਰ ਸ਼ਾਇਦ ਇਹ ਬਿਆਨਬਾਜ਼ੀ ਸਿਰਫ਼ ਲੋਕਾਂ ਦਾ ਗੁੱਸਾ ਸ਼ਾਂਤ ਕਰਨ ਲਈ ਹੀ ਕੀਤੀ ਗਈ ਸੀ ਕਿਉਂਕਿ ਜੇਕਰ ਸਰਕਾਰ ਸਚਮੁੱਚ ਇਥੇ ਹੋਣ ਵਾਲੇ ਹਾਦਸਿਆਂ ਨੂੰ ਲੈ ਕੇ ਗੰਭੀਰ ਹੁੰਦੀ ਤਾਂ ਹੁਣ ਤੱਕ ਇਥੇ ਪੁਲ ਬਣ ਚੁੱਕਾ ਹੁੰਦਾ। ਅੱਗੇ ਬੋਲਦੇ ਹੋਏ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਸਰਕਾਰ ਪੁਲ ਦੀ ਉਸਾਰੀ ਜਲਦੀ ਤੋਂ ਜਲਦੀ ਕਰਵਾ ਕੇ ਦੇਵੇ ਨਹੀਂ ਤਾਂ ਜਨਤਾ ਸਮਝ ਜਾਵੇਗੀ ਕਿ ਜੈਜੋਂ ਚੋਅ 'ਤੇ ਪੁਲ ਬਣਾਉਣ ਦਾ ਦਾਅਵਾ ਇਕ ਫੋਕਾ ਐਲਾਨ ਹੀ ਸੀ ਅਤੇ ਇਸ ਫੋਕੇ ਐਲਾਨ ਦਾ ਖਾਮਿਆਜ਼ਾ ਸਰਕਾਰ ਨੂੰ 2027 ਵਿਧਾਨ ਸਭਾ ਚੋਣਾਂ ਵਿਚ ਭੁਗਤਣਾ ਪਵੇਗਾ।

## ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੇ 11 ਸਾਲ ਰਹੇ ਬੇਮਿਸਾਲ: ਗੌਰਵ ਗੌਤਮ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 23 ਜੂਨ: ਹਰਿਆਣਾ ਦੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਸਾਲ 2014 ਦੇ ਬਾਅਦ ਦੇਸ਼ ਨੇ ਬੇਮਿਸਾਲ ਯੁੱਗ ਵਿੱਚ ਪ੍ਰਵੇਸ਼ ਕੀਤਾ ਹੈ। ਇਹ 11 ਸਾਲ ਸਿਰਫ ਸ਼ਾਸਨਕਾਲ ਨਹੀਂ, ਸਗੋਂ ਰਾਸ਼ਟਰ ਨਿਰਮਾਣ ਦਾ ਉਹ ਦੌਰ ਹੈ ਜਿਸ ਵਿੱਚ ਭਾਰਤ ਨੇ ਆਪਣੀ ਪੁਰਾਣੀ ਸਭਿਆਚਾਰਗ ਵਿਰਾਸਤ 'ਤੇ ਮਾਣ ਕਰਦੇ ਹੋਏ ਆਧੁਨਿਕ ਵਿਕਾਸ ਦੀ ਨਵੀਂ ਉਚਾਈਆਂ ਨੂੰ ਛੋਹਿਆ ਹੈ। ਖੇਡ ਰਾਜ ਮੰਤਰੀ ਅੱਜ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੇ 11 ਸਾਲ ਪੂਰੇ ਹੋਣ 'ਤੇ ਮਾਨੇਸਰ ਵਿੱਚ ਪ੍ਰੈਸ ਕਾਨਫ?ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਇਸ ਦੌਰਾਨ ਪਟੌਦੀ ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ ਮੌਜੂਦ ਰਹੀ। ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਗਰੀਬ, ਕਿਸਾਨ, ਮਹਿਲਾ ਅਤੇ ਯੁਵਾ ਇਹ ਚਾਰ ਥੰਮ?ਹ ਮੋਦੀ ਸਰਕਾਰ ਦੇ ਸੁਸਾਸ਼ਨ ਦੇ ਕੇਂਦਰ ਬਿੰਦੂ ਹਨ। ਅੰਤੋਂਦੇਯ ਉਥਾਨ ਦੇ ਟੀਚੇ ਨਾਲ ਪਿਛਲੇ 11 ਸਾਲਾਂ ਵਿੱਚ 29 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਪਰ ਉਠਾਇਆ ਗਿਆ ਹੈ। ਜਲ ਜੀਵਨ ਮਿਸ਼ਨ ਨਾਲ 15 ਕਰੋੜ ਪਿੰਡਵਾਸੀ ਘਰਾਂ ਵਿੱਚ ਲੱਲ ਤੋਂ ਜਲ੍ਹ ਪਹੁੰਚਿਆ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ ਨਾਲ 4 ਕਰੋੜ ਪਰਿਵਾਰਾਂ ਨੂੰ ਪੱਕੇ ਘਰ ਦਿੱਤੇ ਗਏ ਹਨ। ਸਾਡੀ ਮਾਤਰਸ਼ਕਤੀ ਦੇ ਸਨਮਾਨ ਨੂੰ ਬਰਕਰਾਰ ਰੱਖਣ ਲਈ ਸਵੱਛ ਭਾਰਤ ਮਿਸ਼ਨ ਦੇ ਤਹਿਤ ਦੇਸ਼ ਖੁੱਲੇ ਵਿੱਚ ਸ਼ੋਚ ਮੁਕਤ ਹੋਣ ਦੀ ਦਿਸ਼ਾ ਵਿੱਚ ਅੱਗੇ ਵਧਿਆ ਹੈ। ਪ੍ਰਧਾਨ ਮੰਤਰੀ ਮੋਦੀ ਦੇ ਫੈਸਲਿਆਂ ਵਿੱਚ ਦ੍ਰਿੜਤਾ ਅਤੇ ਦੇਸ਼ਹਿੱਤ ਸੱਭ ਤੋਂ ਉੱਪਰ ਰਿਹਾ ਹੈ। ਚਾਹੇ ਮੰਜੂ-ਕਸ਼ਮੀਰ ਤੋਂ ਅਨੁਛੇਦ-370 ਹਟਾਉਣ ਦੀ ਗੱਲ ਹੋਵੇ, ਪੁਲਵਾਮਾ ਹਮਲੇ ਦੇ ਬਾਅਦ ਸਰਜੀਕਲ ਸਟ?ਰਾਇਕ ਹੋਵੇ, ਜਾਂ ਫਿਰ ਹਾਲ ਹੀ ਵਿੱਚ ਚਿਨਾਬ ਬ੍ਰਿਜ ਦੇ ਜਰਇਏ ਕਸ਼ਮੀਰ ਘਾਟੀ ਨੂੰ ਦੇਸ਼ ਨਾਲ ਜੋੜਨਾ, ਉਨ੍ਹਾਂ ਦਾ ਹਰ ਫੈਸਲਾ ਇੱਕ ਨਵੇਂ ਭਾਰਤ ਦੀ ਭੀਂਹ ਰੱਖਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਲ 2014 ਤੋਂ ਪਹਿਲਾਂ ਦੇਸ਼ ਵਿੱਚ ਭ੍ਰਿਸ਼ਟਾਚਾਰ, ਭਾਈ-ਭਤੀਜਵਾਦ ਅਤੇ ਨਿਰਾਸ਼ਾ ਦਾ ਮਾਹੌਲ ਸੀ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਪਾਰਦਰਸ਼ਿਤਾ, ਤਕਨੀਕੀ ਇਨੋਵੇਸ਼ਨ ਅਤੇ ਵਿਕਾਸ ਦੀ ਗਤੀ ਨੂੰ ਸਰਵੋਚ ਪ੍ਰਾਥਮਿਕਤਾ ਦਿੱਤੀ ਗਈ, ਜਿਸ ਦਾ ਨਤੀਜਾ ਅੱਜ ਵਿਸ਼ਵ ਮੰਚ 'ਤੇ ਭਾਰਤ ਦੀ ਮਜਬੂਤ ਮੌਜੂਦਗੀ ਵਜੋ ਸਾਹਮਣੇ ਹੈ। ਉਨ੍ਹਾਂ ਨੇ ਕਿਹਾ ਕਿ ਚੰਦਰਯਾਨ, ਮੰਗਲਯਾਨ ਅਤੇ ਡਿਜੀਟਲ ਇੰਡੀਆ ਵਰਗੇ ਮੁਹਿੰਮਾਂ ਨੈ ਭਾਰਤ ਨੂੰ ਵਿਸ਼ਵ ਦੀ ਮੋਹਰੀ ਤਕਨਾਲੋਜੀ ਸ਼ਕਤੀ ਬਣਾ ਦਿੱਤਾ ਹੈ। ਸਾਲ 2014 ਵਿੱਚ 10ਵੀਂ ਸਥਾਨ 'ਤੇ ਰਹੀ ਭਾਰਤੀ ਅਰਥਵਿਵਸਥਾ ਅੱਜ ਦੁਨੀਆ ਦੀ ਚੌਥੀ ਸੱਭ ਤੋਂ ਵੱਡੀ ਅਤੇ ਸੱਭਤੋਂ ਤੇ?ੀ ਨਾਲ ਵੱਧਣ ਵਾਲੀ ਅਰਥਵਿਵਸਥਾ ਬਣ ਗਈ ਹੈ। ਉਨ੍ਹਾਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਨਾਰੀ ਸ਼ਕਤੀ ਨੂੰ ਰਾਸ਼ਟਰ ਸ਼ਕਤੀ ਬਨਾਉਣ ਦਾ ਸੰਕਲਪ ਕੀਤਾ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਹਰਿਆਣਾ ਤੋਂ ਸ਼ੁਰੂ ਹੋਇਆ ਬੇਟੀ ਬਚਾਓ-ਬੇਟੀ ਪੜਾਓ ਮੁਹਿੰਮ ਤੇ ਨਿਰਧਾਰਿਤ ਟੀਚਿਆਂ ਤਹਿਤ ਉਸ ਦੇ ਨਤੀਜੇ ਇੰਨ੍ਹਾਂ ਹੀ ਸਾਰਥਕ ਯਤਨਾਂ ਦਾ ਹਿੱਸਾ ਹਨ। ਉਨ੍ਹਾਂ ਨੇ ਕਿਹਾ ਕਿ ਸਾਲ 2014 ਤੋਂ ਪਹਿਲਾਂ ਦੇਸ਼ ਵਿੱਚ ਯੂਨੀਵਰਸਿਟੀਆਂ ਦੀ ਗਿਣਤੀ 490 ਸੀ ਜੋ ਕਿ ਹੁਣ ਵੱਧ ਕੇ 1213 ਹੋ ਗਈ ਹੈ। ਉਨ੍ਹਾਂ ਨੇ ਦਸਿਆ ਕਿ ਸਾਲ 2014 ਵਿੱਚ ਜਿੱਥੇ ਦੇਸ਼ ਵਿੱਚ ਸਿਰਫ 74 ਏਅਰਪੋਰਟ ਸਨ, ਅੱਜ ਉਨ੍ਹਾਂ ਦੀ ਗਿਣਤੀ ਵੱਧ ਕੇ 160 ਹੋ ਗਈ ਹੈ। ਪੀਐਮ ਗਤੀਸ਼ਕਤੀ , ਭਾਰਤਮਾਲਾ ਅਤੇ ਸਾਗਰਮਾਲਾ ਪਰਿਯੋਜਨਾਵਾਂ ਨੇ ਦੇਸ਼ ਦੇ ਇੰਫ?ਰਾਸਟਕਚਰ ਨੂੰ ਨਵੀਂ ਦਿਸ਼ਾ ਦਿੱਤੀ ਹੈ। ਖੇਡ ਰਾਜ ਮੰਤਰੀ ਨੇ ਵਿਕਾਸ ਦੀ ਇਸ ਮਹਤੱਵਪੂਰਣ ਯਾਤਰਾ ਵਿੱਚ ਹਰਿਆਣਾ ਦੇ ਯੋਗਦਾਨ ਦਾ ਵਰਨਣ ਕਰਦੇ ਹੋਏ ਕਿਹਾ ਕਿ ਸੂਬੇ ਨੇ ਕਿਸਾਨਾਂ ਦੀ ਭਲਾਈ, ਉਦਯੋਗਿਕ ਨਿਵੇਸ਼, ਖਿਡਾਰੀਆਂ ਦੀ ਉਪਲਬਧੀਆਂ ਅਤੇ ਨੌਜੁਆਨਾਂ ਨੂੰ ਰੁਜਗਾਰ ਨਾਲ ਜੋੜਨ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਪ੍ਰਧਾਨ ਮੰਤਰੀ ਨੇ ਹਰ ਵਾਰ ਹਰਿਆਣਾ ਨੂੰ ਵੱਡੀ-ਵੱਡੀ ਪਰਿਯੋਜਨਾਵਾਂ ਦੀ ਸੋਗਾਤ ਦਿੱਤੀ ਹੈ। ਦੇਸ਼ ਵਿੱਚ ਇਹ ਪਹਿਲੀ ਸਰਕਾਰ ਹੈ ਜਿਸ ਨੇ ਸਕਿਲ ਵਿਕਾਸ ਦੀ ਦਿਸ਼ਾ ਵਿੱਚ ਅੱਗੇ ਕਦਮ ਵੱਧਦੇ ਹੋਏ ਪਲਵਲ ਵਿੱਚ ਸਕਿਲ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਹੈ। ਖੇਡ ਵਿਭਾਗ ਦੀ ਤੁਲਣਾ ਕਰਦੇ ਹੋਏ ਗੌਰਵ ਗੌਤਮ ਨੇ ਦਸਿਆ ਕਿ ਕਾਂਗਰਸ ਸਰਕਾਰ ਦੇ 10 ਸਾਲ (2004-2014) ਵਿੱਚ ਖਿਡਾਰੀਆਂ ਨੂੰ ਸਿਰਫ 38.45 ਕਰੋੜ ਰੁਪਏ ਕੈਸ਼ ਅਵਾਰਡ ਦਿੱਤੇ ਗਏ, ਜਦੋਂ ਕਿ ਮੌਜੂਦਾ ਸਰਕਾਰ ਨੇ 2014 ਤੋਂ 2024 ਤੱਕ 592.84 ਕਰੋੜ ਰੁਪਏ ਦਾ ਕੈਸ਼ ਅਵਾਰਡ ਖਿਡਾਰੀਆਂ ਨੂੰ ਦਿੱਤਾ ਹੈ। ਇਹ ਦਰਸ਼ਾਉਂਦਾ ਹੈ ਕਿ ਪ੍ਰਧਾਨ ਮੰਤਰੀ ਦੇ ਮਾਰਗਦਰਸ਼ਨ ਵਿੱਚ ਹਰਿਆਣਾ ਦੀ ਨਾਇਬ ਸੈਣੀ ਸਰਕਾਰ ਖਿਡਾਰੀਆਂ ਦੇ ਉਥਾਨ ਲਈ ਕਿੰਨ੍ਹੇ ਪ੍ਰਤੀਬੱਧ ਹਨ।